@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 31 December 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 31 ਦਸੰਬਰ 2024, 17 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 51, qpatrika@gmail.com ਫੋਨ : 9971359517 www.qaumipatrika.org

# ਕੇਜਰੀਵਾਲ ਨੇ ਭਾਜਪਾ 'ਤੇ ਲਗਾਇਆ ਵੋਟਰ ਸੂਚੀ 'ਚ ਛੇੜਛਾੜ ਕਰਨ ਦਾ ਦੋਸ਼

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 30 ਦਸੰਬਰ। ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਭਾਜਪਾ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਵਿੱਚ ਹੇਰਾਫੇਰੀ ਕਰਨ ਦਾ ਦੋਸ ਲਾਇਆ ਹੈ। ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਦਿੱਲੀ ਦੇ ਮੁੱਖ ਮੰਤਰੀ ਆਤਿਸੀ ਦੇ ਨਾਲ ਇੱਕ ਪ੍ਰੈਸ ਕਾਨਫਰੰਸ ਵਿੱਚ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਮਜਬੂਤ ਉਮੀਦਵਾਰ ਜਾਂ ਮੁੱਦਿਆਂ ਨੂੰ ਪੇਸ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ "ਅਣਉਚਿਤ ਢੰਗਾਂ" ਨਾਲ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ। ਕੇਜਰੀਵਾਲ ਨੇ ਕਿਹਾ, "ਭਾਜਪਾ ਪਹਿਲਾਂ ਹੀ ਚੋਣਾਂ ਹਾਰ ਚੁੱਕੀ ਹੈ। ਉਸ ਕੋਲ ਮੁੱਖ ਮੰਤਰੀ ਦੇ ਅਹੁਦੇ ਲਈ ਕੋਈ ਚਿਹਰਾ ਜਾਂ ਢੁਕਵਾਂ ਉਮੀਦਵਾਰ ਵੀ ਨਹੀਂ ਹੈ। ਉਸਦਾ ਉਦੇਸ ਸਿਰਫ ਹੇਰਾਫੇਰੀ ਨਾਲ ਜਿੱਤਣਾ ਹੈ ਪਰ ਅਸੀਂ ਉਸਨੂੰ ਕਾਮਯਾਬ ਨਹੀਂ ਹੋਣ ਦੇਵਾਂਗੇ।" ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਇਹ ਵੀ ਦੋਸ ਲਾਇਆ ਕਿ ਭਾਜਪਾ ਨੇ ਇਕੱਲੇ ਇਕ ਹਲਕੇ ਦੇ 11,000 ਵੋਟਰਾਂ ਦੇ ਨਾਂ ਮਿਟਾਉਣ ਲਈ ਅਰਜੀਆਂ ਦਿੱਤੀਆਂ ਸਨ



ਪਰ ਮੁੱਖ ਚੋਣ ਕਮਿਸਨਰ ਦੇ ਦਖਲ ਤੋਂ ਬਾਅਦ ਇਹ ਕਦਮ ਰੋਕ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਅਸੀਂ ਇਸ ਦਾ ਪਰਦਾਫਾਸ਼ ਕੀਤਾ ਅਤੇ ਸ਼ੁਕਰ ਹੈ ਕਿ ਇਸ ਨੂੰ ਰੋਕ ਦਿੱਤਾ ਗਿਆ। ਕੇਜਰੀਵਾਲ ਨੇ ਕਿਹਾ ਕਿ 15 ਦਸੰਬਰ ਨੂੰ ਵੱਡੇ ਪੈਮਾਨੇ 'ਤੇ ਮੁਹਿੰਮ ਸੁਰੂ ਕੀਤੀ ਗਈ, ਜਿਸ ਤਹਿਤ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਨਵੀਂ ਦਿੱਲੀ 'ਚ ਹੁਣ ਤੱਕ 5,000 ਵੋਟਰਾਂ ਦੇ ਨਾਂ ਮਿਟਾਉਣ ਅਤੇ 7,500 ਵੋਟਰਾਂ ਦੇ ਨਾਂ ਜੋੜਨ ਦੀਆਂ ਅਰਜੀਆਂ ਦਾਇਰ ਕੀਤੀਆਂ ਗਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਹਲਕੇ ਦੀਆਂ 12 ਫੀਸਦੀ ਵੋਟਾਂ ਬਦਲ ਸਕਦੀਆਂ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ 20 ਅਗਸਤ ਤੋਂ 20 ਅਕਤੂਬਰ ਤੱਕ ਕੀਤੀ ਗਈ ਸੰਖੇਪ ਸੁਧਾਈ ਤੋਂ ਬਾਅਦ 29 ਅਕਤੂਬਰ ਨੂੰ ਪ੍ਰਕਾਸ਼ਿਤ ਵੋਟਰ ਸੂਚੀ ਅਨੁਸਾਰ ਹਲਕੇ ਵਿੱਚ ਕੁੱਲ ਵੋਟਰਾਂ ਦੀ ਗਿਣਤੀ 106,873 ਹੈ। ਕੇਜਰੀਵਾਲ ਨੇ ਇਲਜਾਮ ਲਾਇਆ, "'ਅਪਰੇਸਨ ਲੋਟਸ' ਹੁਣ ਮੇਰੇ ਹਲਕੇ ਵਿੱਚ ਪਹੁੰਚ ਗਿਆ ਹੈ। ਉਹ ਚੋਣ ਨਤੀਜਿਆਂ ਨੂੰ ਬਦਲਣ ਲਈ ਵੋਟਰ ਸੂਚੀ ਵਿੱਚ ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀ ਹੇਰਾਫੇਰੀ ਲੋਕਤੰਤਰ ਨੂੰ ਕਮਜੋਰ ਕਰਦੀ ਹੈ। ਅਸੀਂ ਚੋਣ ਕਮਿਸ਼ਨ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਤਰ੍ਹਾਂ ਦੀਆਂ ਬੇਨਿਯਮੀਆਂ ਨੂੰ ਰੋਕਣ ਲਈ ਆਪਣੀ ਸਖਤ ਨਿਗਰਾਨੀ ਜਾਰੀ ਰੱਖਣ ਦੀ ਅਪੀਲ ਕਰਦੇ ਹਾਂ।" ਇਨ੍ਹਾਂ ਦੋਸਾਂ 'ਤੇ ਭਾਜਪਾ ਵੱਲੋਂ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

## ਵਿਤੁਲ ਕੁਮਾਰ ਸੰਭਾਲਣਗੇ ਸੀਆਰਪੀਐੱਫ ਜਨਰਲ ਡਾਇਰੈਕਟਰ ਦਾ ਅਹੁਦਾ

ਨਵੀਂ ਦਿੱਲੀ 30 ਦਸੰਬਰ। ਸੀਨੀਅਰ ਆਈਪੀਐੱਸ ਅਧਿਕਾਰੀ ਵਿਤੁਲ ਕੁਮਾਰ ਕੇਂਦਰੀ ਰਿਜਰਵ ਪੁਲਸ ਫੋਰਸ (ਸੀਆਰਪੀਐੱਫ) ਦੇ ਮੌਜੂਦਾ ਡਾਇਰੈਕਟਰ ਜਨਰਲ ਅਨੀਸ਼ ਦਿਆਲ ਸਿੰਘ ਮੰਗਲਵਾਰ ਨੂੰ ਸੇਵਾਮੁਕਤ ਹੋ ਰਹੇ ਹਨ। ਉੱਤਰ ਪ੍ਰਦੇਸ਼ ਕੈਡਰ ਦੇ 1993 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਮੌਜੂਦਾ ਸਮੇਂ ਸੀ.ਆਰ.ਪੀ.ਐੱਫ. ਦੇ ਵਿਸ਼ੇਸ਼ ਡਾਇਰੈਕਟਰ ਜਨਰਲ ਦੇ ਅਹੁਦੇ 'ਤੇ ਤਾਇਨਾਤ ਹਨ। ਕੇਂਦਰੀ ਗ੍ਰਹਿ ਮੰਤਰਾਲਾ ਵਲੋਂ ਜਾਰੀ ਇਕ ਆਦੇਸ਼ 'ਚ ਕਿਹਾ ਗਿਆ ਹੈ ਕਿ ਸਮਰੱਥ ਅਥਾਰਟੀ ਨੇ ਮਣੀਪੁਰ ਕੈਡਰ ਦੇ 1988 ਬੈਚ ਦੇ ਆਈਪੀਐੱਸ ਅਧਿਕਾਰੀ ਅਨੀਸ਼ ਦਿਆਲ ਸਿੰਘ ਦੇ 31 ਦਸੰਬਰ 2024 ਨੂੰ ਸੇਵਾਮੁਕਤ ਹੋਣ 'ਤੇ ਨਿਯਮਿਤ ਡਾਇਰੈਕਟਰ ਜਨਰਲ ਦੀ ਨਿਯੁਕਤੀ ਹੋਣ ਤੱਕ ਜਾਂ ਅਗਲੇ ਆਦੇਸ਼ ਤੱਕ, ਜੋ ਵੀ ਪਹਿਲੇ ਹੋਵੇ, ਸੀ.ਆਰ.ਪੀ.ਐੱਫ. ਦੇ ਡਾਇਰੈਕਟਰ ਜਨਰਲ ਦੇ ਅਹੁਦੇ ਦਾ ਕਾਰਜਕਾਰੀ ਚਾਰਜ ਵਿਤੁਲ ਕੁਮਾਰ ਨੂੰ ਸੌਂਪਣ ਦੀ ਮਨਜ਼ੂਰੀ ਦੇ ਦਿੱਤੀ ਹੈ।

## ਓਮ ਪ੍ਰਕਾਸ਼ ਰਾਜਭਰ ਦਾ ਅਜੀਬੋ-ਗਰੀਬ ਦਾਅਵਾ

ਬਲੀਆ 30 ਦਸੰਬਰ। ਉੱਤਰ ਪ੍ਰਦੇਸ ਦੇ ਪੰਚਾਇਤੀ ਰਾਜ ਮੰਤਰੀ ਤੇ ਸੁਹੇਲਦੇਵ ਭਾਰਤੀ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਓਮ ਪ੍ਰਕਾਸ ਰਾਜਭਰ ਆਪਣੇ ਬਿਆਨਾਂ ਕਾਰਨ ਅਕਸਰ ਹੀ ਸੁਰਖੀਆਂ 'ਚ ਰਹਿੰਦੇ ਹਨ। ਓਮ ਪ੍ਰਕਾਸ ਨੇ ਜ਼ਿਲੇ ਦੇ ਚਿਤਬੜਗਾਓਂ ਖੇਤਰ ਦੇ ਵਾਸੁਦੇਵਾ ਪਿੰਡ ਦੇ ਮੁੱਖ ਗੇਟ 'ਤੇ ਮਹਾਰਾਜਾ ਸੁਹੇਲਦੇਵ ਦੀ ਮੂਰਤੀ ਦੇ ਨਿਰਮਾਣ ਲਈ ਆਯੋਜਿਤ ਭੂਮੀ ਪੂਜਨ ਪਿੱਛੋਂ ਇਕ



ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਹਨੂੰਮਾਨ ਜੀ ਨੂੰ ਲੈ ਕੇ ਅਜੀਬੋ-ਗਰੀਬ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਹਨੂੰਮਾਨ ਜੀ ਦਾ ਜਨਮ ਰਾਜਭਰ ਜਾਤੀ 'ਚ ਹੋਇਆ ਸੀ। ਜਦੋਂ ਅਹਿਰਾਵਨ ਰਾਮ-ਲਕਸਮਣ ਜੀ ਨੂੰ ਪਤਾਲਪੁਰੀ ਲੈ ਕੇ ਗਏ ਸਨ ਤਾਂ ਕਿਸੇ ਦੀ ਹਿੰਮਤ ਨਹੀਂ ਸੀ ਕਿ ਉਨ੍ਹਾਂ ਨੂੰ ਪਤਾਲਪੁਰੀ ਤੋਂ ਬਾਹਰ ਲਿਜਾ ਸਕਣ। ਜੇ ਕਿਸੇ 'ਚ ਹਿੰਮਤ ਪਈ ਤਾਂ ਉਹ ਰਾਜਭਰ ਜਾਤੀ 'ਚ ਪੈਦਾ ਹੋਏ ਹਨੂੰਮਾਨ ਜੀ 'ਚ ਹੀ ਪਈ । ਓ.ਪੀ. ਰਾਜਭਰ ਨੇ ਕਾਂਗਰਸ ਤੇ ਸਮਾਜਵਾਦੀ ਪਾਰਟੀ ਦੇ ਅੰਬੇਡਕਰ ਪ੍ਰੇਮ 'ਤੇ ਜਵਾਬੀ ਹਮਲਾ ਕਰਦੇ ਹੋਏ ਕਿਹਾ ਕਿ 2012 ਤੋਂ ਪਹਿਲਾਂ ਸਮਾਜਵਾਦੀ ਪਾਰਟੀ ਅੰਬੇਡਕਰ ਜੀ ਦੇ ਨਾਂ ਤੋਂ ਇੰਨੀ ਚਿੜ ਗਈ ਸੀ ਕਿ ਉਸ ਦੇ ਆਗੂ ਸਟੇਜਾਂ 'ਤੇ ਆਖਦੇ ਹੁੰਦੇ ਸਨ ਕਿ ਸੱਤਾ 'ਚ ਆਉਣ 'ਤੇ ਉਹ ਲਖਨਊ 'ਚ ਬਣੇ ਅੰਬੇਡਕਰ ਪਾਰਕ ਨੂੰ ਢਾਹ ਕੇ ਉੱਥੇ ਟਾਇਲਟ ਬਣਾਉਣਗੇ।

## ਯੋਗੀ ਦੇ ਨਿਵਾਸ ਦੇ ਹੇਠਾਂ ਵੀ ਹੈ ਸ਼ਿਵਲਿੰਗ, ਉਥੇ ਵੀ ਖੋਦਾਈ ਹੋਵੇ : ਅਖਿਲੇਸ਼

ਲਖਨਊ 30 ਦਸੰਬਰ। ਉੱਤਰ ਪ੍ਰਦੇਸ਼ 'ਚ ਇਨ੍ਹੀਂ ਦਿਨੀਂ ਮੰਦਰ ਲੱਭਣ ਅਤੇ ਖੋਦਾਈ ਦਾ ਮਾਮਲਾ ਕਾਫੀ ਚਰਚਾ ਵਿਚ ਹੈ। ਸੰਭਲ ਤੋਂ ਬਾਅਦ ਕਈ ਥਾਵਾਂ 'ਤੇ ਨਵੇਂ-ਨਵੇਂ ਮੰਦਰ ਮਿਲ ਰਹੇ ਹਨ। ਸਮਾਜਵਾਦੀ ਪਾਰਟੀ ਦੇ ਕੌਮੀ ਪ੍ਰਧਾਨ ਅਖਿਲੇਸ਼ ਯਾਦਵ ਨੇ ਦਾਅਵਾ ਕੀਤਾ ਕਿ ਲਖਨਊ ਵਿਚ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਸਰਕਾਰੀ ਨਿਵਾਸ ਦੇ ਹੇਠਾਂ ਵੀ ਸ਼ਿਵਲਿੰਗ ਹੈ ਅਤੇ ਉਸ ਦੀ ਵੀ ਖੋਦਾਈ ਹੋਣੀ ਚਾਹੀਦੀ ਹੈ। ਅਖਿਲੇਸ਼ ਇਸ





ਤੋਂ ਪਹਿਲਾਂ ਵੀ ਸੰਭਵ ਵਿਚ ਹੋ ਰਹੀ ਖੋਦਾਈ ਨੂੰ ਲੈ ਕੇ ਨਿਸ਼ਾਨਾ ਲਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਜਾਣ-ਬੁੱਝ ਕੇ ਧਿਆਨ ਹਟਾਉਣ ਲਈ ਨਵੇਂ-ਨਵੇਂ ਤਰੀਕੇ ਅਪਣਾ ਰਹੀ ਹੈ। ਜਗ੍ਹਾ-ਜਗ੍ਹਾ ਖੋਦਾਈ ਹੋ ਰਹੀ ਹੈ। ਉਨ੍ਹਾਂ ਦੇ ਹੱਥ ਵਿਚ ਵਿਕਾਸ ਦੀ ਨਹੀਂ, ਵਿਨਾਸ਼ ਦੀ ਰੇਖਾ ਹੈ। ਅਖਿਲੇਸ਼ ਯਾਦਵ ਨੇ ਕਿਹਾ ਕਿ ਮਹਾਕੁੰਭ ਲਈ ਸੱਦਾ ਪੱਤਰ ਨਹੀਂ ਦਿੱਤੇ ਜਾਂਦੇ। ਕੁੰਭ ਵਿਚ ਲੋਕ ਖੁਦ ਆਉਂਦੇ ਹਨ। ਅਸੀਂ ਆਪਣੇ ਧਰਮ ਵਿਚ ਇਹੀ ਸਿੱਖਿਆ ਹੈ। ਜਿਹੜੇ ਕਰੋੜਾਂ ਲੋਕ ਆਉਂਦੇ ਹਨ, ਕੀ ਉਨ੍ਹਾਂ ਨੂੰ ਸੱਦਾ ਪੱਤਰ ਦਿੱਤਾ ਜਾਂਦਾ ਹੈ?

# ਡੱਲੇਵਾਲ ਦੀ ਭੁੱਖ ਹੜਤਾਲ 35ਵੇਂ ਦਿਨ ਵੀ ਜਾਰੀ

**ਏਜੰਸੀਆਂ**

ਨਵੀਂ ਦਿੱਲੀ 30 ਦਸੰਬਰ। ਜਗਜੀਤ ਸਿੰਘ ਡੱਲੇਵਾਲ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸੋਮਵਾਰ ਨੂੰ 35ਵੇਂ ਦਿਨ ਵੀ ਜਾਰੀ ਰਹੀ। ਇਸ ਵਿਚ ਸੁਪਰੀਮ ਕੋਰਟ 31 ਦਸੰਬਰ ਨੂੰ ਪੰਜਾਬ ਸਰਕਾਰ ਵੱਲੋਂ ਬੀਮਾਰ ਕਿਸਾਨ ਆਗੂ ਦੇ ਇਲਾਜ ਲਈ ਚੁੱਕੇ ਗਏ ਕਦਮਾਂ ਦੀ ਸਮੀਖਿਆ ਕਰੇਗੀ। ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਇਕ ਟੀਮ ਨੇ 29 ਦਸੰਬਰ ਨੂੰ 70 ਸਾਲਾ ਕਿਸਾਨ ਆਗੂ ਨੂੰ ਇਲਾਜ ਕਰਵਾਉਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਨੂੰ ਪ੍ਰਦਰਸਨ ਸਥਾਨ ਤੋਂ ਹਟਾਉਣ ਲਈ ਤਾਕਤ ਦੀ ਵਰਤੋਂ ਕੀਤੀ ਜਾਵੇਗੀ। ਕਿਸਾਨ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ ਕਈ ਮੰਗਾਂ ਨੂੰ ਲੈ ਕੇ ਕੇਂਦਰ 'ਤੇ ਦਬਾਅ ਬਣਾਉਣ ਲਈ ਪੰਜਾਬ-ਹਰਿਆਣਾ ਸਰਹੱਦ 'ਤੇ ਖਨੌਰੀ 'ਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਇਕ ਉੱਚ ਪੱਧਰੀ ਟੀਮ ਨੇ ਡੱਲੇਵਾਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਉਹ ਭੁੱਖ ਹੜਤਾਲ ਜਾਰੀ ਰਹਿਣ ਦੇ ਬਾਵਜੂਦ ਇਲਾਜ ਸਵੀਕਾਰ ਕਰਨ। ਜੱਜ ਸੂਰੀਆਕਾਂਤ ਅਤੇ ਜੱਜ ਸੁਧਾਂਸ਼ੂ ਧੂਲੀਆ ਦੀ ਛੁੱਟੀ ਵਾਲੀ ਬੈਂਚ 31 ਦਸੰਬਰ ਨੂੰ ਸਵੇਰੇ ਕਰੀਬ 11 ਵਜੇ ਮਾਮਲੇ ਦੀ ਡਿਜੀਟਲ ਮਾਧਿਅਮ ਨਾਲ ਸੁਣਵਾਈ ਕਰੇਗੀ। ਸੁਪਰੀਮ ਕੋਰਟ 'ਚ 21 ਦਸੰਬਰ ਤੋਂ ਸਰਦੀਆਂ ਦੀਆਂ ਛੁੱਟੀਆਂ ਹਨ ਅਤੇ 2 ਜਨਵਰੀ 2025 ਨੂੰ ਸੁਣਵਾਈ ਮੁੜ ਤੋਂ ਸ਼ੁਰੂ ਹੋਵੇਗੀ। ਅਦਾਲਤ ਨੇ 28 ਦਸੰਬਰ ਨੂੰ ਡੱਲੇਵਾਲ ਨੂੰ ਹਸਪਤਾਲ ਨਾ ਲਿਜਾਉਣ ਲਈ ਪੰਜਾਬ ਸਰਕਾਰ ਨੂੰ ਸਖਤ ਫਟਕਾਰ ਲਗਾਈ ਸੀ ਅਤੇ ਆਪਣੇ ਬੀਮਾਰ ਆਗੂ ਨੂੰ ਇਲਾਜ ਉਪਲੱਬਧ ਕਰਵਾਉਣ ਦਾ ਵਿਰੋਧ ਕਰਨ ਵਾਲੇ ਅੰਦੋਲਨਕਾਰੀ ਕਿਸਾਨਾਂ ਦੀ ਮੰਸ਼ਾ 'ਤੇ ਸ਼ੱਕ ਜਤਾਇਆ ਸੀ। ਅਦਾਲਤ ਨੇ ਹਾਲਾਂਕਿ ਸੂਬਾ ਸਰਕਾਰ ਨੂੰ ਡੱਲੇਵਾਲ ਨੂੰ ਹਸਪਤਾਲ ਲਿਜਾਉਣ ਲਈ ਮਨਾਉਣ ਲਈ 31 ਦਸੰਬਰ ਤੱਕ ਦਾ ਸਮਾਂ ਦਿੱਤਾ ਹੈ।



## ਧੀਆਂ ਨੂੰ ਕੈਂਸਰ ਤੋਂ ਬਚਾਏਗੀ ਸਰਕਾਰ, ਮੁੱਖ ਮੰਤਰੀ ਦੇ ਨਿਰਦੇਸਾਂ 'ਤੇ ਯੋਜਨਾ ਦਾ ਪ੍ਰਸਤਾਵ ਤਿਆਰ

ਰਾਂਚੀ 30 ਦਸੰਬਰ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਸਰਕਾਰ ਸੂਬੇ ਦੀਆਂ ਕੁੜੀਆਂ ਅਤੇ ਔਰਤਾਂ ਨੂੰ ਕੈਂਸਰ ਤੋਂ ਬਚਾਉਣ ਲਈ ਇਕ ਨਵੀਂ ਪਹਿਲ ਸੁਰੂ ਕਰਨ ਜਾ ਰਹੀ ਹੈ। ਇਸ ਤਹਿਤ 9 ਤੋਂ 25 ਸਾਲ ਤੱਕ ਦੀਆਂ ਲੜਕੀਆਂ ਨੂੰ ਸਰਵਾਈਕਲ ਕੈਂਸਰ (ਬੱਚੇਦਾਨੀ ਦੇ ਮੂੰਹ ਦੇ ਕੈਂਸਰ) ਅਤੇ ਹੋਰ ਕਿਸਮ ਦੇ ਕੈਂਸਰ ਤੋਂ ਬਚਾਅ ਲਈ ਹਿਊਮਨ ਪੈਪੀਲੋਮਾ ਵਾਇਰਸ (ਐਚ.ਪੀ.ਵੀ.) ਵੈਕਸੀਨ



ਮੁਫਤ ਦਿੱਤੀ ਜਾਵੇਗੀ। ਮੁੱਖ ਮੰਤਰੀ ਸੋਰੇਨ ਦੇ ਨਿਰਦੇਸਾਂ 'ਤੇ ਸਿਹਤ ਵਿਭਾਗ ਇਸ ਯੋਜਨਾ ਲਈ ਪ੍ਰਸਤਾਵ ਤਿਆਰ ਕਰ ਰਿਹਾ ਹੈ, ਜਿਸ ਨੂੰ ਮਨਜ਼ੂਰੀ ਲਈ ਮੰਤਰੀ ਮੰਡਲ ਨੂੰ ਭੇਜਿਆ ਜਾਵੇਗਾ। ਇਹ ਸਕੀਮ ਸੂਬੇ ਵਿਚ ਕੁੜੀਆਂ ਨੂੰ ਕੈਂਸਰ ਤੋਂ ਬਚਾਉਣ ਲਈ ਇਕ ਮਹੱਤਵਪੂਰਨ ਕਦਮ ਹੈ ਕਿਉਂਕਿ 9 ਤੋਂ 14 ਸਾਲ ਦੀ ਉਮਰ ਵਰਗ ਵਿਚ 6 ਤੋਂ 12 ਮਹੀਨਿਆਂ ਦੇ ਅੰਤਰਾਲ 'ਤੇ ਦੋ ਖੁਰਾਕਾਂ ਵਿਚ ਵੈਕਸੀਨ ਦਿੱਤੀ ਜਾਂਦੀ ਹੈ, ਜਦਕਿ 15 ਤੋਂ 25 ਸਾਲ ਦੀ ਉਮਰ ਵਰਗ ਵਿਚ ਇਹ ਤਿੰਨ ਖੁਰਾਕਾਂ ਵਿਚ ਦਿੱਤਾ ਜਾਂਦਾ ਹੈ।

# ਪਟਨਾ 'ਚ ਮੁੱਖ ਮੰਤਰੀ ਦੇ ਨਿਵਾਸ ਵੱਲ ਜਾ ਰਹੇ ਵਿਦਿਆਰਥੀਆਂ 'ਤੇ ਲਾਠੀਚਾਰਜ

**ਨਵਦੀਪ ਸਿੰਘ ਸਾਹਨੀ**

ਪਟਨਾ 30 ਦਸੰਬਰ। ਬਿਹਾਰ ਪਬਲਿਕ ਸਰਵਿਸ ਕਮਿਸਨ ( ) ਵਿਰੁੱਧ ਵਿਦਿਆਰਥੀਆਂ ਦਾ ਪ੍ਰਦਰਸਨ ਜਾਰੀ ਹੈ। ਐਤਵਾਰ ਸਾਮ ਪ੍ਰਦਰਸਨਕਾਰੀ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਨਿਵਾਸ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ। ਪ੍ਰਦਰਸਨਕਾਰੀ ਵਿਦਿਆਰਥੀਆਂ ਨੂੰ ਮੁੱਖ ਮੰਤਰੀ ਨਿਵਾਸ ਤੱਕ ਪਹੁੰਚਣ ਤੋਂ ਰੋਕਣ ਲਈ ਪੁਲਸ ਨੇ ਸੜਕ 'ਤੇ ਬੈਰੀਕੇਡ ਲਾ ਦਿੱਤੇ। ਪ੍ਰਸਾਂਤ ਕਿਸੋਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਇਕ ਬੈਰੀਕੇਡ ਤੋੜ ਕੇ ਮੁੱਖ ਮੰਤਰੀ ਦੀ ਰਿਹਾਇਸ ਵੱਲ ਵਧਣਾ ਸ਼ੁਰੂ ਕੀਤਾ ਪਰ ਦੂਜੇ ਬੈਰੀਕੇਡ ਤੋਂ ਪਹਿਲਾਂ ਹੀ ਪੁਲਸ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਪੁਲਸ ਨੇ ਪ੍ਰਦਰਸਨ ਕਰ ਰਹੇ ਵਿਦਿਆਰਥੀਆਂ 'ਤੇ ਲਾਠੀਚਾਰਜ ਵੀ ਕੀਤਾ। ਇਹ ਪ੍ਰਦਰਸਨ ਬਿਹਾਰ ਲੋਕ ਸੇਵਾ ਕਮਿਸਨ ਦੀ 70ਵੀਂ ਮੁੱਢਲੀ ਪ੍ਰੀਖਿਆ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਕੀਤਾ ਗਿਆ। 'ਜਨ ਸੁਰਾਜ' ਦੇ ਸੰਸਥਾਪਕ ਪ੍ਰਸਾਂਤ ਕਿਸੋਰ ਨੇ ਕਿਹਾ ਕਿ ਇੱਥੇ ਸਰਕਾਰੀ ਪ੍ਰਸਾਸਨਿਕ ਅਧਿਕਾਰੀ ਮੌਜੂਦ ਸਨ। ਉਨ੍ਹਾਂ ਸਾਡੇ ਸਾਥੀਆਂ ਨਾਲ ਗੱਲਬਾਤ ਕੀਤੀ ਤੇ ਭਰੋਸਾ ਦਿੱਤਾ ਕਿ ਸਰਕਾਰ ਉਮੀਦਵਾਰਾਂ ਦੀਆਂ ਮੰਗਾਂ 'ਤੇ ਵਿਚਾਰ ਕਰਨ ਲਈ ਤਿਆਰ ਹੈ। ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਪੁਲਸ ਨੇ ਬੀਪੀਐੱਸਸੀ ਉਮੀਦਵਾਰਾਂ 'ਤੇ ਲਾਠੀਚਾਰਜ ਕੀਤਾ ਅਤੇ



ਉਨ੍ਹਾਂ ਨੂੰ ਜੇਪੀ ਗੋਲੰਬਰ ਤੋਂ ਹਟਾ ਦਿੱਤਾ ਗਿਆ ਹੈ। ਉਹ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਰੋਸ ਪ੍ਰਦਰਸਨ ਕਰ ਰਹੇ ਸਨ। ਅੱਜ ਉਹ ਨਿਤੀਸ ਕੁਮਾਰ ਸਰਕਾਰ ਨਾਲ ਗੱਲਬਾਤ ਕਰਨ ਦੇ ਇਰਾਦੇ ਨਾਲ ਗਾਂਧੀ ਮੈਦਾਨ ਤੋਂ ਬਾਹਰ ਆਏ ਸਨ ਪਰ ਵਿਚਕਾਰ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਉਮੀਦਵਾਰ ਰੁਕੇ ਨਹੀਂ ਅਤੇ ਬੈਰੀਕੇਡ ਤੋੜਦੇ ਹੋਏ ਅੱਗੇ ਵਧਦੇ ਰਹੇ। ਜਦੋਂ ਉਹ ਆਖਰਕਾਰ ਜੇਪੀ ਗੋਲੰਬਰ ਪਹੁੰਚੇ ਤਾਂ ਪੁਲਸ ਨੇ ਉਨ੍ਹਾਂ 'ਤੇ ਵਾਟਰ ਕੈਨਨ ਦੀ ਵਰਤੋਂ ਕੀਤੀ। ਜੇਪੀ ਗੋਲੰਬਰ ਤੋਂ ਸਾਹਮਣੇ ਆਈਆਂ ਵੀਡੀਓਜ 'ਚ ਦੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਉਮੀਦਵਾਰਾਂ 'ਤੇ ਪਾਣੀ ਦੀਆਂ ਬੋਛਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਕੜਾਕੇ ਦੀ ਠੰਢ ਵਿੱਚ ਉਹ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਰੋਸ ਪ੍ਰਦਰਸਨ ਕਰ ਰਹੇ ਸਨ। ਉਮੀਦਵਾਰਾਂ ਦੇ ਹੱਥਾਂ ਵਿੱਚ ਤਿਰੰਗਾ ਦੇਖਿਆ ਜਾ ਸਕਦਾ ਹੈ। ਇਸ ਦੌਰਾਨ ਪੁਲਸ ਨੇ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਅਤੇ ਫਿਰ ਉਨ੍ਹਾਂ ਦਾ ਕਾਫੀ ਦੂਰ ਤੱਕ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਸੜਕ ਤੋਂ ਖਾਲੀ ਕਰਵਾ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਪੁਲਸ ਦੇ ਲਾਠੀਚਾਰਜ 'ਚ ਕਈ ਉਮੀਦਵਾਰ ਜਖਮੀ ਹੋ ਗਏ ਹਨ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਪਟਨਾ ਸੈਂਟਰਲ ਦੀ ਐੱਸਪੀ ਸਵੀਟੀ ਸਹਿਰਾਵਤ ਨੇ ਕਿਹਾ, "ਇੱਥੇ ਕੋਈ ਲਾਠੀਚਾਰਜ ਨਹੀਂ ਹੋਇਆ, ਉਨ੍ਹਾਂ (ਉਮੀਦਵਾਰਾਂ) ਨੂੰ ਵਾਰ-ਵਾਰ ਇੱਥੋਂ ਚਲੇ ਜਾਣ ਲਈ ਕਿਹਾ ਗਿਆ

## ਕ੍ਰਿਕਟ ਖੇਡਦੇ ਸਮੇਂ 30 ਸਾਲਾ ਨੌਜਵਾਨ ਨੂੰ ਪਿਆ ਦਿਲ ਦਾ ਦੌਰਾ

ਪਾਲਘਰ 30 ਦਸੰਬਰ। ਮੁੰਬਈ ਦੇ ਨੇੜੇ ਪਾਲਘਰ ਜ਼ਿਲ੍ਹੇ ਦੇ 30 ਸਾਲਾ ਇਕ ਵਿਅਕਤੀ ਦੀ ਸੋਮਵਾਰ ਨੂੰ ਮਹਾਰਾਸ਼ਟਰ ਦੇ ਜਲਾਨਾ 'ਚ ਕ੍ਰਿਕਟ ਖੇਡਦੇ ਸਮੇਂ ਮੌਤ ਹੋ ਗਈ। ਇਕ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਨਾਲਾਸੋਪਾਰਾ ਵਾਸੀ ਵਿਜੇ ਪਟੇਲ ਵਜੋਂ ਹੋਈ ਹੈ। ਅਧਿਕਾਰੀ ਨੇ ਕਿਹਾ,"ਕ੍ਰਿਸਮਿਸ ਟ੍ਰਾਫੀ ਟੂਰਨਾਮੈਂਟ ਦੇ ਅਧੀਨ ਮੈਚ ਖੇਡਦੇ ਸਮੇਂ ਰਾਤ ਕਰੀਬ 11.30 ਵਜੇ ਉਹ ਡਿੱਗ ਗਿਆ। ਸ਼ੱਕ ਹੈ ਕਿ ਉਸ ਨੂੰ ਦਿਲ ਦਾ ਦੌਰਾ ਪਿਆ। ਸੀ.ਪੀ.ਆਰ. (ਕਾਰਡੀਓਪਲਮੋਨਰੀ ਰਿਸਸਿਟੇਸ਼ਨ) ਰਾਹੀਂ ਉਸ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਅਸੀਂ ਪੋਸਟਮਾਰਟਮ ਰਿਪੋਰਟ ਦਾ ਇੰਤਜਾਰ ਕਰ ਰਹੇ ਹਾਂ।" ਇਹ ਪਹਿਲਾ ਅਜਿਹਾ ਮਾਮਲਾ ਨਹੀਂ ਹੈ, ਜਦੋਂ ਕਿਸੇ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਈ ਹੋਵੇ। ਇਸ ਮਹੀਨੇ ਦੀ ਸ਼ੁਰੂਆਤ 'ਚ ਮੁੰਬਈ 'ਚ ਇਕ 31 ਸਾਲਾ ਤਕਨੀਕੀ ਮਾਹਿਰ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ, ਜਦੋਂ ਉਹ ਆਜਾਦ ਮੈਦਾਨ 'ਚ ਕ੍ਰਿਕਟ ਖੇਡ ਰਿਹਾ ਸੀ। ਰਿਪੋਰਟ ਅਨੁਸਾਰ ਪੀੜਤ ਨੇ ਛਾਤੀ 'ਚ ਦਰਦ ਹੋਣ ਦੇ ਬਾਵਜੂਦ ਖੇਡਣਾ ਜਾਰੀ ਰੱਖਿਆ ਅਤੇ ਰਨ ਲੈਂਦੇ ਸਮੇਂ ਡਿੱਗ ਗਿਆ।

## ਨਾਰਕੋ ਐਕਟ ਦੇ ਅਧੀਨ ਇਕ ਕਰੋੜ ਰੁਪਏ ਦੀ ਜਾਇਦਾਦ ਜਬਤ

ਸ੍ਰੀਨਗਰ 30 ਦਸੰਬਰ। ਜੰਮੂ-ਕਸਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਪੁਲਸ ਨੇ ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ (ਐੱਨ.ਡੀ.ਪੀ.ਐੱਸ.) ਐਕਟ ਦੀਆਂ ਧਾਰਾਵਾਂ ਤਹਿਤ 1 ਕਰੋੜ ਰੁਪਏ ਦੀ ਜਾਇਦਾਦ ਜਬਤ ਕੀਤੀ ਹੈ। ਪੁਲਸ ਨੇ ਸੋਮਵਾਰ ਨੂੰ ਦੱਸਿਆ ਕਿ ਅਨੰਤਨਾਗ ਪੁਲਸ ਨੇ ਨਸੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਨਾਲ ਨਜਿੱਠਣ ਅਤੇ ਅਪਰਾਧੀਆਂ ਨਾਲ ਨਜਿੱਠਣ ਅਤੇ ਅਪਰਾਧੀਆਂ ਨੂੰ ਰੋਕਣ ਲਈ ਐੱਨ.ਡੀ.ਪੀ.ਐੱਸ. ਐਕਟ ਦੇ ਅਧੀਨ ਇਕ ਕਰੋੜ ਰੁਪਏ ਦੀ ਜਾਇਦਾਦ ਜਬਤ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਸ੍ਰੀਗੁਫਵਾਰਾ ਦੇ ਨੌਸ਼ਹਿਰਾ ਵਾਸੀ ਬਿਲਾਲ ਅਹਿਮਦ ਰਾਠੇਰ ਦਾ ਇਕ ਮੰਜ਼ਿਲਾ ਰਿਹਾਇਸ਼ੀ ਘਰ ਅਤੇ 20 ਲੱਖ ਰੁਪਏ ਮੁੱਲ ਦੀ ਇਕ ਕਨਾਲ ਜਮੀਨ ਜਬਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ, ਨਸ਼ੀਲੀਆਂ ਦਵਾਈਆਂ ਦੇ ਖਤਰੇ ਨੂੰ ਰੋਕਣਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਖਤਮ ਕਰਨਾ ਹੈ। ਬਿਲਾਲ ਖ਼ਿਲਾਫ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ, ਜੋ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨਾਲ ਜੁੜਿਆ ਹੈ।

## ਪੰਜਾਬ ਬੰਦ: ਬੱਸਾਂ ਦੀ ਆਵਾਜਾਈ ਠੱਪ, ਯਾਤਰੀ ਦੀ ਵਧੀ ਪਰੇਸ਼ਾਨੀ

ਅੰਬਾਲਾ 30 ਦਸੰਬਰ। ਕਿਸਾਨਾਂ ਵਲੋਂ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਹੈ। ਜਿਸ ਕਾਰਨ ਪੰਜਾਬ ਜਾਣ ਵਾਲੇ ਯਾਤਰੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਬਾਲਾ ਛਾਉਣੀ ਬੱਸ ਸਟੈਂਡ 'ਤੇ ਪੰਜਾਬ ਵੱਲ ਜਾਣ ਵਾਲੇ ਯਾਤਰੀਆਂ ਦੀ ਕਾਫੀ ਭੀੜ ਵੇਖੀ ਜਾ ਰਹੀ ਹੈ। ਕਿਸਾਨਾਂ ਵਲੋਂ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਪੰਜਾਬ ਬੰਦ ਕਰਨ ਦੀ ਕਾਲ ਦਿੱਤੀ ਗਈ ਹੈ। ਇਸ ਤੋਂ ਯਾਤਰੀਆਂ ਨੂੰ ਕਾਫੀ ਪਰੇਸ਼ਾਨੀ ਹੋ ਰਹੀ ਹੈ। ਸਵੇਰ ਤੋਂ ਯਾਤਰੀ ਬੱਸ ਸਟੈਂਡ 'ਤੇ ਬੱਸਾਂ ਦੀ ਉਡੀਕ ਕਰਦੇ ਨਜਰ ਆ ਰਹੇ ਹਨ। ਕੱਲ ਪੁਲਸ ਵਲੋਂ ਰੂਟ ਡਾਇਵਰਟ ਪਲਾਨ ਵੀ ਜਾਰੀ ਕੀਤਾ ਗਿਆ ਸੀ, ਜਿਸ ਤੋਂ ਯਾਤਰੀਆਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਨਾ ਹੋਵੇ। ਯਾਤਰੀਆਂ ਨੇ ਦੱਸਿਆ ਕਿ ਉਹ ਬਿਹਾਰ ਤੋਂ ਆਏ ਹਨ, ਉਨ੍ਹਾਂ ਨੂੰ ਨਹੀਂ ਪਤਾ ਕਿ ਅੱਜ ਪੰਜਾਬ ਬੰਦ ਹੈ ਜੇਕਰ ਉਨ੍ਹਾਂ ਨੂੰ ਪਤਾ ਹੁੰਦਾ ਤਾਂ ਉਹ ਇੱਥੇ ਆਉਂਦੇ ਹੀ ਨਾ। ਉਹ ਸਵੇਰੇ 5 ਵਜੇ ਤੋਂ ਬੱਸ ਦੀ ਉਡੀਕ ਕਰ ਰਹੇ ਹਨ। ਉੱਥੇ ਹੀ ਬੱਸ ਸਟੈਂਡ 'ਤੇ ਉਡੀਕ ਕਰ ਰਹੇ ਵਿਦਿਆਰਥੀਆਂ ਨੇ ਦੱਸਿਆ ਕਿ ਉਹ ਲਖਨਊ ਤੋਂ ਆਏ ਹਨ। ਉਨ੍ਹਾਂ ਨੂੰ ਮਨਾਲੀ ਘੁੰਮਣ ਜਾਣਾ ਸੀ। ਉਨ੍ਹਾਂ ਦੀ ਟਰੇਨ ਚੰਡੀਗੜ੍ਹ ਦੀ ਸੀ ਅਤੇ ਉਹ ਕੈਂਸਲ ਹੋ ਗਈ। ਬੱਸ ਸਟੈਂਡ ਆ ਕੇ ਵੇਖਿਆ ਤਾਂ ਇੱਥੇ ਬੱਸਾਂ ਵੀ ਨਹੀਂ ਚੱਲ ਰਹੀਆਂ। ਇਸ ਬਾਰੇ ਜਦੋਂ ਅੰਬਾਲਾ ਛਾਉਣੀ ਬੱਸ ਅੱਡਾ ਇੰਚਾਰਜ ਵਜਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਅੱਜ ਪੰਜਾਬ ਬੰਦ ਦੇ



ਚੱਲਦੇ ਬੱਸਾਂ ਦੀ ਆਵਾਜਾਈ ਬੰਦ ਹੈ। ਦਿੱਲੀ-ਪਾਨੀਪਤ ਜਾਣ ਵਾਲੇ ਯਾਤਰੀਆਂ ਨੂੰ ਅੰਬਾਲਾ ਬੱਸ ਸਟੈਂਡ 'ਤੇ ਹੀ ਉਤਾਰਿਆ ਜਾ ਰਿਹਾ ਹੈ। ਯਾਤਰੀਆਂ ਦੇ ਬੰਦੋਬਸਤ ਲਈ ਅੰਬਾਲਾ ਛਾਉਣੀ ਵਿਚ ਰੈਨ ਬਸੇਰਾ ਹੈ, ਜੇਕਰ ਲੋੜ ਪਈ ਤਾਂ ਯਾਤਰੀਆਂ ਨੂੰ ਉਥੇ ਰੁਕਵਾ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਕਿਸਾਨੀ ਮੰਗਾਂ ਨੂੰ ਮਨਵਾਉਣ ਲਈ ਕਿਸਾਨਾਂ ਵਲੋਂ ਅੱਜ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਹੈ

# 'ਕਰੋੜਪਤੀ ਸਾਬਕਾ ਕਾਂਸਟੇਬਲ', ਕਈ ਏਜੰਸੀਆਂ ਦੇ ਛਾਪੇ

**ਤੇਜਿੰਦਰ ਕੌਰ ਬੱਬਰ**

ਜਲੰਧਰ/ਭੋਪਾਲ 30 ਦਸੰਬਰ। ਮੱਧ ਪ੍ਰਦੇਸ ਟਰਾਂਸਪੋਰਟ ਵਿਭਾਗ ਦੇ ਇਕ ਸਾਬਕਾ ਕਾਂਸਟੇਬਲ ਅਤੇ ਉਸ ਨਾਲ ਜੁੜੇ ਕੰਪਲੈਕਸਾਂ ਤੋਂ ਕਈ ਏਜੰਸੀਆਂ ਵੱਲੋਂ ਜਬਤ ਕੀਤੀ ਗਈ ਕਰੋੜਾਂ ਦੀ ਨਕਦੀ ਅਤੇ ਸੋਨਾ-ਚਾਂਦੀ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਕੀਮਤੀ ਵਸਤਾਂ 'ਚ ਕਰੀਬ 14 ਕਰੋੜ ਰੁਪਏ ਨਕਦ, 40 ਕਰੋੜ ਰੁਪਏ ਤੋਂ ਵੱਧ ਦਾ ਸੋਨਾ, ਕਰੀਬ 2 ਕਰੋੜ ਰੁਪਏ ਦੀ ਚਾਂਦੀ, ਰੀਅਲ ਅਸਟੇਟ ਨਿਵੇਸ ਦੇ ਕਈ ਦਸਤਾਵੇਜ ਅਤੇ ਕਈ ਕ੍ਰੈਡਿਟ ਕਾਰਡ ਸਾਮਲ ਹਨ। ਦੱਸਿਆ ਜਾ ਰਿਹਾ ਹੈ ਕਿ ਮੁਲਜਮ ਕਰੋੜਪਤੀ ਕਾਂਸਟੇਬਲ ਸੌਰਭ ਸਰਮਾ, ਉਸ ਦੀ ਪਤਨੀ, ਮਾਂ ਅਤੇ ਸਾਥੀਆਂ ਗੌੜ ਅਤੇ ਜੈਸਵਾਲ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕੀਤੇ ਗਏ ਹਨ। ਉਸ ਦੇ ਖਿਲਾਫ ਲੁੱਕਆਊਟ ਸਰਕੂਲਰ ਵੀ ਜਾਰੀ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਮੰਨਿਆ ਜਾ ਰਿਹਾ ਹੈ ਕਿ ਸਰਮਾ ਦੇਸ ਛੱਡ ਕੇ ਭੱਜ ਗਿਆ ਹੈ ਅਤੇ ਫਿਲਹਾਲ ਦੁਬਈ 'ਚ ਹੋ ਸਕਦਾ ਹੈ। ਲੋਕਾਯੁਕਤ ਸੂਤਰਾਂ ਨੇ ਖੁਲਾਸਾ ਕੀਤਾ ਹੈ ਕਿ ਸੌਰਭ ਸਰਮਾ ਨੇ ਕਥਿਤ ਵੱਧ ਰਿਟਰਨ ਕਾਰਨ ਨਕਦੀ ਦੀ ਬਜਾਏ ਸੋਨੇ ਅਤੇ ਚਾਂਦੀ ਵਿਚ ਨਿਵੇਸ ਕਰਨ ਨੂੰ ਤਰਜੀਹ ਦਿੱਤੀ। ਸਰਮਾ ਦੀ ਰਿਹਾਇਸ ਅਤੇ ਦਫਤਰ ਤੋਂ ਜਬਤ ਕੀਤੇ ਗਏ ਦਸਤਾਵੇਜਾਂ ਤੋਂ ਕਰੋੜਾਂ ਰੁਪਏ ਦੇ ਲੈਣ-ਦੇਣ ਦਾ ਖੁਲਾਸਾ ਹੋਇਆ ਹੈ। ਹਾਲਾਂਕਿ ਸਰਮਾ ਨੂੰ ਸਮੇਂ ਦੇ ਨਾਲ ਵੱਡੀ ਮਾਤਰਾ ਵਿਚ ਨਕਦੀ ਦੀ ਸੰਭਾਵਿਤ ਗਿਰਾਵਟ ਬਾਰੇ ਚਿੰਤਾ ਹੋ ਸਕਦੀ ਸੀ, ਜਿਸ ਕਾਰਨ





ਉਸ ਨੇ ਕੀਮਤੀ ਵਸਤਾਂ ਨੂੰ ਤਰਜੀਹ ਦਿੱਤੀ। ਆਪਣੀ ਨਿਯੁਕਤੀ ਨੂੰ ਸੁਰੱਖਿਅਤ ਬਣਾਉਣ ਲਈ ਸ਼ਰਮਾ ਵੱਲੋਂ ਪੇਸ ਕੀਤਾ ਗਿਆ ਕਥਿਤ ਤੌਰ 'ਤੇ ਝੂਠਾ ਹਲਫਨਾਮਾ ਸੋਸਲ ਮੀਡੀਆ 'ਤੇ ਸਾਹਮਣੇ ਆਇਆ ਹੈ, ਜਿਸ ਨਾਲ ਹੋਰ ਵਿਵਾਦ ਖੜ੍ਹਾ ਹੋ ਗਿਆ। ਹਲਫਨਾਮੇ 'ਚ ਸਰਮਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪਿਤਾ ਦੇ ਕਿਸੇ ਵੀ ਆਸ਼ਰਿਤ ਪਰਿਵਾਰ ਦੇ ਮੈਂਬਰ ਸਰਕਾਰੀ ਜਾਂ ਅਰਧ-ਸਰਕਾਰੀ ਅਹੁਦਿਆਂ 'ਤੇ ਨਹੀਂ ਹਨ। ਹਾਲਾਂਕਿ ਰਿਕਾਰਡ ਦੱਸਦੇ ਹਨ ਕਿ ਉਨ੍ਹਾਂ ਦਾ ਵੱਡਾ ਭਰਾ ਸਚਿਨ ਸਰਮਾ ਉਸ ਸਮੇਂ ਛੱਤੀਸਗੜ੍ਹ 'ਚ ਤਾਇਨਾਤ ਸੀ, ਜਿਸ ਦੀ ਚੋਣ ਪਬਲਿਕ ਸਰਵਿਸ ਕਮਿਸਨ ਰਾਹੀਂ ਹੋਈ ਸੀ। ਲੋਕਾਯੁਕਤ ਪੁਲਸ ਨੇ ਕਿਹਾ ਹੈ ਕਿ ਉਹ ਵਾਇਰਲ ਹਲਫਨਾਮੇ ਦੀ ਜਾਂਚ ਕਰ ਰਹੀ ਹੈ ਅਤੇ ਉਸ ਅਨੁਸਾਰ ਕਾਰਵਾਈ ਕਰ ਸਕਦੀ ਹੈ। ਇਸ ਮਾਮਲੇ ਨੇ ਸਿਆਸੀ ਵਿਵਾਦ ਨੂੰ ਵੀ ਜਨਮ ਦਿੱਤਾ ਹੈ, ਜਿਸ 'ਚ ਵਿਰੋਧੀ ਪਾਰਟੀਆਂ ਨੇ ਭ੍ਰਿਸਟਾਚਾਰ ਦੇ ਦੋਸ ਲਾਏ ਹਨ। ਕਾਂਗਰਸ ਦੇ ਰਾਜ ਸਭਾ ਮੈਂਬਰ ਦਿਗਵਿਜੇ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੱਧ ਪ੍ਰਦੇਸ ਟਰਾਂਸਪੋਰਟ ਵਿਭਾਗ ਵਿਚ ਭ੍ਰਿਸਟਾਚਾਰ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਰਿਪੋਰਟਾਂ ਦੇ ਅਨੁਸਾਰ ਪਹਿਲੀ ਬਰਾਮਦਗੀ ਪਿਛਲੇ ਹਫਤੇ ਲੋਕਾਯੁਕਤ ਦੇ ਛਾਪੇਮਾਰੀ ਦੌਰਾਨ ਹੋਈ ਸੀ, ਜਿੱਥੇ ਭ੍ਰਿਸਟਾਚਾਰ ਵਿਰੋਧੀ ਅਧਿਕਾਰੀਆਂ ਨੇ ਪਾਇਆ ਸੀ ਕਿ ਕਰੋੜਪਤੀ ਕਾਂਸਟੇਬਲ ਸੌਰਭ ਸਰਮਾ ਕੋਲ 7.98 ਕਰੋੜ ਰੁਪਏ ਦੀ ਚੱਲ ਜਾਇਦਾਦ ਹੈ, ਜਿਸ ਵਿਚ 2.87 ਕਰੋੜ ਰੁਪਏ ਨਕਦ ਅਤੇ 235 ਕਿਲੋ ਚਾਂਦੀ ਸਾਮਲ ਹੈ। ਸਰਮਾ ਨਾਲ ਜੁੜੀਆਂ ਜਾਇਦਾਦਾਂ ਤੋਂ ਕਈ ਰੀਅਲ ਅਸਟੇਟ ਨਿਵੇਸ ਦਸਤਾਵੇਜ ਅਤੇ ਨਕਦੀ ਗਿਣਨ ਵਾਲੀ ਮਸੀਨ ਵੀ ਜਬਤ ਕੀਤੀ ਗਈ।

# ਆਸ਼ਕ ਨਾਲ ਰੱਲ ਵੱਢ 'ਤਾ ਪਤੀ, ਖੇਤਾਂ 'ਚ ਸੁੱਟ ਦਿੱਤੀ ਲਾਸ਼

ਨਕੋਦਰ 30 ਦਸੰਬਰ। ਜਲੰਧਰ ਦਿਹਾਤੀ ਪੁਲਸ ਨੇ ਬੀਤੇ ਦਿਨੀਂ ਪਿੰਡ ਮੁੱਧਾ ਨੇੜੇ ਖੇਤਾਂ 'ਚੋਂ ਇੱਕ ਨੌਜਵਾਨ ਦੀ ਖੂਨ ਨਾਲ ਲੱਥ-ਪੱਥ ਮਿਲੀ ਲਾਸ਼ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਮ੍ਰਿਤਕ ਦੀ ਪਤਨੀ ਅਤੇ ਉਸਦੇ ਪ੍ਰੇਮੀ ਨੂੰ ਕਤਲ ਦੀ ਸਾਜ਼ਿਸ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੇ ਕਬਜੇ 'ਚੋਂ ਇੱਕ ਤੇਜਧਾਰ ਦਾਤਰ ਅਤੇ ਦੋ ਮੋਟਰਸਾਈਕਲ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਮੁਲਜਮਾਂ ਦੀ ਪਛਾਣ ਨੀਰੂ ਬਾਲਾ ਪਤਨੀ ਮੁਕੇਸ ਕੁਮਾਰ ਵਾਸੀ ਤਿਲਕ ਨਗਰ ਜਲੰਧਰ ਅਤੇ ਉਸ ਦੇ ਪ੍ਰੇਮੀ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਸੋਮਨਾਥ ਵਾਸੀਮੁਹੱਲਾ ਈਦਗਾਹ ਜਲੰਧਰ ਵਜੋਂ ਹੋਈ ਹੈ। ਐੱਸ. ਐੱਸ. ਪੀ. ਜਲੰਧਰ ਦਿਹਾਤੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਬੀਤੀ 20 ਦਸੰਬਰ ਨੂੰ ਨਕੋਦਰ-ਜਲੰਧਰ ਮਾਰਗ 'ਤੇ ਪਿੰਡ ਮੁੱਧ ਨੇੜੇ ਖੇਤਾਂ 'ਚੋਂ ਇੱਕ ਨੌਜਵਾਨ ਮੁਕੇਸ਼ ਕੁਮਾਰ ਪੁੱਤਰ ਸਤਪਾਲ ਵਾਸੀ ਤਿਲਕ ਨਗਰ ਜਲੰਧਰ ਦੀ ਖੂਨ ਨਾਲ ਲੱਥ-ਪੱਥ ਲਾਸ਼ ਮਿਲੀ ਸੀ। ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਦਰ ਨਕੋਦਰ ਵਿਖੇ ਮੁਕੱਦਮਾ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਸੀ। ਡੀ.ਐੱਸ. ਪੀ ਨਕੋਦਰ ਸੁਖਪਾਲ ਸਿੰਘ ਅਤੇ ਐੱਸ.ਆਈ. ਬਲਜਿੰਦਰ ਸਿੰਘ ਦੀ ਅਗਵਾਈ ਵਿੱਚ ਵਿਸੇਸ ਜਾਂਚ ਟੀਮ ਦਾ ਬਣਾਈ ਗਈ । ਉਕਤ ਟੀਮ ਨੇ ਕੁਝ ਦਿਨਾਂ ਵਿੱਚ ਤਕਨੀਕੀ ਅਤੇ ਖੁਫੀਆ ਜਾਣਕਾਰੀ ਹਾਸਲ ਕਰ ਕੇ ਉਕਤ



ਮਾਮਲੇ 'ਚ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ। ਮੁੱਢਲੀ ਜਾਂਚ ਦੌਰਾਨ ਖੁਲਾਸਾ ਹੋਇਆ ਕਿ ਮ੍ਰਿਤਕ ਦੀ ਪਤਨੀ ਨੀਰੂ ਬਾਲਾ ਅਤੇ ਹਰਪ੍ਰੀਤ ਸਿੰਘ ਜਲੰਧਰ ਦੇ ਡੀ-ਮਾਰਟ ਵਿੱਚ ਇਕੱਠੇ ਕੰਮ ਕਰਦੇ ਸਨ। ਇਨ੍ਹਾਂ ਦੇ ਆਪਸ ਵਿੱਚ ਨਾਜਾਇਜ ਸਬੰਧ ਸਨ। ਮੁਕੇਸ ਕੁਮਾਰ ਨੂੰ ਖਤਮ ਕਰਕੇ ਇੱਕ ਦੂਜੇ ਨਾਲ ਵਿਆਹ ਕਰਵਾਉਣ ਚਾਹੁੰਦੇ ਸੀ ਅਤੇ ਇਸ ਲਈ ਦੋਵਾਂ ਨੇ ਮੁਕੇਸ਼ ਕੁਮਾਰ ਦੇ ਕਤਲ ਦੀ ਸਾਜ਼ਿਸ ਰਚੀ ਅਤੇ ਉਸ ਦਾ ਕਤਲ ਕਰ ਦਿੱਤਾ ਗਿਆ। ਵਾਰਦਾਤ ਵਾਲੀ ਰਾਤ ਹਰਪ੍ਰੀਤ ਸਿੰਘ ਨੇ ਮੁਕੇਸ ਕੁਮਾਰ ਦਾ ਤੇਜਧਾਰ ਹਥਿਆਰ ਦਾਤਰ ਨਾਲ ਵਾਰ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਖੂਨ ਨਾਲ ਲੱਥ-ਪੱਥ ਲਾਸ਼ ਨੂੰ ਪਿੰਡ ਮੁੱਧ ਨੇੜੇ ਖੇਤ ਵਿੱਚ ਸੁੱਟ ਦਿੱਤਾ ਸੀ। ਪੁਲਸ ਨੇ ਮੁਲਜਮਾਂ ਕੋਲੋਂ ਵਾਰਦਾਤ ਵਿੱਚ ਵਰਤਿਆ ਹਥਿਆਰ(ਦਾਤਰ) ਅਤੇ ਦੋ ਮੋਟਰਸਾਈਕਲ ਬਰਾਮਦ ਕੀਤੇ ਹਨ। ਫਿਲਹਾਲ ਦੋਵੇਂ ਮੁਲਜਮ ਪੁਲਸ ਦੀ ਹਿਰਾਸਤ ਵਿੱਚ ਹਨ ਅਤੇ ਉਨ੍ਹਾਂ ਕੋਲੋਂ ਹੋਰ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਕਿ ਮਾਮਲੇ ਸਬੰਧੀ ਹੋਰ ਵੀ ਖੁਲਾਸੇ ਕੀਤੇ ਜਾ ਸਕਣ। ਇਸ ਸਬੰਧੀ ਐੱਸ. ਐੱਸ. ਪੀ.ਖੱਖ. ਨੇ ਮੁਲਜਮਾਂ ਨੂੰ ਸਪੱਸ਼ਟ ਚੇਤਾਵਨੀ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ ਅਤੇ ਜਲਦੀ ਇਨਸਾਫ ਦਿਵਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾਵੇਗੀ।

## ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਕਾਰਨ ਅਣਪਛਾਤੇ ਵਿਅਕਤੀ ਦੀ ਮੌਤ

ਭਵਾਨੀਗੜ੍ਹ 30 ਦਸੰਬਰ। ਸਥਾਨਕ ਸ਼ਹਿਰ 'ਚੋਂ ਲੰਘਦੇ ਬਠਿੰਡਾ ਜੀਰਕਪੁਰ ਨੈਸ਼ਨਲ ਹਾਈਵੇ ਉਪਰ ਪਟਿਆਲਾ ਰੋਡ ਸਥਿਤ ਵੇਅਰ ਹਾਊਸ ਦੇ ਗੋਦਾਮਾਂ ਨੇੜੇ ਦੇਰ ਰਾਤ ਕਿਸੇ ਵਾਹਨ ਦੀ ਲਪੇਟ 'ਚ ਆਉਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਸਬ-ਇੰਸਪੈਕਟਰ ਅਮਨਦੀਪ ਸਿੰਘ ਨੇ ਦੱਸਿਆ ਸਥਾਨਕ ਸ਼ਹਿਰ 'ਚੋਂ ਲੰਘਦੇ ਨੈਸ਼ਨਲ ਹਾਈਵੇ ਉਪਰ ਭਵਾਨੀਗੜ੍ਹ ਤੋਂ ਪਟਿਆਲਾ ਨੂੰ ਜਾਂਦੇ ਸਮੇਂ ਪਟਿਆਲਾ ਰੋਡ 'ਤੇ ਸਥਿਤ ਵੇਅਰ ਹਾਊਸ ਦੇ ਗੋਦਾਮਾਂ ਨੇੜਿਓ ਦੇਰ ਰਾਤ ਉਨ੍ਹਾਂ ਨੂੰ ਇਕ ਵਿਅਕਤੀ ਦੀ ਲਾਸ਼ ਬਰਾਮਦ ਹੋਈ। ਉਨ੍ਹਾਂ ਕਿਹਾ ਕਿ ਲਾਸ਼ ਦਾ ਸਿਰ ਬੁਰੀ ਤਰ੍ਹਾਂ ਕੁਚਲਿਆ ਹੋਣ ਕਾਰਨ ਵਿਅਕਤੀ ਦੀ ਪਹਿਚਾਨ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਜਾਂਚ ਦੌਰਾਨ ਇਹ ਸਹਾਮਣੇ ਆਇਆਂ ਕਿ ਉਕਤ ਵਿਅਕਤੀ ਜਿਸ ਦੀ ਉਮਰ ਲਗਭਗ 45 ਤੋਂ 50 ਸਾਲ ਦੇ ਕਰੀਬ ਹੈ, ਨੂੰ ਹਾਈਵੇ ਉਪਰ ਜਾਂਦੇ ਸਮੇਂ ਕਿਸੇ ਅਣਪਛਾਤੇ ਵਾਹਨ ਵੱਲੋਂ ਦਰੜ ਦਿੱਤਾ ਤੇ ਵਾਹਨ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਦੇ ਕਪੜਿਆਂ 'ਚੋਂ ਉਕਤ ਦੀ ਸ਼ਨਾਖਤ ਸਬੰਧੀ ਕੋਈ ਵੀ ਦਸਤਾਵੇਜ ਵੀ ਬਰਾਮਦ ਨਹੀਂ ਹੋਈਆਂ। ਇਸ ਲਈ ਉਕਤ ਦੀ ਸ਼ਨਾਖਤ ਲਈ ਇਸ ਦੀ ਲਾਸ਼ ਦੀਆਂ ਫੋਟੋਆਂ ਸੋਸ਼ਲ ਮੀਡੀਆ ਦੀਆਂ ਵੱਖ-ਵੱਖ ਸਾਇਟਾਂ ਉਪਰ ਪੋਸਟ ਕੀਤੀਆਂ ਗਈਆਂ ਤੇ ਇਸ ਦੀ ਲਾਸ਼ ਨੂੰ ਅਗਲੇ 72 ਘੰਟੇ ਲਈ ਸੰਗਰੂਰ ਸਿਵਲ ਹਸਪਤਾਲ ਵਿਖੇ ਸਥਿਤ ਮੋਰਚਰੀ 'ਚ ਰੱਖਿਆ ਜਾਵੇਗਾ।

## ਨੌਜਵਾਨਾਂ ਕੋਲੋਂ 2 ਹੋਰ ਚੋਰੀ ਦੇ ਮੋਟਰਸਾਈਕਲ ਬਰਾਮਦ

ਅਬੋਹਰ 30 ਦਸੰਬਰ। ਅਬੋਹਰ-ਫਾਜ਼ਿਲਕਾ ਰੋਡ 'ਤੇ ਚੁੰਗੀ ਨੇੜੇ ਬੀਤੇ ਦਿਨ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤੇ ਗਏ 2 ਨੌਜਵਾਨਾਂ ਦੀ ਨਿਸ਼ਾਨਦੇਹੀ 'ਤੇ ਪੁਲਸ ਨੇ 2 ਹੋਰ ਚੋਰੀ ਦੇ ਮੋਟਰਸਾਈਕਲ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਟੀ ਥਾਣਾ ਨੰਬਰ-1 ਦੇ ਇੰਚਾਰਜ ਮਨਿੰਦਰ ਸਿੰਘ ਨੇ ਦੱਸਿਆ ਕਿ 23 ਦਸੰਬਰ ਦੀ ਸ਼ਾਮ ਨੂੰ ਸਹਾਇਕ ਸਬ-ਇੰਸਪੈਕਟਰ ਸੁਖਪਾਲ ਸਿੰਘ ਨੇ ਮੁਖਬਰ ਖਾਸ ਦੀ ਇਤਲਾਹ 'ਤੇ ਹਰਜਿੰਦਰ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਖੂਈਆਂ ਅਤੇ ਦਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਲੱਖੇ ਕੜਾਈਆਂ




ਥਾਣਾ ਸਦਰ ਫਾਜ਼ਿਲਕਾ ਨੂੰ ਫਾਜ਼ਿਲਕਾ ਰੋਡ ਚੁੰਗੀ 'ਤੇ ਨਾਕਾਬੰਦੀ ਦੌਰਾਨ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਸੀ। ਪੁਲਸ ਨੇ ਰਿਮਾਂਡ ਦੌਰਾਨ ਦੋਵਾਂ ਕੋਲੋਂ ਸਖ਼ਤੀ ਨਾਲ ਪੁੱਛਗਿੱਛ ਕਰਦਿਆਂ ਉਨ੍ਹਾਂ ਦੀ ਇਤਲਾਹ 'ਤੇ 2 ਹੋਰ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ। ਥਾਣਾ ਇੰਚਾਰਜ ਨੇ ਦੱਸਿਆ ਕਿ ਫੜੇ ਗਏ ਮੁਲਜਮਾਂ ਹਰਜਿੰਦਰ ਸਿੰਘ ਖਿਲਾਫ ਥਾਣਾ ਖੂਈਆਂ ਸਰਵਰ 'ਚ ਇਕ ਅਤੇ ਦਵਿੰਦਰ ਸਿੰਘ ਖਿਲਾਫ ਥਾਣਾ ਸਿਟੀ ਫਾਜ਼ਿਲਕਾ, ਥਾਣਾ ਲੱਖੇ ਕੇ ਬਹਿਰਾਮ ਅਤੇ ਥਾਣਾ ਸਦਰ ਫਾਜ਼ਿਲਕਾ 'ਚ 3 ਮੁਕੱਦਮੇ ਦਰਜ ਹਨ।

## ਦਾਦਾ, ਪਿਤਾ ਤੇ ਚਾਚਾ ਵਲੋਂ ਨਾਬਾਲਿਗ ਨਾਲ ਜਬਰ-ਜਨਾਹ, 2 ਮਹੀਨਿਆਂ ਦੀ ਹੋਈ ਗਰਭਵਤੀ

ਔਰੇਈਆ 30 ਦਸੰਬਰ। ਯੂ. ਪੀ. ਦੇ ਔਰੇਈਆ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆਈ ਹੈ। ਵੀਰਵਾਰ ਸਾਮ ਆਪਣੀ ਮਾਸੀ ਨਾਲ ਬਿਧੂਨਾ ਥਾਣੇ ਪਹੁੰਚੀ 12 ਸਾਲ ਦੀ ਇਕ ਨਾਬਾਲਿਗ ਕੁੜੀ ਨੇ ਆਪਣੇ ਦਾਦਾ, ਪਿਤਾ ਤੇ ਚਾਚਾ 'ਤੇ ਜਬਰ-ਜਨਾਹ ਕਰਨ ਦਾ ਦੋਸ ਲਾਉਂਦੇ ਹੋਏ ਸ਼ਿਕਾਇਤ ਦਰਜ ਕਰਵਾਈ ਹੈ। ਇਸ ਦੌਰਾਨ ਉਸ ਨੇ ਪੁਲਸ ਨੂੰ 2 ਮਹੀਨਿਆਂ ਦੀ ਗਰਭਵਤੀ ਹੋਣ ਬਾਰੇ ਵੀ ਦੱਸਿਆ ਹੈ। ਕੁੜੀ ਦਾ 40 ਸਾਲਾ ਪਿਤਾ ਬਿਧੂਨਾ ਇਲਾਕੇ ਦੇ ਇਕ ਪਿੰਡ ਦਾ ਰਹਿਣ ਵਾਲਾ ਹੈ ਅਤੇ ਉਹ ਕਿਸਾਨ ਹੈ। ਇਸ ਤੋਂ ਇਲਾਵਾ ਦਾਦਾ (60) ਅਤੇ ਚਾਚਾ (35)



ਬੱਕਰੀਆਂ ਚਰਾਉਂਦੇ ਹਨ। ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਿਤਾ, ਦਾਦਾ ਤੇ ਚਾਚਾ ਉਸ ਦੀ ਮਾਂ ਦਾ ਸਰੀਰਕ ਸੋਸਣ ਕਰਦੇ ਸਨ, ਜਿਸ ਕਾਰਨ ਮਾਂ ਉਸ ਨੂੰ ਆਪਣੇ ਨਾਲ ਦਿੱਲੀ ਲੈ ਗਈ ਸੀ। ਕੁਝ ਸਮਾਂ ਪਹਿਲਾਂ ਪਿਤਾ ਤੇ ਚਾਚਾ ਦਿੱਲੀ ਪਹੁੰਚੇ ਅਤੇ ਉਸ ਨੂੰ ਆਪਣੇ ਨਾਲ ਪਿੰਡ ਲੈ ਆਏ। ਦੋਸ ਹੈ ਕਿ ਕਰੀਬ ਇਕ ਸਾਲ ਤੋਂ ਦਾਦਾ, ਚਾਚਾ ਤੇ ਪਿਤਾ ਉਸ ਨੂੰ ਇਕੱਲੀ ਵੇਖ ਕੇ ਜਬਰ-ਜਨਾਹ ਕਰਨ ਲੱਗ ਪਏ। ਕਿਸੇ ਨੂੰ ਕੁਝ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦੇਣੀ ਸ਼ੁਰੂ ਕਰ ਦਿੱਤੀ। ਇਸ ਕਾਰਨ ਉਸ ਨੇ ਕਿਸੇ ਨੂੰ ਕੁਝ ਨਹੀਂ ਦੱਸਿਆ ਅਤੇ ਸਭ ਕੁਝ ਸਹਿੰਦੀ ਰਹੀ। ਪੁਲਸ ਦੇ ਵਧੀਕ ਸੁਪਰਡੈਂਟ ਅਲੋਕ ਮਿਸਰਾ ਨੇ ਦੱਸਿਆ ਕਿ ਪੁਲਸ ਨੇ ਪਿਤਾ ਤੇ ਚਾਚਾ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲਿਆ ਹੈ।

## 70 ਸਾਲ ਤੋਂ ਉੱਪਰ ਦੇ ਬਜੁਰਗ ਮੁਫਤ ਕਰਵਾ ਸਕਣਗੇ ਇਲਾਜ

ਫਾਜਿਲਕਾ 30 ਦਸੰਬਰ। ਪੰਜਾਬ ਸਰਕਾਰ ਸੂਬਾ ਵਾਸੀਆਂ ਲਈ ਮਿਆਰੀ ਪੱਧਰ ਦੀਆਂ ਸਿਹਤ ਸਹੂਲਤਾਂ ਘਰਾਂ ਦੇ ਨੇੜੇ ਸਰਕਾਰੀ ਹਸਪਤਾਲਾਂ 'ਚ ਮੁਫ਼ਤ ਉਪਲੱਬਧ ਕਰਵਾਉਣ ਦੇ ਨਾਲ-ਨਾਲ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਰਾਹੀਂ 5 ਲੱਖ ਤੱਕ ਦਾ ਮੁਫ਼ਤ ਇਲਾਜ ਮਨਜ਼ੂਰਸ਼ੁਦਾ ਪ੍ਰਾਈਵੇਟ ਹਸਪਤਾਲਾਂ 'ਚ ਵੀ ਕਰਵਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਐਰਿਕ ਨੇ ਦੱਸਿਆ ਕਿ ਸਰਕਾਰ ਪਹਿਲਾਂ ਹੀ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਅਧੀਨ ਵੱਖ-ਵੱਖ ਕੈਟਾਗਿਰੀਆਂ ਨੂੰ 5 ਲੱਖ ਤੱਕ ਮੁਫ਼ਤ ਸਿਹਤ ਸਹੂਲਤਾਂ ਉਪਲੱਬਧ ਕਰਵਾ ਰਹੀ ਹੈ। ਹੁਣ ਪਿਛਲੇ ਕੁੱਝ ਸਮੇਂ ਤੋਂ ਸਰਕਾਰ ਵੱਲੋਂ ਹਰੇਕ ਕੈਟਾਗਰੀ ਦੇ 70 ਸਾਲ ਤੋਂ ਵੱਧ



ਉਮਰ ਦੇ ਲੋਕਾਂ ਨੂੰ ਇਸ ਸਕੀਮ ਅਧੀਨ ਮੁਫ਼ਤ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਹੁਣ 70 ਸਾਲਾਂ ਤੋਂ ਉੱਪਰ ਬਜ਼ੁਰਗ ਆਪਣਾ 5 ਲੱਖ ਤੱਕ ਦਾ ਇਲਾਜ ਸਰਕਾਰੀ ਅਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਹਸਪਤਾਲਾਂ ਤੋਂ ਮੁਫ਼ਤ ਕਰਵਾ ਸਕਣਗੇ। ਇਸ ਯੋਜਨਾ ਅਧੀਨ ਜ਼ਿਲ੍ਹਾ ਫਾਜ਼ਿਲਕਾ 'ਚ ਹੁਣ ਤੱਕ 1121 ਵਿਅਕਤੀਆਂ ਦੇ ਕਾਰਡ ਬਣਾਏ ਜਾ ਚੁੱਕੇ ਹਨ, ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਤੋਂ ਇਸ ਸਕੀਮ ਦਾ ਲਾਭ ਮਿਲ ਰਿਹਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ ਦੇ 70 ਸਾਲ ਤੋਂ ਉੱਪਰ ਦੇ ਬਜ਼ੁਰਗਾਂ ਦਾ ਆਪਣਾ ਆਧਾਰ ਕਾਰਡ ਲਿਜਾ ਕੇ ਸਿਵਲ ਹਸਪਤਾਲਾਂ, ਕਮਿਊਨਿਟੀ ਹੈਲਥ ਸੈਂਟਰਾਂ ਅਤੇ ਕਾਮਨ ਸਰਵਿਸ ਸੈਂਟਰਾਂ ਤੋਂ ਆਯੁਸ਼ਮਾਨ ਕਾਰਡ ਬਣਵਾ ਸਕਦੇ ਹਨ।

# ਪੁਲਸ ਨੇ ਨਸ਼ੀਲੇ ਪਦਾਰਥ ਤਸਕਰਾਂ ਨੂੰ ਕੀਤਾ ਗ੍ਰਿਫਤਾਰ

ਜੈਪੁਰ 30 ਦਸੰਬਰ। ਜੋਧਪੁਰ ਰੇਂਜ ਦੀ ਵਿਸ਼ੇਸ਼ ਪੁਲਸ ਟੀਮ ਨੇ ਜੈਸਲਮੇਰ ਜ਼ਿਲ੍ਹੇ ਤੋਂ ਤਿੰਨ ਨਸ਼ੀਲੇ ਪਦਾਰਥ ਤਸਕਰਾਂ ਨੂੰ ਫੜਿਆ ਹੈ। ਜੋਧਪੁਰ ਰੇਂਜ ਦੇ ਪੁਲਸ ਇੰਸਪੈਕਟਰ ਜਨਰਲ ਵਿਕਾਸ ਕੁਮਾਰ ਨੇ ਦੱਸਿਆ ਕਿ ਟੀਮ ਨੇ ਵਿਸ਼ੇਸ਼ ਕੋਸ਼ਿਸ਼ਾਂ ਨਾਲ ਵੀਰਵਾਰ ਨੂੰ ਜੈਸਲਮੇਰ ਦੇ ਭਣਿਆਣਾ ਇਲਾਕੇ 'ਚ ਇਕ ਫਾਰਮ ਹਾਊਸ ਤੋਂ ਜੱਸਾਰਾਮ, ਬਾਬੂਰਾਮ ਅਤੇ ਚੇਤਨਰਾਮ ਨੂੰ ਫੜਿਆ। ਉਨ੍ਹਾਂ ਦੱਸਿਆ ਕਿ ਜੱਸਾਰਾਮ 'ਤੇ 25 ਹਜਾਰ ਰੁਪਏ ਦਾ ਨਕਦ ਇਨਾਮ ਸੀ ਅਤੇ ਉਹ ਪਾਲੀ, ਚਿਤੌੜਗੜ੍ਹ ਅਤੇ ਬਾੜਮੇਰ ਜ਼ਿਲ੍ਹਿਆਂ 'ਚ ਲੋੜੀਂਦਾ ਸੀ, ਉੱਥੇ ਹੀ ਜੈਸਲਮੇਰ ਜ਼ਿਲ੍ਹਾ ਪੁਲਸ ਨੂੰ ਨਸ਼ੀਲੇ ਪਦਾਰਥ ਤਸਕਰੀ ਦੇ ਮਾਮਲੇ 'ਚ ਬਾਬੂਰਾਮ ਅਤੇ ਚੇਤਨਰਾਮ ਦੀ ਭਾਲ ਸੀ। ਕੁਮਾਰ ਨੇ ਦੱਸਿਆ ਕਿ ਜੱਸਾਰਾਮ ਇਕ ਹੋਰ ਨਸ਼ੀਲੇ ਪਦਾਰਥ ਤਸਕਰ ਖਰਤਾਰਾਮ ਦੇ ਸੰਪਰਕ 'ਚ ਆਇਆ ਅਤੇ ਅਫੀਮ ਤਸਕਰੀ 'ਚ ਸ਼ਾਮਲ ਹੋ ਗਿਆ। ਉਨ੍ਹਾਂ ਕਿਹਾ ਕਿ ਖਰਤਾਰਾਮ ਨੇ 2021 'ਚ ਪਾਲੀ ਜ਼ਿਲ੍ਹੇ 'ਚ ਪੁਲਸ ਵਲੋਂ ਘੇਰ ਲਏ ਜਾਣ ਤੋਂ ਬਾਅਦ ਖੁਦ ਨੂੰ ਗੋਲੀ ਮਾਰ ਲਈ, ਇਸ ਤੋਂ ਬਾਅਦ ਜੱਸਾਰਾਮ ਨੇ ਆਜਾਦ ਰੂਪ ਨਾਲ ਤਸਕਰੀ ਨੂੰ ਅੰਜਾਮ ਦਿੱਤਾ ਅਤੇ ਆਪਣਾ ਨੈੱਟਵਰਕ ਫੈਲਾਇਆ। ਕੁਮਾਰ ਨੇ ਦੱਸਿਆ ਕਿ ਨਸ਼ੀਲੇ ਪਦਾਰਥ ਤਸਕਰੀ ਖ਼ਿਲਾਫ ਵਿਸ਼ੇਸ਼ ਮੁਹਿੰਮ ਦੇ ਅਧੀਨ ਪੁਲਸ ਦੀ ਵਿਸ਼ੇਸ਼ 'ਸਾਈਕਲੋਨਰ' ਟੀਮ ਨੇ ਚਿਤੌੜਗੜ੍ਹ ਜ਼ਿਲ੍ਹੇ ਦੇ ਨਿੰਬਾਹੇੜਾ 'ਚ ਜੱਸਾਰਾਮ ਦੇ ਟਿਕਾਣੇ 'ਤੇ ਛਾਪਾ ਮਾਰਿਆ ਪਰ ਉਹ ਦੌੜ ਨਿਕਲਿਆ। ਉਨ੍ਹਾਂ ਕਿਹਾ ਕਿ ਟੀਮ ਨੂੰ ਸੂਚਨਾ ਮਿਲੀ ਸੀ ਕਿ ਜੱਸਾਰਾਮ ਹਰ 2 ਮਹੀਨੇ 'ਚ ਪਾਰਟੀ ਕਰਨ ਗੋਆ ਜਾਂਦਾ ਹੈ, ਜਿਸ ਤੋਂ ਬਾਅਦ ਗੋਆ 'ਚ ਉਸ ਦੇ ਨੈੱਟਵਰਕ ਬਾਰੇ



ਜਾਣਕਾਰੀ ਜੁਟਾਈ ਗਈ ਅਤੇ ਉਸ ਦੇ ਦੋਸਤ ਨਾਲ ਸੰਪਰਕ ਕੀਤਾ, ਜਿਸ ਨੇ ਦੱਸਿਆ ਕਿ ਜੱਸਾਰਾਮ ਭਣਿਆਣਾ ਖੇਤਰ 'ਚ ਇਕ ਫਾਰਮ ਹਾਊਸ 'ਤੇ ਬੈਠਕਾਂ ਕਰਦਾ ਹੈ। ਕੁਮਾਰ ਨੇ ਕਿਹਾ ਕਿ ਹਾਲਾਂਕਿ ਉਸ ਕੋਲ ਫਾਰਮ ਹਾਊਸ ਦਾ ਕੋਈ ਪਤਾ ਨਹੀਂ ਸੀ ਪਰ ਉਸ ਨੇ ਫਾਰਮ ਹਾਊਸ 'ਤੇ ਕੰਮ ਕਰਨ ਵਾਲੇ ਰਸੋਈਏ ਦੀ ਫੋਟੋ ਉਪਲੱਬਧ ਕਰਵਾਈ। ਪੁਲਸ ਦੇ ਇੰਸਪੈਕਟਰ ਜਨਰਲ ਨੇ ਕਿਹਾ ਕਿ ਟੀਮ ਦੇ ਮੈਂਬਰਾਂ ਨੇ ਜਾਇਦਾਦ ਖਰੀਦਾਰ ਦੇ ਭੇਸ 'ਚ ਫਾਰਮ ਹਾਊਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਨਤੀਜਾ ਨਹੀਂ ਨਿਕਲਿਆ। ਅਧਿਕਾਰੀ ਨੇ ਕਿਹਾ ਕਿ ਕੱਲ੍ਹ ਟੀਮ ਨੂੰ ਬਜਾਰ 'ਚ ਉਹ ਰਸੋਈਆ ਦਿਖਾਈ ਦਿੱਤਾ, ਜਿਸ ਦਾ ਪਿੱਛਾ ਕਰਦੇ ਹੋਏ ਟੀਮ ਫਾਰਮ ਹਾਊਸ ਪਹੁੰਚੀ, ਜਿੱਥੇ ਦੋਸ਼ੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਪਛਾਣ ਦੀ ਪੁਸ਼ਟੀ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ, ਮਾਮਲਾ ਦਰਜ

ਫਿਰੋਜ਼ਪੁਰ 30 ਦਸੰਬਰ। ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਅਤੇ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ 'ਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਪਤੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਮਾਨਸੀ ਸ਼ਰਮਾ ਪੁੱਤਰੀ ਸੁਰਿੰਦਰ ਕੁਮਾਰ ਵਾਸੀਅਨ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦਾ ਵਿਆਹ ਗੁਰਸਾਹਿਬ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਬਸਤੀ ਮੁਹੰਮਦ ਅਲੀ ਸ਼ਾਹ ਨਾਲ ਮਿਤੀ 7 ਫਰਵਰੀ 2021 ਨੂੰ ਹੋਇਆ ਸੀ। ਵਿਆਹੁਤਾ ਨੇ ਦੱਸਿਆ ਕਿ ਉਸ ਦੇ ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਇਸਤਰੀ ਧੰਨ ਵਜੋਂ ਦਿੱਤਾ ਸੀ, ਪਰ ਦੋਸ਼ੀ ਇਸ ਤੋਂ ਖੁਸ਼ ਨਹੀਂ ਸੀ। ਵਿਆਹੁਤਾ ਮਾਨਸੀ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਜੋ ਉਸ ਕੋਲੋਂ ਹੋਰ ਦਾਜ ਦੀ ਮੰਗ ਕਰਦਾ ਸੀ, ਉਸ ਵੱਲੋਂ ਇਨਕਾਰ ਕਰਨ ਤੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਜਾਂਚਕ ਰਤਾ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵਿਆਹੁਤਾ ਦੇ ਪਤੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਿਰ ਦੀ ਹੱਡੀ ਟੁੱਟਣ ਕਾਰਨ ਹੋਈ ਮਾਂ-ਪੁੱਤ ਦੀ ਮੌਤ

ਲੁਧਿਆਣਾ 30 ਦਸੰਬਰ। ਹੈਬੋਵਾਲ ਦੇ ਚੂਹੜਪੁਰ ਰੋਡ 'ਤੇ ਸਥਿਤ ਪ੍ਰੇਮ ਨਗਰ 'ਚ ਵਾਪਰੇ ਮਾਂ-ਪੁੱਤ ਦੇ ਕਤਲ ਬਰਾਮਦ ਕੀਤੀਆਂ ਸਨ, ਜਿਨ੍ਹਾਂ ਦੀਆਂ ਲਾਸ਼ਾਂ ਨੂੰ ਮੁਲਜਮ ਕੰਬਲ 'ਚ ਲਪੇਟ ਕੇ ਫਰਾਰ ਹੋ ਗਏ ਸਨ। ਪੁਲਸ ਨੇ ਡਾਕਟਰਾਂ




ਦੇ ਮਾਮਲੇ 'ਚ ਪੁਲਸ ਨੇ ਕਾਤਲਾਂ ਦੀ ਪਛਾਣ ਕਰ ਲਈ ਹੈ। ਪੁਲਸ ਮੁਲਜਮਾਂ ਨੂੰ ਜਲਦੀ ਗ੍ਰਿਫਤਾਰ ਕਰਕੇ ਮਾਮਲੇ ਨੂੰ ਸੁਲਝਾ ਸਕਦੀ ਹੈ। ਜ਼ਿਕਰਯੋਗ ਹੈ ਕਿ ਪੁਲਸ ਨੇ ਸੋਨੀਆ ਅਤੇ ਉਸ ਦੇ ਬੇਟੇ ਕਾਰਤਿਕ ਦੀਆਂ ਲਾਸ਼ਾਂ ਉਨ੍ਹਾਂ ਦੇ ਘਰੋਂ ਦੇ ਬੋਰਡ ਵੱਲੋਂ ਦੋਵਾਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਲਿਆ ਸੀ, ਜਿਸ ਤੋਂ ਪਤਾ ਲੱਗਾ ਕਿ ਦੋਵਾਂ 'ਤੇ ਹਮਲਾ ਹੋਇਆ ਸੀ, ਜਿਸ ਕਾਰਨ ਉਨ੍ਹਾਂ ਦੇ ਸਿਰ ਦੀ ਹੱਡੀ ਫਰੈਕਚਰ ਹੋਣ ਕਾਰਨ ਕਾਫੀ ਖੂਨ ਵਹਿ ਗਿਆ ਸੀ। ਜਦੋਂ ਇਲਾਕੇ 'ਚ ਬਦਬੂ ਫੈਲੀ ਤਾਂ ਉਨ੍ਹਾਂ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਕਾਰਵਾਈ ਕਰਦੇ ਹੋਏ ਲਾਸ਼ਾਂ ਨੂੰ ਬੁਰੀ ਹਾਲਤ 'ਚ ਬਰਾਮਦ ਕਰ ਲਿਆ। ਸੂਤਰਾਂ ਦਾ ਕਹਿਣਾ ਹੈ ਕਿ ਪੁਲਸ ਨੇ ਮੌਕੇ 'ਤੇ ਜਾਂਚ ਤੋਂ ਬਾਅਦ ਦੋ ਲੋਕਾਂ ਨੂੰ ਹਿਰਾਸਤ 'ਚ ਲਿਆ ਸੀ। ਪੁਲਸ ਵੱਲੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ ਅਤੇ ਬਾਅਦ 'ਚ ਪੁਲਸ ਨੇ ਹੋਰ ਵਿਅਕਤੀਆਂ ਨੂੰ ਵੀ ਹਿਰਾਸਤ ਵਿਚ ਲੈ ਲਿਆ। ਪੁਲਸ ਨੇ ਜਦੋਂ ਇਲਾਕੇ 'ਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਤਾਂ ਉਨ੍ਹਾਂ ਨੇ ਇਕ ਸ਼ੱਕੀ ਹਾਲਤ 'ਚ ਆਉਂਦਾ-ਜਾਂਦਾ ਦੇਖਿਆ। ਜ਼ਿਕਰਯੋਗ ਹੈ ਕਿ ਜਿਸ ਦਿਨ ਮਾਂ-ਪੁੱਤ ਦਾ ਕਤਲ ਹੋਇਆ ਸੀ, ਉਸ ਦਿਨ ਉਨ੍ਹਾਂ ਦੇ ਘਰ ਦੇ ਪਿੱਛੇ ਪ੍ਰੋਗਰਾਮ ਸੀ। ਆਸ-ਪਾਸ ਦੇ ਲੋਕਾਂ ਨੇ ਉਸ ਨੂੰ ਦੋ ਦਿਨ ਤੱਕ ਨਹੀਂ ਦੇਖਿਆ ਅਤੇ ਫਿਰ ਬਦਬੂ ਆਉਣ 'ਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਮੌਕੇ 'ਤੇ ਮਿਲੇ ਮੋਬਾਈਲ ਫੋਨ ਦੇ ਵੇਰਵੇ ਦੀ ਵੀ ਜਾਂਚ ਕਰ ਰਹੀ ਹੈ।

## ਪੱਛਮੀ ਬੰਗਾਲ 'ਚ ਪਿਸਤੌਲ ਤੇ ਗੋਲਾ-ਬਾਰੂਦ ਨਾਲ 2 ਗ੍ਰਿਫਤਾਰ

ਸਿਲੀਗੁੜੀ, 30 ਦਸੰਬਰ। ਪੱਛਮੀ ਬੰਗਾਲ ਦੇ ਜਲਪਾਈਗੁੜੀ ਜ਼ਿਲੇ ਵਿਚ ਸਿਲੀਗੁੜੀ ਪੁਲਸ ਨੇ 2 ਨੌਜਵਾਨਾਂ ਨੂੰ ਪਿਸਤੌਲ ਅਤੇ ਗੋਲਾ-ਬਾਰੂਦ ਨਾਲ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਰਾਜਗੰਜ ਵਾਸੀ ਮੁਹੰਮਦ ਫੈਜਰ ਅਲੀ ਅਤੇ ਠਾਕੁਰਗੰਜ ਵਾਸੀ ਅਲਤਾਵ ਅਲੀ ਵਜੋਂ ਹੋਈ ਹੈ। ਪੁਲਸ ਸੂਤਰਾਂ ਮੁਤਾਬਕ ਦੋਵਾਂ ਨੌਜਵਾਨਾਂ ਨੂੰ ਦੁਪਹਿਰ ਕਟਹਲਬਸਤੀ ਸ਼ਮਸ਼ਾਨਘਾਟ ਨੇੜਿਓਂ ਫੜਿਆ ਗਿਆ। ਪੁਲਸ ਸੂਤਰਾਂ ਮੁਤਾਬਕ ਦੋਵਾਂ ਦੀ ਇੱਛਾ ਫੁਲਬਾੜੀ ਵਿਚ ਅਪਰਾਧਿਕ ਸਰਗਰਮੀਆਂ ਨੂੰ ਅੰਜਾਮ ਦੇਣ ਦੀ ਸੀ। ਜਾਂਚ ਵਿਚ ਪਤਾ ਲੱਗਾ ਕਿ ਅਲਤਾਵ ਅਲੀ ਕੁਝ ਸਮੇਂ ਤੋਂ ਫੁਲਬਾੜੀ ਦੇ ਜੋਰਪੋਖਰੀ ਵਿਚ ਇਕ ਮਕਾਨ ਕਿਰਾਏ 'ਤੇ ਲੈ ਕੇ ਰਹਿ ਰਿਹਾ ਸੀ

## ਨਾਮੀ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਆਏ ਸ਼ੂਟਰ ਚੜ੍ਹੇ ਪੁਲਸ ਅੜਿੱਕੇ

ਤਰਨਤਾਰਨ 30 ਦਸੰਬਰ। ਤਰਨਤਾਰਨ ਪੁਲਸ ਵੱਲੋਂ ਵਿਦੇਸ ਵਿਚ ਬੈਠੇ ਅੰਮ੍ਰਿਤਪਾਲ ਸਿੰਘ ਬਾਠ ਅਤੇ ਜੱਗੂ ਭਗਵਾਨਪੁਰੀਆ ਗੈਂਗਸਟਰ ਨਾਲ ਸਬੰਧਿਤ 5 ਗੁਰਗਿਆਂ ਨੂੰ 4 ਵੱਖ-ਵੱਖ ਹਥਿਆਰਾਂ ਨਾਲ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜਮਾਂ ਵੱਲੋਂ ਕਿਸੇ ਨਾਮੀ ਵਿਅਕਤੀ ਨੂੰ ਟਾਰਗੇਟ ਬਣਾਉਣ ਦਾ ਪਲਾਨ ਤਿਆਰ ਕੀਤਾ ਜਾ ਚੁੱਕਾ ਸੀ। ਜਿਸ ਨੂੰ ਪੁਲਿਸ ਵੱਲੋਂ ਨਾਕਾਮਯਾਬ ਕਰ ਦਿੱਤਾ ਗਿਆ ਹੈ। ਮੁਲਜਮਾਂ ਪਾਸੋਂ 1 ਵਿਦੇਸੀ 9 ਐਮਐਮ ਗਲੋਕ ਪਿਸਤੌਲ ਸਣੇ 4 ਪਿਸਤੋਲ ਬਰਾਮਦ ਕੀਤੇ ਗਏ ਹਨ।

## ਪੰਜਾਬ ਬੰਦ 'ਚ ਖੱਜਲ-ਖੁਆਰੀ ਤੋਂ ਬਚਣ ਲਈ ਪੜ੍ਹੋ ਇਹ ਖਬਰ

ਪਟਿਆਲਾ 30 ਦਸੰਬਰ। ਕਿਸਾਨਾਂ ਵਲੋਂ 30 ਦਸੰਬਰ ਨੂੰ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਖੁਦ ਬਾਜਾਰ ਵਿਚ ਜਾ ਕੇ ਦੁਕਾਨਾਦਾਰਾਂ ਅਤੇ ਰਿਹੜੀਆਂ ਫੜੀ ਵਾਲਿਆਂ ਨੂੰ ਬੰਦ ਵਿਚ ਸਾਥ ਦੇਣ ਦੀ ਅਪੀਲ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਐਮਰਜੈਂਸੀ, ਮੈਡੀਕਲ ਤੇ ਸਿਹਤ ਸੇਵਾਵਾਂ, ਵਿਆਹਾਂ ਵਾਲੀਆਂ ਗੱਡੀਆਂ, ਜਰੂਰੀ ਇੰਟਰਵਿਊ ਲਈ ਜਾਣ ਵਾਲੇ ਜਾਂ ਵਿਦੇਸ਼ ਜਾਣ ਲਈ ਹਵਾਈ ਅੱਡੇ ਨੂੰ ਜਾਣ ਵਾਲੇ ਲੋਕਾਂ ਨੂੰ ਬੰਦ ਤੋਂ ਰਾਹਤ ਪ੍ਰਦਾਨ ਕੀਤੀ ਗਈ ਹੈ। ਇਨ੍ਹਾਂ ਲੋਕਾਂ ਨੂੰ ਬੰਦ ਦੌਰਾਨ ਕਿਸੇ ਤਰ੍ਹਾਂ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਵੇਰੇ 7 ਤੋਂ ਸ਼ਾਮ 4 ਵਜੇ ਤਕ ਬੰਦ ਰਹੇਗਾ। ਪੰਜਾਬ ਬੰਦ ਦੀ ਜਾਣਕਾਰੀ ਦੇਣ ਵਾਲੇ ਪੋਸਟਰ ਜਗ੍ਹਾ-ਜਗ੍ਹਾ ਲਗਾਏ ਗਏ ਹਨ ਤਾਂ ਕਿ ਇਸ ਬਾਰੇ ਵੱਧ ਤੋਂ ਵੱਧ ਲੋਕਾਂ ਤਕ ਜਾਣਕਾਰੀ ਪਹੁੰਚ ਸਕੇ ਅਤੇ ਆਮ ਜਨਤਾ ਨੂੰ ਘੱਟ ਤੋਂ ਘੱਟ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਬਾਜ਼ਾਰਾਂ ਦੇ ਨਾਲ-ਨਾਲ ਸੜਕ ਮਾਰਗ ਅਤੇ ਰੇਲ ਮਾਰਗ ਵੀ ਜਾਮ ਰਹਿਣਗੇ। ਉਨ੍ਹਾਂ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਵਡੇਰੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਆਪਣੇ ਕਾਰੋਬਾਰ ਬੰਦ ਕਰਕੇ ਸਾਥ ਦੇਣ ਦੀ ਅਪੀਲ ਕੀਤੀ ਹੈ। ਇਸ ਬੰਦ ਦੌਰਾਨ ਰੇਲ ਆਵਾਜਾਈ ਵੀ ਪੂਰੀ ਤਰ੍ਹਾਂ ਬੰਦ ਰਹੇਗੀ। ਕਿਸਾਨ ਖੁਦ ਸੜਕਾਂ 'ਤੇ ਉਤਰ ਕੇ ਬੰਦ ਨੂੰ ਪੂਰੀ ਤਰ੍ਹਾਂ ਸਫਲ ਬਨਾਉਣਗੇ। ਇਸ ਲਈ ਬਕਾਇਦਾ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਵਾਪਰਕ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਗਈ ਹੈ। ਇਸ ਦੌਰਾਨ ਪੰਜਾਬ ਦੇ ਸਰਕਾਰੀ ਦਫਤਰ ਵੀ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਦੂਜੇ ਪਾਸੇ ਮਿੰਨੀ ਬੱਸ ਆਪ੍ਰੇਟਰ ਐਸੋਸੀਏਸ਼ਨ ਪੰਜਾਬ ਨੇ ਵੀ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ। ਮਿੰਨੀ ਬੱਸ ਆਪ੍ਰੇਟਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਬੱਬੂ ਤੇ ਜ਼ਿਲ੍ਹਾ ਪ੍ਰਧਾਨ ਸਵਿੰਦਰ ਸਿੰਘ ਸੈਂਸਰਾ ਨੇ ਆਖਿਆ ਕਿ ਕਿਸਾਨਾ ਦੇ ਹੱਕਾਂ ਲਈ ਸੰਘਰਸ਼ ਕਰ ਰਹੀਆ ਜਥੇਬੰਦੀਆ ਵਲੋਂ 30 ਦਸੰਬਰ ਨੂੰ ਪੰਜਾਬ ਬੰਦ ਕਰਨ ਦਾ ਜੋ ਫੈਸਲਾ ਲਿਆ ਗਿਆ ਹੈ ਉਸ ਨੂੰ ਅਸੀਂ ਪੂਰਨ ਤੌਰ 'ਤੇ ਸਮਰਥਨ ਦੇਵਾਂਗੇ ਕਿਉਂਕਿ ਦਿਨੋਂ ਦਿਨ ਕਰਜੇ ਦੀ ਮਾਰ ਹੇਠ ਆ ਰਹੇ ਕਿਸਾਨ ਨੂੰ ਬਚਾਉਣਾ ਬਹੁਤ ਹੀ ਜਰੂਰੀ ਹੈ। ਉਨ੍ਹਾਂ ਕਿਹਾ ਕਿ 30 ਦਸਬੰਰ ਨੂੰ ਅੰਮ੍ਰਿਤਸਰ ਜ਼ਿਲ੍ਹੇ 'ਚ ਕੋਈ ਵੀ ਬੱਸ ਨਹੀਂ ਚੱਲੇਗੀ ਅਤੇ ਇਸ ਦਿਨ ਆਮ ਲੋਕਾਂ ਨੂੰ ਵੀ ਆਪਣੇ ਕਾਰੋਬਾਰ ਬੰਦ ਰੱਖ ਕੇ ਕਿਸਾਨ ਜਥੇਬੰਦੀਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

# ਕਲਯੁਗੀ ਨੂੰਹ-ਪੁੱਤ ਨੇ ਪਿਓ ਨੂੰ ਦਿੱਤੀ ਦਰਦਨਾਕ ਮੌਤ, ਸਬੂਤ ਮਿਟਾਉਣ ਲਈ ਕਾਹਲੀ 'ਚ ਕਰ'ਤਾ ਸਸਕਾਰ

ਮੁੱਲਾਂਪੁਰ ਦਾਖਾ 30 ਦਸੰਬਰ। ਪੰਜਾਬ 'ਚ ਇਕ ਹੋਰ ਦਿਲ ਦਹਿਲਾਉਣ ਵਾਲੀ ਖਬਰ ਸਾਹਮਣੇ ਆਈ ਹੈ, ਜਿੱਥੋਂ ਦੇ ਥਾਣਾ ਦਾਖਾ ਅਧੀਨ ਪੈਂਦੇ ਪਿੰਡ ਬਲੀਪੁਰ ਖੁਰਦ ਵਿਖੇ ਕਲਯੁਗੀ ਪੁੱਤ ਨੇ ਆਪਣੀ ਪਤਨੀ ਨਾਲ ਮਿਲ ਕੇ ਆਪਣੇ ਪਿਓ ਦਾ ਕਤਲ ਕਰ ਦਿੱਤਾ। ਇਹੀ ਨਹੀਂ, ਕਤਲ ਕਰਨ ਮਗਰੋਂ ਲਾਸ ਖੁਰਦ-ਬੁਰਦ ਕਰਨ ਲਈ ਜਲਦਬਾਜੀ 'ਚ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ। ਥਾਣਾ ਦਾਖਾ ਦੀ ਪੁਲਸ ਨੇ ਉਸ ਦੇ ਭਤੀਜੇ ਕਿਰਨਵੀਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਬਲੀਪੁਰ ਖੁਰਦ ਦੇ ਬਿਆਨਾਂ 'ਤੇ ਗੁਰਇਕਬਾਲ ਸਿੰਘ ਉਰਫ ਮੱਖਣ ਪੁੱਤਰ ਜਗਰੂਪ ਸਿੰਘ ਅਤੇ ਉਸ ਦੀ ਪਤਨੀ ਸੁਰਿੰਦਰ ਕੌਰ ਛਿੰਦਰ ਵਾਸੀ ਬਲੀਪੁਰ ਖੁਰਦ ਵਿਰੁੱਧ ਜੇਰੇ ਧਾਰਾ 105, 238, 3 (5) ਬੀ.ਐੱਨ.ਐੱਸ. ਤਹਿਤ ਕੇਸ ਦਰਜ ਕੀਤਾ ਹੈ। ਥਾਣਾ ਦਾਖਾ ਦੇ ਮੁਖੀ ਇੰਸ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਿਰਨਵੀਰ ਸਿੰਘ ਨੇ ਆਪਣੇ ਬਿਆਨਾਂ 'ਚ ਦੱਸਿਆ ਕਿ ਉਹ ਕੈਨੇਡਾ ਪੀ.ਆਰ. ਹੈ। ਉਸ ਦੇ ਪਿਤਾ ਬਲਜੀਤ ਸਿੰਘ ਦੀ ਉਸ ਦੇ ਜਨਮ ਤੋਂ ਡੇਢ ਸਾਲ ਬਾਅਦ ਹੀ ਮੌਤ ਹੋ ਗਈ ਸੀ। ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਜਦੋਂ ਤੋਂ ਉਸ ਨੇ ਸੁਰਤ ਸੰਭਾਲੀ ਤਾਂ ਉਸ ਦਾ ਤਾਇਆ ਜਗਰੂਪ ਸਿੰਘ (ਜਿਸ ਨੂੰ ਉਹ ਡੈਡੀ ਹੀ ਆਖਦਾ ਸੀ) ਨੇ ਹੀ ਪਰਿਵਾਰ ਦਾ ਪਾਲਣ-ਪੋਸਣ ਕੀਤਾ। ਕਰੀਬ 3 ਸਾਲ ਪਹਿਲਾਂ ਉਸ ਦੀ ਮਾਤਾ ਹਰਜੀਤ ਕੌਰ ਦੀ ਵੀ ਮੌਤ ਹੋ ਗਈ ਸੀ। ਉਸ ਦੇ ਇਕੱਲਾ ਰਹਿਣ ਕਰ ਕੇ ਉਸ ਦਾ ਤਾਇਆ ਹੀ ਉਸ ਦੀ ਅਤੇ ਉਸ ਦੀ ਜਮੀਨ ਦੀ ਦੇਖ-ਰੇਖ ਕਰਦਾ ਸੀ। ਉਸ ਦੇ ਤਾਏ ਨੇ ਉਸ ਨੂੰ ਕਰੀਬ 2 ਸਾਲ ਪਹਿਲਾਂ ਵਿਦੇਸ਼ ਕੈਨੇਡਾ ਭੇਜਿਆ ਸੀ। ਉਸ ਦੇ ਤਾਏ ਦੀ ਤੇ ਹਫਤੇ 'ਚ ਉਸ ਨਾਲ ਤਕਰੀਬਨ 2-3 ਵਾਰ ਗੱਲਬਾਤ ਹੁੰਦੀ ਰਹਿੰਦੀ ਸੀ। ਉਸ ਨੂੰ ਉਸ ਦਾ ਤਾਇਆ ਜਗਰੂਪ ਸਿੰਘ ਫੋਨ ਕਰ ਕੇ ਦੱਸਦਾ ਰਹਿੰਦਾ ਸੀ ਕਿ ਉਸ ਦਾ ਲੜਕਾ ਗੁਰਇਕਬਾਲ ਸਿੰਘ ਉਰਫ ਮੱਖਣ ਅਤੇ ਨੂੰਹ ਸੁਰਿੰਦਰ ਕੌਰ ਉਰਫ ਛਿੰਦਰ ਉਸ ਨੂੰ ਰੋਟੀ-ਪਾਣੀ ਨਹੀਂ ਦਿੰਦੇ, ਉਲਟਾ ਉਸ ਨਾਲ ਕੁੱਟਮਾਰ ਕਰਦੇ ਹਨ। ਇਸ ਕਰ ਕੇ ਉਹ ਇਨ੍ਹਾਂ ਤੋਂ ਬਹੁਤ ਦੁਖੀ ਹੈ। ਇਹ ਦੋਵੇਂ ਜਣੇ ਕਿਸੇ ਸਮੇਂ ਵੀ ਉਸ ਦੀ ਕੁੱਟਮਾਰ ਕਰ ਕੇ ਜਾਨੋਂ ਮਾਰ ਸਕਦੇ ਹਨ। ਉਸ ਨੇ ਆਪਣੇ ਤਾਏ ਨੂੰ ਸਮਝਾਇਆ ਕਿ ਤਾਇਆ ਤੂੰ ਚਿੰਤਾ ਨਾ ਕਰ ਉਹ ਇੰਡੀਆ ਆ ਕੇ ਇਨ੍ਹਾਂ ਨੂੰ ਸਮਝਾਵੇਗਾ। ਤਾਏ ਦੀ ਮੌਤ ਤੋਂ ਕਰੀਬ 2-3 ਦਿਨ ਪਹਿਲਾਂ ਉਸ ਨੂੰ ਤਾਏ ਦਾ ਫੋਨ ਆਇਆ ਸੀ ਕਿ ਉਸ ਨੂੰ ਫਿਰ ਇਨ੍ਹਾਂ ਦੋਵਾਂ ਪੁੱਤ-ਨੂੰਹ ਨੇ ਕੁੱਟਮਾਰ ਕਰ ਕੇ ਜਲੀਲ ਕੀਤਾ ਹੈ, ਜਲਦੀ ਆ ਜਾ ਨਹੀਂ ਤਾਂ ਇਹ ਉਸ ਨੂੰ ਮਾਰ ਦੇਣਗੇ, ਤਾਂ ਉਸ ਨੇ ਆਪਣੇ ਤਾਏ ਨੂੰ ਕਿਹਾ ਕਿ ਤੂੰ ਚਿੰਤਾ ਨਾ ਕਰ ਉਹ ਇਕ ਹਫਤੇ ਅੰਦਰ ਇੰਡੀਆ ਆ ਜਾਵੇਗਾ। 3 ਦਸੰਬਰ ਨੂੰ ਉਸ ਨੂੰ ਤਾਏ ਦੀ ਲੜਕੀ ਇੰਦਰਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਗਾਲਿਬ ਕਲਾਂ ਦਾ ਫੋਨ ਆਇਆ ਕਿ ਪਿਤਾ ਜਗਰੂਪ ਸਿੰਘ ਦੀ ਮੌਤ ਹੋ ਗਈ ਹੈ, ਉਸ ਨੂੰ ਕਿਹਾ ਕਿ ਮੈਂ ਇੰਡੀਆ ਆ ਰਿਹਾ ਹਾਂ, ਤੁਸੀਂ ਤਾਇਆ ਜੀ ਦਾ ਸੰਸਕਾਰ ਨਾ ਕਰਿਓ, ਉਸ ਦੀ ਉਡੀਕ ਕਰਿਓ। ਜਦ ਉਹ 6 ਦਸੰਬਰ ਨੂੰ ਘਰ ਪੁੱਜਾ ਤਾਂ ਉਸ ਨੂੰ ਪਤਾ ਲੱਗਾ ਕਿ ਤਾਇਆ ਜੀ ਦਾ ਅੰਤਿਮ ਸੰਸਕਾਰ ਕੀਤਾ ਜਾ ਚੁੱਕਾ ਸੀ। ਜਦੋਂ ਉਸ ਨੇ ਪੁੱਛਿਆ ਕਿ ਤੁਸੀਂ ਉਸ ਦੀ ਉਡੀਕ ਕਿਉਂ ਨਹੀ ਕੀਤੀ ਤਾਂ ਕਿਹਾ ਗਿਆ ਕਿ ਲਾਸ਼ ਖਰਾਬ ਹੋ ਸਕਦੀ ਸੀ। ਇਸ ਕਰ ਕੇ ਅਸੀਂ ਸਸਕਾਰ ਕਰ



ਦਿੱਤਾ। ਸ਼ੱਕ ਹੋਣ 'ਤੇ ਇਸ ਸਬੰਧੀ ਉਹ ਪੜਤਾਲ ਕਰਨ ਲੱਗਾ ਤਾਂ ਉਸ ਨੂੰ ਤਾਇਆ ਦੀ ਮ੍ਰਿਤਕ ਦੇਹ ਨਹਾਉਣ ਵਾਲਿਆਂ ਨੇ ਦੱਸਿਆ ਕਿ ਉਸ ਦੇ ਸਿਰ ਦੇ ਪਿਛਲੇ ਪਾਸੇ ਸੱਟ ਦਾ ਨਿਸ਼ਾਨ ਸੀ ਤੇ ਲਹੂ ਨਿਕਲਿਆ ਹੋਇਆ ਸੀ। ਉਸ ਨੂੰ ਸਾਡੇ ਘਰ ਦੇ ਕਿਸੇ ਜ਼ਿੰਮੇਵਾਰ ਵਿਅਕਤੀ ਨੇ ਇਕ ਪੈੱਨ ਡਰਾਈਵ ਦੇ ਕੇ ਵੀਡੀਓ ਦੇਖਣ ਲਈ ਕਿਹਾ, ਜਿਸ ਨੂੰ ਉਸ ਨੇ ਦੇਖਿਆ ਤਾਂ ਪਤਾ ਲੱਗਾ ਕਿ 3 ਦਸਬੰਰ ਨੂੰ ਤਾਏ ਦੀ ਨੂੰਹ ਸੁਰਿੰਦਰ ਕੌਰ ਨੇ ਉਸ ਦੇ ਤਾਏ ਦੀ ਕੁੱਟਮਾਰ ਕਰਦੇ ਹੋਏ ਜੋਰਦਾਰ ਧੱਕਾ ਮਾਰਿਆ, ਜਿਸ ਨਾਲ ਡਿੱਗਣ ਕਾਰਨ ਤਾਇਆ ਜੀ ਦੇ ਸਿਰ ਦੇ ਪਿਛਲੇ ਪਾਸੇ ਸੱਟ ਲੱਗੀ, ਜਿਸ ਨਾਲ ਉਸ ਦੀ ਮੌਤ ਹੋਈ ਹੈ। ਉਸੇ ਸਮੇਂ ਤਾਏ ਦਾ ਲੜਕਾ ਗੁਰਇਕਬਾਲ ਸਿੰਘ ਆਪਣੀ ਗੱਡੀ 'ਤੇ ਆਉਂਦਾ ਹੈ ਤੇ ਉਹ ਵੀ ਆਪਣੀ ਪਤਨੀ ਨੂੰ ਸ਼ਹਿ ਦਿੰਦਾ ਹੈ ਕਿ ਮਾਰ ਇਸ ਦੇ ਹੋਰ ਮਾਰ। ਇਹ ਦੋਵੇਂ ਜਣਿਆਂ ਨੇ ਮੇਰੇ ਤਾਏ ਜਗਰੂਪ ਸਿੰਘ ਨੂੰ ਮਾਰਿਆ ਹੈ ਤੇ ਬਾਅਦ 'ਚ ਆਪਣੀ ਪਤਨੀ ਨੂੰ ਕੈਨੇਡਾ ਭੇਜ ਦਿੱਤਾ। ਇਸ ਸਬੰਧੀ ਵਜ੍ਹਾ ਰੰਜਿਸ਼ ਇਹ ਹੈ ਕਿ ਇਸ ਤੋਂ ਪਹਿਲਾਂ ਜੁਲਾਈ 2024 'ਚ ਵੀ ਉਸ ਦੇ ਤਾਏ ਦੀ ਇਸ ਨੇ ਕੁੱਟਮਾਰ ਕੀਤੀ ਸੀ, ਜਿਸ ਸਬੰਧੀ ਮੋਹਤਬਰ ਵਿਅਕਤੀਆਂ ਨੇ ਇਨ੍ਹਾਂ ਦਾ ਫੈਸਲਾ ਕਰਵਾ ਦਿੱਤਾ ਸੀ ਕਿ ਗੁਰਇਕਬਾਲ ਅਤੇ ਇਸ ਦੀ ਪਤਨੀ ਸੁਰਿੰਦਰ ਕੌਰ ਦਸੰਬਰ 2024 ਤੋਂ ਪਹਿਲਾਂ-ਪਹਿਲਾਂ ਘਰ ਖਾਲੀ ਕਰ ਦੇਣਗੇ ਪਰ ਗੁਰਇਕਬਾਲ ਸਿੰਘ ਅਤੇ ਇਸ ਦੀ ਪਤਨੀ ਸੁਰਿੰਦਰ ਕੌਰ ਨੇ ਫੈਸਲੇ ਦੀ ਮਿਤੀ ਲੰਘਣ ਤੋਂ ਬਾਅਦ ਵੀ ਘਰ ਖਾਲੀ ਨਹੀਂ ਕੀਤਾ ਸੀ। ਥਾਣਾ ਮੁਖੀ ਇੰਸ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਾਤਲ ਗੁਰਇਕਬਾਲ ਸਿੰਘ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ, ਜਦਕਿ ਉਸ ਦੀ ਪਤਨੀ ਸੁਰਿੰਦਰ ਕੌਰ ਪਹਿਲਾਂ ਹੀ ਕੈਨੇਡਾ ਫਰਾਰ ਹੋ ਚੁੱਕੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ ‘ਚ ਮੀਂਹ-ਗੜ੍ਹੇਮਾਰੀ ਨੇ ਛੇੜਿਆ ਕਾਂਬਾ ! ਜਾਣੋ ਆਉਣ ਵਾਲੇ ਦਿਨਾਂ ‘ਚ ਕਿੰਝ ਦਾ ਰਹੇਗਾ ਮੌਸਮ



ਲੁਧਿਆਣਾ 30 ਦਸੰਬਰ। ਕੱਲ੍ਹ ਸਵੇਰ ਤੋਂ ਲਗਾਤਾਰ ਹੋ ਰਹੀ ਬਰਸਾਤ ਅਤੇ ਕਈ ਇਲਾਕਿਆਂ ਵਿਚ ਹੋਈ ਗੜ੍ਹੇਮਾਰੀ ਨੇ ਪੰਜਾਬ ਵਿਚ ਠੰਡ ਹੋਰ ਵਧਾ ਦਿੱਤੀ ਹੈ। ਲੋਕ ਮੋਟੀਆਂ-ਮੋਟੀਆਂ ਜੈਕਟਾਂ ਪਾਉਣ ਲਈ ਮਜਬੂਰ ਹੋ ਗਏ ਹਨ। ਕੱਲ੍ਹ ਸਾਰਾ ਦਿਨ ਹੀ ਰੁਕ-ਰੁਕ ਕੇ ਬਰਸਾਤ ਹੁੰਦੀ ਰਹੀ, ਜਿਸ ਕਾਰਨ ਲੋਕਾਂ ਦਾ ਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਰਿਹਾ। ਇਸ ਦੌਰਾਨ ਸੂਬੇ ਦੇ ਔਸਤ ਤਾਪਮਾਨ ਵਿਚ 7.2 ਡਿਗਰੀ ਦੀ ਗਿਰਾਵਟ ਆਏ। ਬਾਰਿਸ਼ ਦੇ ਮਗਰੋਂ ਹੁਣ ਸੂਬੇ ਵਿਚ ਕੋਹਰੇ ਦਾ ਅਸਰ ਵੇਖਣ ਨੂੰ ਮਿਲੇਗਾ। ਮੌਸਮ ਵਿਭਾਗ ਵੱਲੋਂ ਕੋਹਰੇ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਵੱਲੋਂ ਪੰਜਾਬ ਦੇ 17 ਜ਼ਿਲ੍ਹਿਆਂ ਲਈ ਕੋਹਰੇ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਵਿਚ ਚੰਡੀਗੜ੍ਹ ਤੋਂ ਇਲਾਵਾ ਜਲੰਧਰ, ਲੁਧਿਆਣਾ, ਬਰਨਾਲਾ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਫਿਰੋਜਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਮਾਨਸਾ, ਸੰਗਰੂਰ ਤੇ ਮਾਲੇਰਕੋਟਲਾ ਸ਼ਾਮਲ ਹਨ। ਵਿਭਾਗ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਕੁਝ ਇਲਾਕਿਆਂ ਵਿਚ ਤਾਂ ਵਿਜ਼ਿਬਿਲਿਟੀ 100 ਮੀਟਰ ਦੇ ਕਰੀਬ ਤਕ ਵੀ ਜਾ ਸਕਦੀ ਹੈ। ਇਸ ਕਾਰਨ ਵਾਹਨ ਚਾਲਕਾਂ ਨੂੰ ਬੇਹੱਦ ਅਹਿਤਿਆਤ ਨਾਲ ਵਾਹਨ ਚਲਾਉਣਾ ਪਵੇਗਾ। ਬੀਤੇ ਕੱਲ੍ਹ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿਚ ਬਾਰਿਸ਼ ਹੁੰਦੀ ਰਹੀ। ਸਵੇਰ ਤੋਂ ਸ਼ੁਰੂ ਹੋਈ ਬਰਸਾਤ ਸਾਰਾ ਦਿਨ ਜਾਰੀ ਰਹੀ ਤੇ ਰੁਕ-ਰੁਕ ਕੇ ਅਸਮਾਨ ਤੋਂ ਪਾਣੀ ਵਰ੍ਹਦਾ ਰਿਹਾ। ਇਸ ਦੌਰਾਨ ਪੰਜਾਬ ਵਿਚੋਂ ਬਰਨਾਲਾ ਵਿਚ ਸਭ ਤੋਂ ਵੱਧ ਬਾਰਿਸ਼ ਦਰਜ ਕੀਤੀ ਗਈ ਹੈ। ਵਿਭਾਗ ਮੁਤਾਬਕ ਇੱਥੇ 19 ਬਰਸਾਤ ਦਰਜ ਕੀਤੀ ਗਈ ਹੈ। ਇਸੇ ਤਰ੍ਹਾਂ ਬਠਿੰਡਾ ਵਿਚ 12, ਮੋਗਾ ਵਿਚ 10.5, ਅੰਮ੍ਰਿਤਸਰ ਵਿਚ 10, ਚੰਡੀਗੜ੍ਹ ਵਿਚ 8.8, ਮੋਹਾਲੀ ਵਿਚ 7.5, ਪਟਿਆਲਾ ਵਿਚ 5, ਪਠਾਨਕੋਟ ਵਿਚ 4 ਮੀਂਹ ਦਰਜ ਕੀਤਾ ਗਿਆ ਹੈ। ਮੌਸਮ ਵਿਭਾਗ ਮੁਤਾਬਕ ਉੱਤਰੀ ਭਾਰਤ ਵਿਚ ਪੱਛਮੀ ਗੜਬੜੀ ਅਜੇ ਵੀ ਸਰਗਰਮ ਹੈ, ਪਰ ਹੁਣ ਮੈਦਾਨੀ ਇਲਾਕਿਆਂ ਵਿਚ ਬਾਰਿਸ਼ ਦੀ ਸੰਭਾਵਨਾ ਬਹੁਤ ਘੱਟ ਹੈ। ਹਾਲਾਂਕਿ ਅੱਜ ਕਈ ਸ਼ਹਿਰਾਂ ਵਿਚ ਹਲਕੀ ਬਾਰਿਸ਼ ਜ਼ਰੂਰ ਹੋ ਸਕਦੀ ਹੈ। ਦੂਜੇ ਪਾਸੇ ਪਹਾੜਾਂ ‘ਤੇ ਬਰਫਬਾਰੀ ਅਜੇ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਦਾ ਅਸਰ ਮੈਦਾਨੀ ਇਲਾਕਿਆਂ ‘ਤੇ ਵੀ ਪਵੇਗਾ ਤੇ ਇੱਥੇ ਠੰਡ ਹੋਰ ਜ਼ੋਰ ਫੜ ਸਕਦੀ ਹੈ। ਵਿਭਾਗ ਵੱਲੋਂ ਸੂਬੇ ਵਿਚ ਕੱਲ੍ਹ ਯਾਨੀ ਐਤਵਾਰ ਲਈ ਸੀਤ ਲਹਿਰ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵਿਭਾਗ ਦਾ ਇਹ ਵੀ ਮੰਨਣਾ ਹੈ ਕਿ ਸੂਬੇ ਵਿਚ 31 ਦਸੰਬਰ ਤਕ ਧੁੰਦ ਦਾ ਅਸਰ ਵੇਖਣ ਨੂੰ ਮਿਲੇਗਾ।

### ਪੁਲਸ ਨੂੰ ਮਿਲੀ ਵੱਡੀ ਸਫਲਤਾ, ਛਾਪਾ ਮਾਰ 5 ਕਿਲੋ ਹੈਰੋਇਨ ਸਮੇਤ ਸਮੱਗਲਰ ਕੀਤਾ ਕਾਬੂ

ਲੁਧਿਆਣਾ 30 ਦਸੰਬਰ। ਵੀਰਵਾਰ ਦੇਰ ਸਾਮ ਸੀ.ਆਈ.ਏ.-1 ਦੀ ਟੀਮ ਨੇ ਗੁਪਤ ਸੂਚਨਾ ’ਤੇ ਕਾਰਵਾਈ ਕਰਦੇ ਹੋਏ ਇਕ ਨਸਾ ਸਮੱਗਲਰ ਨੂੰ ਕਾਬੂ ਕੀਤਾ ਹੈ। ਪੁਲਸ ਨੇ ਮੁਲਜਮ ਕੋਲੋਂ 5 ਕਿਲੋ ਹੈਰੋਇਨ ਤੇ ਡਰੱਗ ਮਨੀ ਬਰਾਮਦ ਕੀਤੀ ਹੈ। ਪੁਲਸ ਨੇ ਮੁਲਜਮ ਖਿਲਾਫ ਥਾਣਾ ਸਲੇਮ ਟਾਬਰੀ ’ਚ ਕੇਸ ਦਰਜ ਕੀਤਾ ਹੈ। ਪੁਲਸ ਨੇ ਮੁਲਜਮ ਦੀ ਪਛਾਣ ਕਮਲਪ੍ਰੀਤ ਸਿੰਘ



ਉਰਫ ਮਿੰਟੂ ਵਾਸੀ ਅਸ਼ੋਕ ਨਗਰ ਬੀ. ਨੇੜੇ ਖਜੂਰ ਚੌਕ ਵਜੋਂ ਕੀਤੀ ਹੈ। ਪੁਲਸ ਅਨੁਸਾਰ ਉਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਉਕਤ ਮੁਲਜਮ ਪਿਛਲੇ ਕਾਫੀ ਸਮੇਂ ਤੋਂ ਇਲਾਕੇ ’ਚ ਹੈਰੋਇਨ ਦਾ ਗੋਰਖਧੰਦਾ ਕਰ ਰਿਹਾ ਹੈ ਅਤੇ ਮੁਲਜਮ ਵੱਡੀ ਮਾਤਰਾ ’ਚ ਖੇਪ ਲੈ ਕੇ ਆਇਆ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ। ਬਾਅਦ ’ਚ ਜਦੋਂ ਪੁਲਸ ਨੇ ਮੁਲਜਮ ਦੀ ਨਿਸ਼ਾਨਦੇਹੀ ’ਤੇ ਛਾਪਾ ਮਾਰਿਆ ਤਾਂ ਘਰ ਨੂੰ ਤਾਲਾ ਲੱਗਾ ਹੋਇਆ ਮਿਲਿਆ। ਪੁਲਸ ਨੇ ਘਰ ’ਚ ਦਾਖਲ ਹੋ ਕੇ ਕਾਰਵਾਈ ਨੂੰ ਅੰਜਾਮ ਦਿੱਤਾ।

### ਹੁਬਲੀ ਗੈਸ ਸਿਲੰਡਰ ਧਮਾਕਾ ਮਾਮਲੇ ‘ਚ ਦੋ ਹੋਰ ਸਰਧਾਲੂਆਂ ਦੀ ਮੌਤ

ਹੁਬਲੀ 30 ਦਸੰਬਰ। ਇਸ ਹਫਤੇ ਦੇ ਸ਼ੁਰੂ ‘ਚ ਹੁਬਲੀ ਜ਼ਿਲੇ ‘ਚ ਗੈਸ ਸਿਲੰਡਰ ਦੇ ਧਮਾਕੇ ‘ਚ ਝੁਲਸ ਦੋ ਹੋਰ ਸਰਧਾਲੂਆਂ ਦੀ ਸ਼ੁੱਕਰਵਾਰ ਨੂੰ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਇਸ ਨਾਲ ਇਸ ਹਾਦਸੇ ਵਿੱਚ ਮਰਨ ਵਾਲਿਆਂ ਦੀ ਕੁੱਲ ਗਿਣਤੀ ਚਾਰ ਹੋ ਗਈ ਹੈ। ਸੋਮਵਾਰ ਨੂੰ ਹੁਬਲੀ ਦੇ ਸਾਈਨਗਰ ਦੇ ਅਛਵਾਨਾ ਕਾਲੋਨੀ ਵਿੱਚ ਇੱਕ ਕਮਰੇ ਵਿੱਚ ਇੱਕ ਐਲ.ਪੀ.ਜੀ. ਸਿਲੰਡਰ ਨੂੰ ਅੱਗ ਲੱਗਣ ਨਾਲ ਭਗਵਾਨ ਅਯੱਪਾ ਦੇ 9 ਸਰਧਾਲੂ ਬੁਰੀ ਤਰ੍ਹਾਂ ਸੜ ਗਏ। ਪੁਲਸ ਨੇ ਦੱਸਿਆ ਕਿ ਜਖਮੀਆਂ ‘ਚੋਂ ਦੋ ਦੀ ਵੀਰਵਾਰ ਸਵੇਰੇ ਮੌਤ ਹੋ ਗਈ, ਜਿਸ ਤੋਂ ਬਾਅਦ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਮੁਆਵਜਾ ਦੇਣ ਦਾ ਐਲਾਨ ਕੀਤਾ। ਇਕ ਸੀਨੀਅਰ ਪੁਲਸ ਅਧਿਕਾਰੀਦੱਸਿਆ ਕਿ ਜਖਮੀਆਂ ‘ਚੋਂ ਦੋ ਦੀ ਵੀਰਵਾਰ ਸਵੇਰੇ ਮੌਤ ਹੋ ਗਈ, ਜਿਸ ਤੋਂ ਬਾਅਦ ਕਰਨਾਟਕ ਦੇ ਮੁੱਖ ਮੰਤਰੀ ਨੇ ਕਿਹਾ, “ਅੱਜ (ਸ਼ੁੱਕਰਵਾਰ) ਦੋ ਹੋਰ ਜਖਮੀਆਂ ਦੀ ਮੌਤ ਹੋ ਗਈ। ਇਨ੍ਹਾਂ ‘ਚੋਂ ਇਕ ਦੀ ਸਵੇਰੇ ਮੌਤ ਹੋ ਗਈ ਜਦਕਿ ਦੂਜੇ ਦੀ ਸਾਮ ਨੂੰ ਮੌਤ ਹੋ ਗਈ। ਹਸਪਤਾਲ ਵਿੱਚ ਇਲਾਜ ਅਧੀਨ ਬਾਕੀ ਪੰਜ ਸਰਧਾਲੂਆਂ ਵਿੱਚੋਂ ਚਾਰ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

## 50 ਲਿਟਰ ਅਲਕੋਹਲ ਤੇ 15 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ 30 ਦਸੰਬਰ। ਐਕਸਾਈਜ ਵਿਭਾਗ ਤੇ ਆਰ.ਕੇ. ਇੰਟਰਪ੍ਰਾਈਜਜ ਵੱਲੋਂ ਪੁਲਸ ਨਾਲ ਸਾਂਝੀ ਰੇਡ ਦੌਰਾਨ ਥਾਣਾ ਰੰਗੜ ਨੰਗਲ ਦੇ ਪਿੰਡਾਂ ’ਚ ਚਲਾਏ ਸਰਚ ਅਭਿਆਨ ਤਹਿਤ 50 ਲਿਟਰ ਜਹਿਰੀਲੀ ਲਕੋਹਲ ਤੇ 15 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਇਥੇ ਇਹ ਵੀ ਦਸਣਯੋਗ ਹੈ ਕਿ ਇਸ ਜਹਿਰੀਲੀ ਲਕੋਹਲ ਤੋਂ 600 ਬੋਤਲਾਂ ਸਰਾਬ ਬਣਾਈ ਜਾਣੀ ਸੀ ਤੇ ਸਾਲ 2020 ’ਚ 24 ਦੇ ਕਰੀਬ ਪੀਣ ਵਾਲੇ ਵਿਅਕਤੀਆਂ ਦੀ ਜਹਿਰੀਲੀ ਅਲਕੋਹਲ ਪੀਣ ਨਾਲ ਮੌਤ ਹੋ ਗਈ ਸੀ। ਇਸ ਵਾਰ 50 ਲਿਟਰ ਅਲਕੋਹਲ ਬਰਾਮਦ ਕਰਕੇ ਕਈ ਜਾਨਾਂ ਨੂੰ ਐਕਸਾਈਜ ਵਿਭਾਗ ਵੱਲੋਂ ਬਚਾਇਆ ਗਿਆ ਹੈ। ਆਰ.ਕੇ. ਇੰਟਰਪ੍ਰਾਇਜਜ ਦੇ ਮੇਨ ਇੰਚਾਰਜ ਰਾਹੁਲ ਭੱਲਾ ਤੇ ਜੀ.ਐੱਮ. ਗੁਰਪ੍ਰੀਤ ਗੋਪੀ ਉੱਪਲ ਨੇ ਦੱਸਿਆ ਕਿ ਈ.ਟੀ.ਓ. ਐਕਸਾਈਜ ਦਵਿੰਦਰ ਸਿੰਘ, ਐਕਸਾਈਜ ਇੰਸਪੈਕਟਰ ਗੁਰਬਿੰਦਰ ਸਿੰਘ, ਇੰਸਪੈਕਟਰ ਵਿਜੇ ਕੁਮਾਰ, ਇੰਸਪੈਕਟਰ ਅਨਿਲ ਕੁਮਾਰ, ਐਕਸਾਈਜ ਪੁਲਸ ਸਟਾਫ ਇੰਚਾਰਜ ਏ.ਐੱਸ.ਆਈ. ਸਰੂਪ ਸਿੰਘ, ਏ.ਐੱਸ.ਆਈ. ਬਲਵਿੰਦਰ ਸਿੰਘ ਹੌਲਦਾਰ ਨਰਿੰਦਰ, ਹੌਲਦਾਰ ਗਗਨ, ਇੰਚਾਰਜ ਮਾਣ ਸਿੰਘ, ਇੰਚਾਰਜ ਗੁਰਮੀਤ ਸਿੰਘ ਤੁੜ, ਸਿਪਾਹੀ ਮਨਦੀਪ ਸਿੰਘ ’ਤੇ ਅਧਾਰਿਤ ਰੇਡ ਪਾਰਟੀ ਟੀਮ ਕਿਸੇ ਖਾਸ ਮੁਖਬਰ ਨੇ ਦੀ ਇਤਲਾਹ ’ਤੇ ਜਾ ਕੇ ਰੇਡ ਕੀਤੀ ਤਾਂ ਪਲਾਸਟਿਕ ਦੇ ਕੈਨ ਤੇ ਪੈਪਸੀ ਦੀਆਂ ਬੋਤਲਾਂ ’ਚ 50 ਲਿਟਰ ਐਲਕੋਹਲ ਤੇ 15 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਜਿਸਨੂੰ ਬਾਅਦ ’ਚ ਥਾਣਾ ਰੰਗੜ ਨੰਗਲ ਦੇ ਐੱਸ.ਐੱਚ.ਓ. ਗਗਨਦੀਪ ਸਿੰਘ, ਥਾਣੇਦਾਰ ਸੁਰਿੰਦਰਪਾਲ, ਏ.ਐੱਸ.ਆਈ. ਮੁਖਤਿਆਰ ਸਿੰਘ ਤੇ ਏ.ਐੱਸ.ਆਈ. ਪਰਮਿੰਦਰ ਸਿੰਘ ਸੋਹਲ ਵੱਲੋਂ ਅਲਕੋਹਲ ਤੇ ਸਰਾਬ ਨੂੰ ਕਸਟਡੀ ’ਚ ਲੈ ਕੇ ਮੁਕੱਦਮਾ ਨੰਬਰ 109 ਐਕਸਾਈਜ ਐਕਟ ਤਹਿਤ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ।ਇਸ ਮੌਕੇ ਸੁਰਿੰਦਰ ਸਿੰਘ, ਇੰਚਾਰਜ ਦਲਬੀਰ ਸਿੰਘ ਤਲਵੰਡੀ, ਹਰਪ੍ਰੀਤ ਸਿੰਘ ਬਿੱਲਾ ਢੀਂਡਸਾ, ਹਰਭੇਜ ਸਿੰਘ ਤਲਵੰਡੀ, ਵਿੱਕੀ, ਜਗਜੀਤ, ਪ੍ਰਿੰਸ, ਹਰਿੰਦਰ ਸਿੰਘ, ਰਾਜਿੰਦਰ ਬਾਬਾ, ਸੁਲੱਖਣ ਸਿੰਘ ਆਦਿ ਹਾਜਰ ਸਨ।



### ਤੀਜੀ ਬੇਟੀ ਹੋਣ ’ਤੇ ਪਤੀ ਨੇ ਪਤਨੀ ਨੂੰ ਜਿੰਦਾ ਸਾੜਿਆ

ਪਰਭਨੀ , 30 ਦਸੰਬਰ। ਮਹਾਰਾਸਟਰ ਦੇ ਪਰਭਨੀ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਨੂੰ ਜ਼ਿੰਦਾ ਸਾੜ ਦਿੱਤਾ। ਅੱਗ ਦੀਆਂ ਲਪਟਾਂ ’ਚ ਘਿਰੀ ਔਰਤ ਸੜਕ ’ਤੇ ਦੌੜਦੀ ਦਿਖੀ ਤਾਂ ਕੁਝ ਲੋਕਾਂ ਨੇ ਪਾਣੀ ਅਤੇ ਚਾਦਰਾਂ ਨਾਲ ਅੱਗ ਬੁਝਾਉਣ ਦੀ ਕੋਸ਼ਿਸ ਕੀਤੀ ਪਰ ਔਰਤ ਨੂੰ ਬਚਾਇਆ ਨਹੀਂ ਜਾ ਸਕਿਆ। ਸਨੀਵਾਰ ਨੂੰ ਵਾਪਰੀ ਇਸ ਘਟਨਾ ਦੀ ਸੀ. ਸੀ. ਟੀ. ਵੀ. ਫੁਟੇਜ ਸਾਹਮਣੇ ਆਈ ਹੈ। ਮੁਲਜਮ ਕੁੰਡਲਿਕ ਕਾਲੇ ਆਪਣੀ ਪਤਨੀ ਅਤੇ ਬੇਟੀਆਂ ਨਾਲ ਪਰਭਨੀ ਦੇ ਫਲਾਈਓਵਰ ਇਲਾਕੇ ’ਚ ਰਹਿੰਦਾ ਸੀ। ਪੁਲਸ ਨੇ ਦੱਸਿਆ ਕਿ ਮੁਲਜਮ ਕੁਝ ਦਿਨ ਪਹਿਲਾਂ ਤੀਜੀ ਵਾਰ ਪਿਤਾ ਬਣਿਆ ਸੀ। ਉਸ ਦੀਆਂ ਪਹਿਲਾਂ ਹੀ 2 ਧੀਆਂ ਸਨ, ਇਸ ਵਾਰ ਵੀ ਬੇਟੀ ਹੋਣ ਕਾਰਨ ਉਹ ਆਪਣੀ ਪਤਨੀ ਤੋਂ ਬੇਹੱਦ ਨਾਰਾਜ ਸੀ। ਉਸ ਦੀ ਭਰਜਾਈ ਨੇ ਕੁੰਡਲਿਕ ਖ਼ਿਲਾਫ ਥਾਣੇ ਵਿਚ ਕਤਲ ਦਾ ਕੇਸ ਦਰਜ ਕਰਵਾਇਆ ਹੈ। ਪੁਲਸ ਨੇ ਕੁੰਡਲਿਕ ਨੂੰ ਹਿਰਾਸਤ ਵਿਚ ਲੈ ਲਿਆ ਹੈ।

### ਮਹਾਰਾਸ਼ਟਰ ’ਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ 16 ਬੰਗਲਾਦੇਸ਼ੀ ਗ੍ਰਿਫਤਾਰ

ਮੁੰਬਈ/ਜਾਲਨਾ, 30 ਦਸੰਬਰ। ਮਹਾਰਾਸਟਰ ਦੇ ਅੱਤਵਾਦ ਵਿਰੋਧੀ ਦਸਤੇ (ਏ. ਟੀ. ਐੱਸ.) ਨੇ ਭਾਰਤ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਅਤੇ ਬਿਨਾਂ ਪ੍ਰਮਾਣਿਕ ਦਸਤਾਵੇਜਾਂ ਦੇ ਰਹਿਣ ਦੇ ਦੋਸ ’ਚ 6 ਔਰਤਾਂ ਸਮੇਤ 16 ਬੰਗਲਾਦੇਸੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏ. ਟੀ. ਐੱਸ. ਵੱਲੋਂ ਸੂਰੂ ਕੀਤੇ ਗਏ ਵਿਸੇਸ ਆਪ੍ਰੇਸਨ ਦੌਰਾਨ ਇਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਕ ਅਧਿਕਾਰੀ ਨੇ ਕਿਹਾ ਕਿ ਨਵੀ ਮੁੰਬਈ, ਠਾਣੇ ਅਤੇ ਸੋਲਾਪੁਰ ’ਚ ਪੁਲਸ ਦੀ ਮਦਦ ਨਾਲ ਪਿਛਲੇ 24 ਘੰਟਿਆਂ ਵਿਚ ਕਾਰਵਾਈ ਕੀਤੀ ਗਈ।

## ਪੰਜਾਬ ‘ਚ ਇਸ ਦਿਨ ਸਰਕਾਰੀ ਤੇ ਗੈਰ-ਸਰਕਾਰੀ, ਵਪਾਰਕ ਤੇ ਸਿੱਖਿਆ ਸੰਸਥਾਵਾਂ ਸਮੇਤ ਕਈ ਅਦਾਰੇ ਰਹਿਣਗੇ ਬੰਦ

ਬਟਾਲਾ 30 ਦਸੰਬਰ। ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਕਿਸਾਨ ਮਜਦੂਰ ਮੋਰਚਾ ਦੇ ਸੀਨੀਅਰ ਆਗੂ ਸੁਵਿੰਦਰ ਸਿੰਘ ਚਤਾਲਾ ਅਤੇ ਹਰਵਿੰਦਰ ਸਿੰਘ ਮਸਾਣੀਆਂ ਨੇ ਪ੍ਰੈੱਸ ਨੂੰ ਸਾਂਝਾ ਬਿਆਨ ਦਿੰਦਿਆਂ ਹੋਇਆਂ ਕਿਹਾ ਕਿ 30 ਦਸੰਬਰ ਨੂੰ ਕਿਸਾਨ ਮਜਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਵੱਲੋਂ ਮੁਕੰਮਲ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਾ ਕਰਨ ਦੇ ਵਿਰੋਧ ਵਿਚ ਲਗਾਤਾਰ ਦਸ ਮਹੀਨੇ ਤੋਂ ਸ਼ੰਭੂ ’ਤੇ ਖਨੌਰੀ ਬਾਰਡਰ ਉੱਤੇ ਧਰਨਾ ਚੱਲ ਰਿਹਾ ਹੈ ਜਿਸ ਦੇ ਵਿਚ ਲਗਭਗ 38 ਸੰਘਰਸ਼ੀ ਯੋਧੇ ਸ਼ਹੀਦੀਆਂ ਪਾ ਗਏ ਹਨ ਅਤੇ ਪਿਛਲੇ 29 ਦਿਨ ਤੋਂ ਗੈਰ- ਰਾਜਨੀਤਿਕ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ’ਤੇ ਬੈਠੇ ਹੋਏ ਹਨ। ਉਨ੍ਹਾਂ ਕਿਹਾ ਕਿ ਅਜੇ ਵੀ ਸਰਕਾਰ ਝੂਠੇ ਬਿਆਨਾਂ ਤੋਂ ਇਲਾਵਾ ਕਿਸਾਨਾਂ ਦੀਆਂ ਜਾਇਜ ਮੰਗਾਂ ਉੱਤੇ ਕੋਈ ਵੀ ਧਿਆਨ ਨਹੀਂ ਦੇ ਰਹੀ। ਉਨ੍ਹਾਂ ਪੰਜਾਬ ਦੀਆਂ ਸਾਰੀਆਂ ਸਰਕਾਰੀ ਅਤੇ ਗੈਰ-ਸਰਕਾਰੀ, ਵਪਾਰਕ ਸੰਸਥਾਵਾਂ, ਸਿੱਖਿਆ ਸੰਸਥਾਵਾਂ, ਆਵਾਜਾਈ ਵਿਭਾਗ, ਵਿਦਿਆਰਥੀ ਜਥੇਬੰਦੀਆਂ ਨੂੰ ਵੱਡੇ ਪੱਧਰ ’ਤੇ ਅਪੀਲ ਕੀਤੀ ਕਿ ਇਹ ਜੰਗ ਜੇਕਰ ਸਮਾਂ ਰਹਿੰਦਿਆਂ ਨਾ ਲੜੀ ਗਈ ਤਾਂ ਹਰੇਕ ਦੇ ਘਰ ਤੱਕ ਇਹ ਪਹੁੰਚ ਜਾਵੇਗੀ ਅਤੇ ਅੱਜ ਏਕਤਾ ਦੇ ਰੂਪ ਦੇ ਵਿਚ ਸਾਨੂੰ ਸਾਰਿਆਂ ਨੂੰ ਅੱਗੇ ਵੱਧ ਕੇ ਇਸ ਬੰਦ ਦੀ ਕਾਲ ਦਾ ਸਮਰਥਨ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਦੇ ਵਿਚ ਡਟਣ ਤੇ ਸਾਥ ਦੇਣ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ 30 ਦਸੰਬਰ ਨੂੰ ਸਵੇਰੇ 7 ਵਜੇ ਤੋਂ ਲੈ ਕੇ 4 ਵਜੇ ਤੱਕ ਮੁਕੰਮਲ ਬੰਦ ਰਹੇਗਾ। ਇਸ ਮੌਕੇ ਜੋਨ ਪ੍ਰਧਾਨ ਹਰਭਜਨ ਸਿੰਘ ਵੈਰੋ ਨੰਗਲ, ਸਤਨਾਮ ਸਿੰਘ, ਪਰਮਿੰਦਰ ਸਿੰਘ ਚੀਮਾ, ਅਨੋਖ ਸਿੰਘ ਸੁਲਤਾਨੀ ਆਦਿ ਹਾਜ਼ਰ ਸਨ।



## ਘਰ ‘ਚ ਸੁੱਤੇ ਪਏ ਕਿਸਾਨ ਦਾ ਗਲਾ ਘੁੱਟ ਕਰ ‘ਤਾ ਕਤਲ, ਫੈਲੀ ਸਨਸਨੀ

ਬਰੇਲੀ 30 ਦਸੰਬਰ। ਬਰੇਲੀ ਜ਼ਿਲ੍ਹੇ ਦੇ ਦਿਹਾਤੀ ਖੇਤਰ ਦੇ ਸਿਰੌਲੀ ਥਾਣਾ ਖੇਤਰ ਦੇ ਜਗਨਨਾਥਪੁਰ ‘ਚ ਸੁੱਤੇ ਪਏ ਇਕ ਕਿਸਾਨ ਦੀ ਅਣਪਛਾਤੇ ਲੋਕਾਂ ਵਲੋਂ ਕਥਿਤ ਤੌਰ ‘ਤੇ ਗਲਾ ਘੁੱਟ ਕੇ ਹੱਤਿਆ ਕਰ ਦਿੱਤੇ ਜਾਣ ਦੀ ਸੂਚਨਾ ਮਿਲੀ ਹੈ। ਪੁਲਸ ਨੇ ਸਨੀਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ ਹੈ। ਪੁਲਸ ਅਨੁਸਾਰ ਇਹ ਘਟਨਾ ਸੁੱਕਰਵਾਰ/ਸਨੀਵਾਰ ਦੀ ਦਰਮਿਆਨੀ ਰਾਤ ਕਰੀਬ 2.30 ਵਜੇ ਵਾਪਰੀ, ਜਦੋਂ ਗਿਆਨੀ ਪ੍ਰਸਾਦ (62) ਆਪਣੇ ਘਰ ਦੇ ਵਰਾਂਡੇ ਵਿੱਚ ਸੌਂ ਰਿਹਾ ਸੀ। ਉੱਤਰੀ ਖੇਤਰ ਦੇ ਵਧੀਕ ਪੁਲਸ ਸੁਪਰਡੈਂਟ (ਏ.ਐੱਸ.ਪੀ.) ਮੁਕੇਸ ਚੰਦਰ



ਮਿਸਰਾ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਜਦੋਂ ਥਾਣਾ ਸਦਰ ਦੀ ਪੁਲਸ ਮੌਕੇ ‘ਤੇ ਪਹੁੰਚੀ ਤਾਂ ਉਨ੍ਹਾਂ ਦੇਖਿਆ ਕਿ ਪ੍ਰਸਾਦ ਦੀ ਲਾਸ ਬੈੱਡ ‘ਤੇ ਪਈ ਸੀ। ਉਸ ਦੀ ਗਰਦਨ ‘ਤੇ ਨਿਸਾਨ ਹੋਣ ਤੋਂ ਇਲਾਵਾ ਮੂੰਹ ਅਤੇ ਨੱਕ ਵਿੱਚੋਂ ਖੂਨ ਨਿਕਲ ਰਿਹਾ ਸੀ। ਅਧਿਕਾਰੀ ਨੇ ਕਿਹਾ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਲਦ ਹੀ ਕਾਤਲਾਂ ਨੂੰ ਫੜ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਮ੍ਰਿਤਕ ਦੇ ਭਰਾ ਪੰਪਲ ਨੇ ਦੱਸਿਆ ਕਿ ਗਿਆਨੀ ਪ੍ਰਸਾਦ ਦੀ ਕਿਸੇ ਨਾਲ ਕੋਈ ਦੁਸਮਣੀ ਨਹੀਂ ਸੀ, ਫਿਰ ਵੀ ਉਸ ਦਾ ਕਤਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਕਾਤਲਾਂ ਖ਼ਿਲਾਫ ਪੁਲਸ ਨੂੰ ਸ਼ਿਕਾਇਤ ਦਿੱਤੀ ਜਾਵੇਗੀ।

### ਆਲਟੋ ਕਾਰ ਸਵਾਰ ਦੋ ਨੌਜਵਾਨ 140 ਗ੍ਰਾਮ ਨਸ਼ੀਲੇ ਪਾਊਡਰ ਸਣੇ ਕਾਬੂ

ਤਪਾ ਮੰਡੀ 30 ਦਸੰਬਰ। ਤਪਾ ਪੁਲਸ ਨੇ ਆਲਟੋ ਕਾਰ ਸਵਾਰ ਦੋ ਨੌਜਵਾਨਾਂ ਨੂੰ 140 ਗ੍ਰਾਮ ਨਸ਼ੀਲੇ ਪਦਾਰਥ ਸਣੇ ਕਾਬੂ ਕਰਨ ‘ਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁੱਖੀ ਤਪਾ ਇੰਸਪੈਕਟਰ ਸੰਦੀਪ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ ਬਰਨਾਲਾ ਦੇ ਨਿਰਦੇਸ਼ਾਂ ਅਤੇ ਡੀ.ਐੱਸ.ਪੀ ਤਪਾ ਬਲਜੀਤ ਸਿੰਘ ਢਿੱਲੋਂ ਦੇ ਹੁਕਮਾਂ ‘ਤੇ ਨਸ਼ਿਆਂ ਖ਼ਿਲਾਫ ਚਲਾਈ ਮੁਹਿੰਮ ਦੌਰਾਨ ਏ.ਐੱਸ.ਆਈ ਜਸਵੀਰ ਸਿੰਘ ਦੀ ਅਗਵਾਈ ‘ਚ ਪੁਲਸ ਪਾਰਟੀ ਘੁੜੈਲੀ ਪੁਲ ਹੇਠਾਂ ਆਉਣ-ਜਾਣ ਵਾਲੇ



ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇਕ ਆਲਟੋ ਕਾਰ ਜੋ ਘੁੜੈਲੀ ਸਾਈਡ ਤੋਂ ਸ਼ਹਿਰ ਵੱਲ ਨੂੰ ਜਾ ਰਹੀ ਸੀ ਨੂੰ ਰੋਕਿਆ ਤਾਂ ਦੋ ਨੌਜਵਾਨ ਕਾਰ ਦੀਆਂ ਅਗਲੀਆਂ ਸੀਟਾਂ ‘ਤੇ ਬੈਠੇ ਸਨ। ਡਰਾਇਵਰ ਸੀਟ ‘ਤੇ ਬੈਠੇ ਨੌਜਵਾਨ ਨੇ ਆਪਣਾ ਨਾਮ ਰਵਿੰਦਰ ਪਾਲ ਸਿੰਘ ਉਰਫ ਗੁਰਵਿੰਦਰ ਪੁੱਤਰ ਜਗਰਾਜ ਸਿੰਘ ਵਾਸੀ ਕਾਂਗੜ ਪੱਤੀ ਭਾਈਰੂਪਾ ਦੱਸਿਆ ਅਤੇ ਦੂਸਰੇ ਨੌਜਵਾਨ ਨੇ ਆਪਣਾ ਨਾਮ ਤੇਜਿੰਦਰ ਸਿੰਘ ਉਰਫ ਕੋਕਾ ਪੁੱਤਰ ਸ਼ੇਰਾ ਸਿੰਘ ਵਾਸੀ ਕਾਂਗੜ ਦੱਸਿਆ। ਇਸ ਦੌਰਾਨ ਜਦੋਂ ਹੈਂਡ ਬਰੇਕਾਂ ਵਿਚਾਰ ਪਏ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਕਰੀਮ ਰੰਗ ਦਾ ਨਸ਼ੀਲਾ ਪਾਊਡਰ ਤੋਲਣ ‘ਤੇ 140 ਗ੍ਰਾਮ ਬਰਾਮਦ ਕੀਤਾ। ਪੁਲਸ ਨੇ ਕਾਰ ਸਣੇ ਦੋਵਾਂ ਨੌਜਵਾਨਾਂ ਨੂੰ ਕਾਬੂ ਕਰਕੇ ਮਾਮਲਾ ਦਰਜ ਕਰਕੇ ਅੱਜ ਮਾਨਯੋਗ ਅਦਾਲਤ ‘ਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

## ਪੰਜਾਬ ਦੀਆਂ ਜੇਲ੍ਹਾਂ ‘ਚ ਪਰਿੰਦਾ ਵੀ ਪਰ ਨਹੀਂ ਮਾਰ ਸਕੇਗਾ, ਸਰਕਾਰ ਚੁੱਕਣ ਜਾ ਰਹੀ ਵੱਡਾ ਕਦਮ

ਚੰਡੀਗੜ੍ਹ/ਜਲੰਧਰ 30 ਦਸੰਬਰ। ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ਼ੁੱਕਰਵਾਰ ਨੂੰ ਜੇਲ੍ਹ ਵਿਭਾਗ ਵਲੋਂ ਸਾਲ 2024 ਦੌਰਾਨ ਸੁਰੱਖਿਆ ਉਪਾਵਾਂ ਨੂੰ ਮਜਬੂਤ ਕਰਨ ਤੇ ਕੈਦੀਆਂ ਦੇ ਮੁੜ-ਵਸੇਬੇ ਲਈ ਕੀਤੀਆਂ ਗਈਆਂ ਅਹਿਮ ਪਹਿਲ ਕਦਮੀਆਂ ’ਤੇ ਚਾਨਣਾ ਪਾਇਆ। ਸੂਬੇ ’ਚ ਜੇਲ੍ਹਾਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲੁਧਿਆਣਾ ਨੇੜੇ 50 ਏਕੜ ਰਕਬੇ ’ਚ 100 ਕਰੋੜ ਰੁਪਏ ਦੀ ਲਾਗਤ ਨਾਲ ਉੱਚ ਸੁਰੱਖਿਆ ਜੇਲ੍ਹ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਸ ਜੇਲ੍ਹ ਦੇ ਮੁਕੰਮਲ ਹੋਣ ਉਪਰੰਤ ਇੱਥੇ 300 ਖਤਰਨਾਕ ਕੈਦੀਆਂ ਨੂੰ ਰੱਖਿਆ ਜਾਵੇਗਾ। ਹੋਰ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਭਾਗ ਵਲੋਂ ਟੈਕਨਾਲੋਜੀ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਤਹਿਤ 8 ਕੇਂਦਰੀ ਜੇਲ੍ਹਾਂ ’ਚ ਏ. ਆਈ. ਆਧਾਰਿਤ ਸੀ. ਸੀ .ਟੀ. ਵੀ. ਨਿਗਰਾਨ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ ਤਾਂ ਜੋ ਪਾਬੰਦੀਸੁਦਾ ਪਦਾਰਥਾਂ ਦੇ ਸੁੱਟੇ ਜਾਣ, ਕੰਧ ਟੱਪਣ ਅਤੇ ਅਣ-ਅਧਿਕਾਰਤ ਮੋਬਾਇਲ ਵਰਤੋਂ ਦਾ ਪਤਾ ਲਾਇਆ ਜਾ ਸਕੇ। ਇਸ ਪ੍ਰਣਾਲੀ ਦਾ ਵਿਸਥਾਰ 6 ਹੋਰ ਜੇਲ੍ਹਾਂ ’ਚ ਕੀਤਾ ਜਾਵੇਗਾ। ਕੇਂਦਰੀ ਜੇਲ੍ਹ ਬਠਿੰਡਾ ’ਚ ਵੀ-ਕਵਚ ਜੈਮਰ ਨੂੰ ਸਫਲਤਾ ਪੂਰਵਕ ਲਾਗੂ ਕਰਨ ਉਪਰੰਤ 12 ਸੰਵੇਦਨਸੀਲ ਜੇਲ੍ਹਾਂ ’ਚ ਇਸ ਨੂੰ ਸਥਾਪਿਤ ਕੀਤੇ ਜਾਣ ਦੀ ਪ੍ਰਕਿਰਿਆ ਜਾਰੀ ਹੈ। ਬਠਿੰਡਾ ਜੇਲ੍ਹ ’ਚ ਸੁਰੱਖਿਆ ਲਈ ਇਕ ਵਾਧੂ ਸੀ. ਆਰ. ਪੀ. ਐੱਫ. ਕੰਪਨੀ ਵੀ ਤਾਇਨਾਤ ਕੀਤੀ ਗਈ ਹੈ। ਜੇਲ੍ਹ ਮੰਤਰੀ ਨੇ ਦੱਸਿਆ ਕਿ ਅਣ-ਅਧਿਕਾਰਤ ਮੋਬਾਇਲ ਵਰਤੋਂ ਰੋਕਣ ਦੇ ਨਾਲ-ਨਾਲ ਸੰਚਾਰ ਦੀਆਂ ਆਧੁਨਿਕ ਤਕਨੀਕਾਂ ਦੀ ਵਰਤੋਂ ਤਹਿਤ ਜੇਲ੍ਹਾਂ ’ਚ 750 ਤੋਂ ਵੱਧ ਕਾਲਿੰਗ ਸਿਸਟਮ ਸਥਾਪਿਤ ਕੀਤੇ ਜਾ ਰਹੇ ਹਨ ਤਾਂ ਜੋ ਕੈਦੀ ਆਪਣੇ ਪਰਿਵਾਰਾਂ ਅਤੇ ਵਕੀਲਾਂ ਨਾਲ ਗੱਲ ਕਰ ਸਕਣ। ਕੈਦੀਆਂ ਦੇ ਮੁੜ-ਵਸੇਬੇ ਸਬੰਧੀ ਉਪਰਾਲਿਆਂ ਬਾਰੇ ਗੱਲ ਕਰਦਿਆਂ ਭੁੱਲਰ ਨੇ ਦੱਸਿਆ ਕਿ ‘ਸਿੱਖਿਆ ਦਾਤ ਪ੍ਰਾਜੈਕਟ’ ਤਹਿਤ 2200 ਕੈਦੀ ਵਿੱਦਿਅਕ ਕੋਰਸ ਕਰ ਰਹੇ ਹਨ, ਜਦੋਂ ਕਿ 513 ਕੈਦੀ ਇਸ ਸਾਲ ਦਸੰਬਰ ’ਚ ਸ਼ੁਰੂ ਹੋਣ ਵਾਲੇ ਇਲੈਕਟ੍ਰੀਕਲ ਵਰਕ, ਪਲੰਬਿੰਗ ਤੇ ਟੇਲਰਿੰਗ ਸਮੇਤ ਵੱਖ-ਵੱਖ ਹੁਨਰ ਵਿਕਾਸ ਪ੍ਰੋਗਰਾਮਾਂ ’ਚ ਰਜਿਸਟਰ ਕੀਤੇ ਜਾ ਰਹੇ ਹਨ।

ਵਿਭਾਗ ਵਲੋਂ ਨਾਭਾ ਤੇ




**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son’s service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son’s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

**ਵਿਸ਼ੇਸ਼ ਰੇਲਗੱਡੀ ਦੇ ਸੰਚਾਲਨ ਸਮੇਂ ਵਿਚ ਵਾਧਾ**

ਸਰਵ ਸਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੇਲਵੇ ਦੁਆਰਾ ਰੇਲਗੱਡੀ ਨੰ. 05577/05578 ਸਹਰਸਾ ਜੰ. ਆਨੰਦ ਵਿਹਾਰ ਟ.- ਸਹਰਸਾ ਜੰ. ਗਰੀਬ ਰਥ ਸਪੈਸ਼ਲ ਦੇ ਸੰਚਾਲਨ ਸਮੇਂ ਨੂੰ ਵਧਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਵੇਰਵਾ ਹੇਠਾਂ ਅਨੁਸਾਰ ਹੈ:-

| ਰੇਲਗੱਡੀ ਨੰਬਰ | ਸਟੇਸ਼ਨ ਤੋਂ | ਸਟੇਸ਼ਨ ਤਕ | ਚੱਲਣ ਦੇ ਦਿਨ | ਪੂਰਵ ਅਧਿਸੂਚਿਤ ਮਿਤੀ | ਵਿਸਤਾਰ ਦਾ ਸਮਾਂ |
|---|---|---|---|---|---|
| 05577 | ਸਹਰਸਾ ਜੰ. | ਆਨੰਦ ਵਿਹਾਰ ਟ. | ਵੀਰ, ਸ਼ਨੀ ਨੂੰ ਛੱਡ ਕੇ | 31.12.24 | 01.01.25 ਤੋਂ 28.02.25 |
| 05578 | ਆਨੰਦ ਵਿਹਾਰ ਟ. | ਸਹਰਸਾ ਜੰ. | ਸ਼ਨੀ, ਸੋਮ ਨੂੰ ਛੱਡ ਕੇ | 02.01.25 | 03.01.25 ਤੋਂ 02.03.25 |

ਨੋਟ:- ਬਾਕੀ ਜਾਣਕਾਰੀ ਉਹੀ ਹੈ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਦੀ ਵਿਸਤ੍ਰਿਤ ਸਮੇਂ-ਸਾਰਣੀ ਅਤੇ ਸ਼੍ਰੇਣੀਆਂ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ.139 ’ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਦੇਖਣ।

’ਤੇ ਸਾਨੂੰ ਫਾਲੋ ਕਰੋ

ਰੇਲਮਦਦ ਹੈਲਪਲਾਈਨ ਨੰ. 139

ਰੇਲਮਦਦ ਵੈਬਸਾਈਟ ਦੇਖੋ : www.railmadad.indianrailways.gov.in

ਰੇਲਮਦਦ ਐਪ ਡਾਊਨਲੋਡ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਲਕਸ਼
ਸਾਨੂੰ www.nr.indianrailways.gov.in ’ਤੇ ਮਿਲੋ
3983/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਲੋਕਾਂ ਤੋਂ ਵੀਰ ਸਾਹਿਬਜਾਦਿਆਂ ਦੇ ਬਲੀਦਾਨ ਤੋਂ ਪ੍ਰੇਰਣਾ ਲੈਣ ਦੀ ਕੀਤੀ ਅਪੀਲ

**➢ ਨਸ਼ੇ ਦੀ ਆਦਤ ਦੇ ਖਿਲਾਫ ਜਨ ਅੰਦੋਲਨ ਚਲਾਉਣ ਦੀ ਵੀ ਕੀਤੀ ਅਪੀਲ ➢ ਕੁਰੂਕਸ਼ੇਤਰ ਵਿਚ ਪ੍ਰਬੰਧਿਤ ਹੋਇਆ ਰਾਜ ਪੱਧਰੀ 'ਵੀਰ ਬਾਲ ਦਿਵਸ' ਪ੍ਰੋਗ੍ਰਾਮ**

**ਚੰਡੀਗੜ੍ਹ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰ ਬਾਲ ਦਿਵਸ ਮੌਕੇ 'ਤੇ ਲੋਕਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆਂ ਵੱਲੋਂ ਦਿੱਤੇ ਗਏ ਬਲਿਦਾਨਾਂ ਤੋਂ ਪ੍ਰੇਰਣਾ ਲੈਣ ਦੀ ਅਪੀਲ ਕਰਦੇ ਹੋਏ ਮਾਂਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਾਹਿਬਜਾਦਿਆਂ ਦੀ ਤਰ੍ਹਾਂ ਹਿੰਮਤ, ਤਿਆਗ ਅਤੇ ਜਿਮੇਵਾਰੀਆਂ ਦਾ ਮਹਤੱਵ ਸਿਖਾਉਂਣ ਅਤੇ ਉਨ੍ਹਾਂ ਦੇ ਜੀਵਨ ਵਿਚ ਇੰਨ੍ਹਾਂ ਮੁੱਲਾਂ ਨੂੰ ਸ਼ਾਮਿਲ ਕਰਨ। ਇੱਹੀ ਉਨ੍ਹਾਂ ਦੇ ਵਿਲੱਖਣ ਬਲਿਦਾਨ ਦੇ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸਾਰੇ ਧਰਮ ਗੁਰੂਆਂ ਅਤੇ ਸਾਰੇ ਸਮਾਜਿਕ ਸੰਸਥਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਨਸ਼ੇ ਵਰਗੀ ਸਮਾਜਿਕ ਬੁਰਾਈ ਦੇ ਖਿਲਾਫ ਇੱਕਜੁੱਟ ਹੋ ਕੇ ਜਨ ਅੰਦੋਲਨ ਚਲਾਉਣ, ਤਾਂ ਜੋ ਇਸ ਗੰਭੀਰ ਸਮਸਿਆ ਨੂੰ ਜੜ੍ਹ ਤੋਂ ਖਤਮ ਕਰ ਨੌਜੁਆਨ ਸ਼ਕਤੀ ਨੂੰ ਬਚਾਇਆ ਜਾ ਸਕੇ।

ਮੁੱਖ ਮੰਤਰੀ ਅੱਜ ਕੁਰੂਕਸ਼ੇਤਰ ਵਿਚ ਪ੍ਰਬੰਧਿਤ ਰਾਜ ਪੱਧਰੀ ਵੀਰ ਬਾਲ ਦਿਵਸ ਪ੍ਰੋਗ੍ਰਾਮ ਵਿਚ ਮੌਜੂਦ ਸੰਗਤਾਂ ਨੂੰ ਸੰਬੋਧਿਤ ਕਰ ਰਹੇ ਸਨ।

ਦੋਵਾਂ ਵੀਰ ਸਾਹਿਬਜਾਦਿਆਂ ਨੂੰ ਨਮਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਦਾ ਵਿਲੱਖਣ ਬਲਿਦਾਨ ਇਸ ਰਾਸ਼ਟਰਹਿਤ ਵਿਚ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਪ੍ਰੇਰਿਤ ਕਰਦਾ ਹੈ। ਛੋਟੀ ਜਿਹੀ ਉਮਰ ਵਿਚ ਸ਼ਹਾਦਤ ਦੇਣ ਵਾਲੇ ਵੀਰ ਸਾਹਿਬਜਾਦਿਆਂ ਦੀ ਅਮਰ ਗਾਥਾ ਇਤਿਹਾਸ ਵਿਚ ਸੁਨਹਿਰੇ ਅੱਖਰਾਂ ਵਿਚ ਦਰਜ ਹੈ।




ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰ ਸਾਹਿਬਜਾਦਿਆਂ ਦੇ ਸ਼ਹੀਦੀ ਦਿਵਸ ਨੂੰ ਹਰ ਸਾਲ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਫੈਸਲਾ ਲੈਣ ਲਈ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਦੇ ਯਤਨਾਂ ਨਾਲ ਹੁਣ ਹਰ ਸਾਲ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਪੂਰੇ ਦੇਸ਼ ਵਿਚ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੇ ਇਕ ਹੀ ਹਫਤੇ 20 ਤੋਂ 27 ਦਸੰਬਰ, 1704 ਵਿਚ ਧਰਮ ਤੇ ਆਮ ਜਨਤਾ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਸੀ। ਉਨ੍ਹਾਂ ਦੇ ਪਰਿਵਾਰ ਦੀ ਸ਼ਹਾਦਤ ਨੂੰ ਦੁਨੀਆ ਦੇ ਇਤਿਹਾਸ ਦੀ ਸੱਭ ਤੋਂ ਵੱਡੀ ਸ਼ਹਾਦਤ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਕੁਰਬਾਨੀਆਂ ਦੇਸ਼, ਧਰਮ ਅਤੇ ਸਮਾਜ ਦੀ ਰੱਖਿਆ ਲਈ ਸੀ। ਉਨ੍ਹਾਂ ਦਾ ਬਲਿਦਾਨ ਕਮਜ਼ੋਰ ਅਤੇ ਬੇਸਹਾਰਾ ਦੀ ਰੱਖਿਆ ਲਈ ਸੀ। ਉਨ੍ਹਾਂ ਨੇ ਮਨੁੱਖਤਾ ਲਈ ਸਚਾਈ, ਨਿਆਂ ਅਤੇ ਧਰਮ ਦਾ ਸੰਦੇਸ਼ ਦਿੱਤਾ।

ਸਾਹਿਬਜਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਵਾਲੇ ਮਹਾਨ ਵੀਰ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਨਮਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਹ ਪਹਿਲੇ ਅਜਿਹੇ ਸਿੱਖ ਸੇਨਾਪਤੀ ਹੋਏ, ਜਿਨ੍ਹਾਂ ਨੇ ਮੁਗਲਾਂ ਦੇ ਅਜਿੱਤ ਹੋਣ ਦਾ ਭਰਮ ਤੋੜ ਦਿੱਤਾ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਕਲਪ ਨੂੰ ਪੂਰਾ ਕਰਦੇ ਹੋਏ ਪ੍ਰਭੂਸਤਾ ਸਪੰਨ ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਦੀ ਨੀਂਹ ਰੱਖੀ, ਜੋ ਹਰਿਆਣਾ ਦੇ ਯਮੁਨਾਨਗਰ ਜਿਲ੍ਹੇ ਵਿਚ ਸਥਿਤ ਹੈ।

**ਸਿੱਖ ਇਕ ਬਹਾਦੁਰ ਕੌਮ, ਸਿੱਖ ਧਰਮ ਨੇ ਦੇਸ਼ ਨੂੰ ਦਿੱਤੇ 10 ਮਹਾਨ ਗੁਰੂ**

ਸਿੱਖ ਕੌਮ ਨੂੰ ਬਹਾਦੁਰ ਕੌਮ ਦੱਸਦੇ ਹੋਏ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿੱਖ ਧਰਮ ਨੇ ਦੇਸ਼ ਨੂੰ 10 ਮਹਾਨ ਗੁਰੂ ਦਿੱਤੇ ਅਤੇ ਇੰਨ੍ਹਾ ਗੁਰੂਆਂ ਨੇ ਦੇਸ਼ ਅਤੇ ਸਮਾਜ ਲਈ ਅਨੰਤ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀ ਪਵਿੱਤਰ ਧਰਤੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਤ ਸਾਰੇ ਗੁਰੂਆਂ ਦਾ ਡੂੰਘਾ ਸਬੰਧ ਰਿਹਾ ਹੈ। ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਸਤਿਕਾਰਯੋਗ ਸੀਸ ਨੂੰ ਆਨੰਦਪੁਰ ਸਾਹਿਬ ਪਹੁੰਚਾਉਣ ਲਈ ਆਪਣੇ ਸੀਸ ਦੇਣ ਵਾਲੇ ਕੁਸ਼ਾਲ ਦਹਿਆ ਹਰਿਆਣਾ ਦੇ ਸੋਨੀਪਤ ਵਿਚ ਬੜਖਾਲਸਾ ਪਿੰਡ ਦੇ ਨਿਵਾਸੀ ਸਨ।

ਹਰਿਆਣਾ ਦੇ ਯਮੁਨਾਨਗਰ ਸਥਿਤ ਕਪਾਲਮੋਚਨ ਤੀਰਥ ਦਾ ਵਰਨਣ ਕਰਦੇ ਹੋਏ ਕਿਹਾ ਕਿ ਇੱਥੋਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਵਧਰਮ ਸੰਭਾਵ ਲਈ ਲੰਗਰ, ਸੰਗਤ ਅਤੇ ਪੰਗਤ ਦੀ ਅਵਧਾਰਣਾ ਸ਼ੁਰੂ ਕੀਤੀ ਸੀ। ਇੱਥੇ ਭੰਗਾਣੀ ਯੁੱਧ ਦੇ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ 52 ਦਿਨ ਠਹਿਰੇ ਸਨ ਅਤੇ ਉਨ੍ਹਾਂ ਨੇ ਦਸਤਾਰਬੰਦੀ ਦੀ ਪ੍ਰਥਾ ਸ਼ੁਰੂ ਕੀਤੀ ਸੀ। ਇਸ ਤਰ੍ਹਾ, ਜਿਲ੍ਹਾ ਅੰਬਾਲਾ ਵਿਚ ਲਖਨੌਰ ਸਾਹਿਬ ਅਕਾਲਪੁਰਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਾਨਕਾ ਸੀ। ਉਨ੍ਹਾਂ ਦਾ ਇੱਥੇ ਬਚਪਨ ਬੀਤਿਆ। ਧਰਮਖੇਤਰ-ਕੁਰੂਕਸ਼ੇਤਰ ਅਤੇ ਹਰਿਆਣਾ ਦੀ ਹੋਰ ਖੇਤਰਾਂ ਵਿਚ ਸਮੇਂ-ਸਮੇਂ 'ਤੇ ਅੱਠ ਗੁਰੂਆਂ ਦਾ ਆਗਮਨ ਹੋਇਆ।

**ਪਾਣੀਪਤ ਦੀ ਇਤਿਹਾਸਕ ਧਰਤੀ 'ਤੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਵਿਚ ਰਾਜ ਪੱਧਰੀ ਸਮਾਰੋਹ ਹੋਇਆ ਪ੍ਰਬੰਧਿਤ**

ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ 'ਆਜਾਦੀ ਦਾ ਅੰਮ੍ਰਿਤ ਮਹੋਤਸਵ' ਤਹਿਤ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਪੂਰੇ ਦੇਸ਼ ਵਿਚ ਮਨਾਉਣ ਦੇ ਫੈਸਲੇ ਤਹਿਤ ਹਰਿਆਣਾ ਸਰਕਾਰ ਨੇ 2022 ਵਿਚ ਪਾਣੀਪਤ ਦੀ ਇਤਿਹਾਸਿਕ ਧਰਤੀ 'ਤੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਵਿਚ ਰਾਜ ਪੱਧਰੀ ਸਮਾਰੋਹ ਦਾ ਪ੍ਰਬੰਧ ਕੀਤਾ। ਜਿਸ ਮੈਦਾਨ 'ਤੇ ਇਹ ਸਮਾਰੋਹ ਪ੍ਰਬੰਧਿਤ ਕੀਤਾ ਗਿਆ ਉਸ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦੁਰ ਜੀ ਮੈਦਾਨ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ, ਸੂਬੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਵਿਚ ਰਾਜ ਪੱਧਰੀ ਪ੍ਰਬੰਧ ਕੀਤੇ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਸਿਰਸਾ ਵਿਚ ਗੁਰੂਦੁਆਰਾ ਸ੍ਰੀ ਚਿੱਲਾ ਸਾਹਿਬ ਨੂੰ 70 ਕਨਾਲ ਭੂਮੀ ਪ੍ਰਦਾਨ ਕੀਤੀ ਗਈ ਹੈ। ਯਮੁਨਾਨਗਰ ਵਿਚ ਬਨਣ ਵਾਲੇ ਮੈਡੀਕਲ ਕਾਲਜ ਦਾ ਨਾਂਅ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਨਾਂਅ 'ਤੇ ਨਾਂਅ ਰੱਖਿਆ ਗਿਆ ਹੈ।

ਇਸ ਤਰ੍ਹਾ, ਅਸੰਧ ਦੇ ਕਾਲਜ ਦਾ ਨਾਂਅ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬੇਟੇ ਬਾਬਾ ਫ਼ਤਿਹ ਸਿੰਘ ਜੀ ਦੇ ਨਾਂਅ 'ਤੇ ਰੱਖਿਆ ਗਿਆ ਹੈ। ਲਖਨੌਰ ਸਾਹਿਬ ਵਿਚ ਮਾਤਾ ਗੁਜਰੀ ਦੇ ਨਾਂਅ ਨਾਲ ਬੀਐਡੀਏ ਕਾਲਜ ਸਥਾਪਿਤ ਕੀਤਾ ਗਿਆ ਹੈ। ਮਹਾਨ ਗੁਰੂ ਦੇ ਸਨਮਾਨ ਵਿਚ ਪੰਚਕੂਲਾ ਤੋਂ ਪਾਊਂਟਾ ਸਾਹਿਬ ਕੌਮੀ ਰਾਜਮਾਰਗ ਦੇ ਨਾਂਅ ਬਦਲ ਕੇ ਗੁਰੂ ਗੋਬਿੰਦ ਮਾਰਗ ਰੱਖਣ ਦਾ ਫੈਸਲਾ ਕੀਤਾ ਹੈ। ਨਾਲ ਹੀ, ਵੱਖ-ਵੱਖ ਸਥਾਨਾਂ 'ਤੇ ਚੌਂਕ, ਦਰਵਾਜੇ, ਲਾਇਬ੍ਰੇਰੀ, ਸੜਕ ਆਦਿ ਦੇ ਨਾਂਅ ਗੁਰੂਆਂ ਦੇ ਨਾਂਅ 'ਤੇ ਰੱਖੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਲੋਹਗੜ੍ਹ, ਭਗਵਾਨਪੁਰ ਨੂੰ ਸੈਰ-ਸਪਾਟਾ ਹੱਬ ਵਜੋ ਵਿਕਸਿਤ ਕੀਤਾ ਜਾ ਰਿਹਾ ਹੈ। ਇਸ ਉਦੇਸ਼ ਨਾਲ ਲੋਹਗੜ੍ਹ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਟਰਸਟ ਬਣਾਇਆ ਗਿਆ ਹੈ। ਲੋਕਾਂ ਦੀ ਆਸਥਾ ਨੂੰ ਦੇਖਦੇ ਹੋਏ ਸ੍ਰੀ ਹਜ਼ੂਰ ਸਾਹਿਬ ਗੁਰੂਦੁਆਰਾ, ਸ੍ਰੀ ਨਨਕਾਨਾ ਸਾਹਿਬ, ਸ੍ਰੀ ਹੇਮਕੁੰਡ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਜਾਣ ਵਾਲੇ ਸੂਬੇ ਦੇ ਤੀਰਥ ਯਾਤਰੀਆਂ ਨੂੰ ਮਾਲੀ ਸਹਾਇਤਾ ਉਪਲਬਧ ਕਰਵਾਉਣ ਦੇ ਉਦੇਸ਼ ਨਾਲ 'ਸਵਰਣ ਜੈਯੰਤੀ ਗੁਰੂ ਦਰਸ਼ਨ ਯਾਤਰਾ ਯੋਜਨਾ' ਸ਼ੁਰੂ ਕੀਤੀ ਗਈ ਹੈ।

**ਭਾਜਪਾ ਡਿਵੀਜਨ ਪੱਧਰ 'ਤੇ ਮਨਾ ਰਹੀ ਹੈ ਵੀਰ ਬਾਲ ਦਿਵਸ - ਮੋਹਨ ਲਾਲ ਬੜੌਲੀ**

ਹਰਿਆਣਾ ਭਾਜਪਾ ਪ੍ਰਧਾਨ ਸ੍ਰੀ ਮੋਹਨ ਲਾਲ ਬੜੌਲੀ ਨੇ ਸਿੱਖ ਗੁਰੂਆਂ ਦੇ ਸਰਵੋਚ ਬਲਿਦਾਨ ਨੂੰ ਸਨਮਾਨ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਰਾਸ਼ਟਰ ਦੀ ਪ੍ਰਗਤੀ ਵੀਰਾਂ ਦੇ ਬਲਿਦਾਨ ਨੂੰ ਯਾਦ ਰੱਖਣ ਅਤੇ ਭਾਵੀ ਪੀੜੀਆਂ ਦੇ ਨਾਲ ਸਾਂਝਾ ਕਰਨ 'ਤੇ ਨਿਰਭਰ ਕਰਦੀ ਹੈ।

# ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਰਾਜਪਾਲ ਵੱਲੋਂ ਸਿਜਦਾ



**ਫ਼ਤਹਿਗੜ੍ਹ ਸਾਹਿਬ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਬ-ਏ-ਕਮਾਲ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਚੱਲ ਰਹੀ ਸ਼ਹੀਦੀ ਸਭਾ ਦੇ ਦੂਜੇ ਦਿਨ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ।

ਪੰਜਾਬ ਦੇ ਰਾਜਪਾਲ ਨੇ ਕਿਹਾ ਕਿ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਦੀ ਮਿਸਾਲ ਦੁਨੀਆਂ ਵਿੱਚ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਨੇ 9 ਸਾਲ ਤੇ 7 ਸਾਲ ਦੀ ਉਮਰ ਵਿੱਚ ਜਿਸ ਬਹਾਦਰੀ ਨਾਲ ਜਾਲਮ ਮੁਗਲ ਹਕੂਮਤ ਦਾ ਟਾਕਰਾ ਕੀਤਾ ਅਤੇ ਨਿਡਰਤਾ ਤੇ ਦ੍ਰਿੜ੍ਹਤਾ ਨਾਲ ਧਰਮ 'ਤੇ ਅਡੋਲ ਰਹੇ ਤੇ ਮਹਾਨ ਸ਼ਹਾਦਤ ਦੇ ਕੇ ਇੱਕ ਵਿਲੱਖਣ ਮਿਸਾਲ ਕਾਇਮ ਕੀਤੀ। ਉਨ੍ਹਾਂ ਹੋਰ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਲੋਕ ਸਦਾ ਯਾਦ ਰੱਖਣਗੇ। ਉਹਨਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਵੀ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਪੂਰੇ ਦੇਸ਼ ਵਿੱਚ ਨਮਨ ਕੀਤਾ ਜਾਂਦਾ ਹੈ।

ਇਸ ਮੌਕੇ ਡੀ.ਆਈ.ਜੀ. ਸ਼੍ਰੀ ਹਰਚਰਨ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਜ਼ਿਲ੍ਹਾ ਪੁਲਿਸ ਮੁਖੀ ਡਾ: ਰਵਜੋਤ ਗਰੇਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ, ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵਲੋਂ ਦਿਵਿਆਂਗ ਵਿਅਕਤੀਆਂ ਦੀ ਸਹੂਲਤ ਲਈ ਸਾਂਝੇ ਯਤਨਾਂ ਦੀ ਲੋੜ 'ਤੇ ਜ਼ੋਰ



**ਹੁਸ਼ਿਆਰਪੁਰ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜੇ.ਐਸ.ਐਸ ਆਸ਼ਾ ਦੀਪ ਵੈਲਫੇਅਰ ਸੁਸਾਇਟੀ ਸਪੈਸ਼ਲ ਸਕੂਲ, ਜਹਾਨ ਖੇਲਾਂ ਵਿਖੇ ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮਨਾਇਆ ਗਿਆ ਜਿਥੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ, ਸਹੂਲਤਾਂ ਅਤੇ ਲੋੜੀਂਦੀਆਂ ਸੇਵਾਵਾਂ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਦਿਵਿਆਂਗ ਵਿਅਕਤੀਆਂ ਦੀ ਹਰ ਸੰਭਵ ਮਦਦ ਹੋ ਸਕੇ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਦਿਵਿਆਂਗ ਵਿਅਕਤੀਆਂ ਦਾ ਸਹਿਯੋਗ ਕਰਨਾ ਸਾਰਿਆਂ ਦਾ ਫਰਜ਼ ਬਣਦਾ ਹੈ ਜਿਸ ਨੂੰ ਪੂਰੀ ਹਮਦਰਦੀ ਅਤੇ ਸੁਹਿਰਦ ਭਾਵਨਾ ਨਾਲ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਅਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸਮੇਂ-ਸਮੇਂ 'ਤੇ ਦਿਵਿਆਂਗ ਵਿਅਕਤੀਆਂ ਦੀ ਲੋੜੀਂਦੀ ਮਦਦ ਲਈ ਤਤਪਰ ਰਹਿੰਦੀ ਹੈ ਅਤੇ ਇਨ੍ਹਾਂ ਵਿਅਕਤੀਆਂ ਲਈ ਲੋੜੀਂਦੇ ਲਾਭ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮਨਾਉਣ ਦਾ ਮਕਸਦ ਦਿਵਿਆਂਗ ਵਿਅਕਤੀਆਂ ਲਈ ਭਲਾਈ ਸਕੀਮਾਂ, ਸਰਕਾਰੀ ਦਫ਼ਤਰਾਂ ਵਿਚ ਸਹੂਲਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ 'ਤੇ ਦਿੱਤੇ ਜਾਂਦੇ ਲਾਭ ਬਾਰੇ ਜਾਣਕਾਰੀ ਦਾ ਪ੍ਰਸਾਰ ਕਰਕੇ ਵੱਧ ਤੋਂ ਵੱਧ ਦਿਵਿਆਂਗ ਵਿਅਕਤੀਆਂ ਨੂੰ ਇਨ੍ਹਾਂ ਬਾਰੇ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਉਲੀਕਦਾ ਰਹੇਗਾ ਤਾਂ ਜੋ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾ ਸਕਣ।

ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਮੌਕੇ ਡਿਪਟੀ ਕਮਿਸ਼ਨਰ ਨੇ 7 ਦਿਵਿਆਂਗ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਕੰਬਲ ਵੀ ਵੰਡੇ। ਜੇ.ਐਸ.ਐਸ ਆਸ਼ਾ ਦੀਪ ਵੈਲਫੇਅਰ ਸੁਸਾਇਟੀ ਸਪੈਸ਼ਲ ਸਕੂਲ, ਜਹਾਨ ਖੇਲਾਂ, ਆਸ਼ਾ ਕਿਰਨ ਪਿੰਗਲਵਾੜਾ ਸਪੈਸ਼ਲ ਸਕੂਲ, ਕੱਕੋਂ ਅਤੇ ਬਾਹੋਵਾਲ ਸਕੂਲ ਦੇ ਦਿਵਿਆਂਗ ਵਿਦਿਆਰਥੀਆਂ ਵਲੋਂ ਸਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਨਪ੍ਰੀਤ ਸਿੰਘ, ਸਕੱਤਰ ਰੈਡ ਕਰਾਸ ਮੰਗੇਸ਼ ਸੂਦ, ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਰਵਿੰਦਰ ਕੌਰ, ਦਯਾ ਰਾਣੀ, ਸਟੇਟ ਐਵਾਰਡੀ ਜਰਨੈਲ ਸਿੰਘ ਧੀਰ, ਕੁਲਦੀਪ ਸਿੰਘ, ਸੰਦੀਪ ਸ਼ਰਮਾ, ਅਤਰ ਸਿੰਘ ਆਦਿ ਵੀ ਮੌਜੂਦ ਸਨ।

# ਪੈਂਟਾਵੇਲੈਂਟ ਵੈਕਸੀਨ ਬੱਚਿਆਂ ਦੇ ਸੰਪੂਰਨ ਟੀਕਾਕਰਨ ਲਈ ਜ਼ਰੂਰੀ - ਸਿਵਲ ਸਰਜਨ

**ਰੂਪਨਗਰ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੱਚਿਆਂ ਦੇ ਸੰਪੂਰਨ ਟੀਕਾਕਰਨ ਲਈ ਪੈਂਟਾਵੇਲੈਂਟ ਵੈਕਸੀਨ ਲਗਾਉਣ ਲਈ ਵਿਸ਼ੇਸ਼ ਮੁਹਿੰਮ 31 ਦਸੰਬਰ 2024 ਤੱਕ ਚਲਾਈ ਗਈ ਹੈ।ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਰੂਪਨਗਰ ਡਾ. ਤਰਸੇਮ ਸਿੰਘ ਨੇ ਦੱਸਿਆ ਕਿ ਪੈਂਟਾਵੇਲੈਂਟ ਵੈਕਸੀਨ ਪੰਜ ਮਾਰੂ ਬਿਮਾਰੀਆਂ ਤੋਂ ਬੱਚਿਆਂ ਨੂੰ ਬਚਾਉਂਦੀ ਹੈ।ਸਿਵਲ ਸਰਜਨ ਨੇ ਦੱਸਿਆ ਕਿ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਹੁਕਮਾਂ ਅਨੁਸਾਰ ਸਲੱਮ ਏਰੀਆ, ਮਾਈਗ੍ਰੇਟਰੀ ਪਾਪੂਲੇਸ਼ਨ ਅਤੇ ਪਿੰਡਾਂ 'ਚ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਦੀ ਪੈਂਟਾਵੇਲੈਂਟ ਕਵਰੇਜ ਨੂੰ ਵਧਾਉਣਾ ਹੈ। ਇਸ ਤਹਿਤ ਜ਼ਿਲ੍ਹੇ ਦੇ ਅੰਦਰ ਸਿਹਤ ਕਰਮੀਆਂ ਵੱਲੋਂ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ,



ਜਿਨ੍ਹਾਂ ਬੱਚਿਆਂ ਦਾ ਟੀਕਾਕਰਨ ਰਹਿੰਦਾ ਹੈ ਉਨ੍ਹਾਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਨਵਰੂਪ ਕੌਰ ਨੇ ਦੱਸਿਆ ਕਿ ਜ਼ੀਰੋ ਡੋਜ਼ ਬੱਚਿਆਂ ਦੀ ਗਿਣਤੀ ਨੂੰ ਘਟਾਉਣ ਲਈ ਪੈਂਟਾ-1 ਵੈਕਸੀਨ ਕਵਰੇਜ ਵਧਾਉਣਾ ਬਹੁਤ ਜ਼ਰੂਰੀ ਹੈ। ਇਸ ਲਈ ਪੈਂਟਾ-1 ਵੈਕਸੀਨ ਲਗਾਉਣ ਦੀ ਵਿਸ਼ੇਸ਼ ਮੁਹਿੰਮ ਇੱਕ ਪ੍ਰਭਾਵਸ਼ਾਲੀ ਕਦਮ ਹੈ।

# ਐੱਨ.ਐੱਸ.ਐੱਸ. ਕੈਂਪ ਦੌਰਾਨ ਵਲੰਟੀਅਰਾਂ ਨੂੰ ਕੁਦਰਤੀ ਆਫਤਾਂ ਸਬੰਧੀ ਕੀਤਾ ਜਾਗਰੂਕ

**ਰੂਪਨਗਰ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਗਰਾਮ ਕੋਆਰਡੀਨੇਟਰ ਕੌਮੀ ਸੇਵਾ ਯੋਜਨਾ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਕਾਲਜ ਰੋਪੜ ਵਿਖੇ ਲਗਾਏ ਜਾ ਰਹੇ ਸੱਤ ਰੋਜ਼ਾ ਐੱਨ.ਐੱਸ.ਐੱਸ. ਕੈਂਪ ਦੌਰਾਨ ਵਲੰਟੀਅਰਾਂ ਨੂੰ ਕੁਦਰਤੀ ਆਫਤਾਂ ਸਬੰਧੀ ਜਾਗਰੂਕ ਕੀਤਾ ਗਿਆ। ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਨੇ ਬਾਲ ਵੀਰ ਦਿਵਸ ਮੌਕੇ ਵਲੰਟੀਅਰਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਬਹਾਦਰੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਬਲੀਦਾਨ ਤੋਂ ਪ੍ਰੇਰਿਤ ਹੋਣ ਦਾ ਸੰਦੇਸ਼ ਦਿੱਤਾ।




ਮੁੱਖ ਵਕਤਾ ਸ਼੍ਰੀ ਕਾਕਾ ਰਾਮ ਵਰਮਾ ਨੇ ਵਲੰਟੀਅਰਾਂ ਨੂੰ ਕੁਦਰਤੀ ਆਫਤਾਂ ਜਿਵੇਂ ਭੂਚਾਲ, ਅੱਗ ਲੱਗਣਾ ਅਤੇ ਹੋਰ ਹਾਦਸਿਆਂ ਦੌਰਾਨ ਜਾਨਾਂ ਅਤੇ ਜਾਇਦਾਦ ਦੀ ਰੱਖਿਆ ਲਈ ਜਰੂਰੀ ਬਚਾਅ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੁਰਘਟਨਾਵਾਂ ਦੌਰਾਨ ਸਹਾਇਤਾ ਪ੍ਰਦਾਨ ਕਰਨ ਅਤੇ ਸਮਾਜਿਕ ਸਹਿਯੋਗ ਦੇ ਮਹੱਤਵ ਨੂੰ ਉਜਾਗਰ ਕੀਤਾ।ਇਸ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਹਰਪ੍ਰੀਤ ਕੌਰ ਅਤੇ ਸਿਮਰਨ ਕੌਰ ਨੇ ਧਾਰਮਿਕ ਸ਼ਬਦ ਪੇਸ਼ ਕੀਤਾ। ਤ੍ਰਿਅੰਬਿਕਾ, ਦੀਪ ਸ਼ਿਖਾ,ਸਿਮਨਜੀਤ ਕੌਰ ਅਤੇ ਪਵਨਪ੍ਰੀਤ ਕੌਰ ਨੇ ਧਾਰਮਿਕ ਕਵਿਤਾਵਾਂ ਵੀ ਪੇਸ਼ ਕੀਤੀਆਂ। ਆਂਚਲ ਨੇ ਸਾਹਿਬਜ਼ਾਦਿਆਂ ਦੇ ਬਲੀਦਾਨ ਅਤੇ ਸ਼ਹਾਦਤ ਵਿਸ਼ੇ 'ਤੇ ਭਾਸ਼ਣ ਦਿੱਤਾ।

ਮੰਚ ਸੰਚਾਲਨ ਵਲੰਟੀਅਰ ਮਨਪ੍ਰੀਤ ਕੌਰ ਅਤੇ ਸਿਮਰਨ ਕੌਰ ਨੇ ਸੁਚੱਜੇ ਢੰਗ ਨਾਲ ਕੀਤਾ। ਪ੍ਰੋਗਰਾਮ ਅਫਸਰ ਪ੍ਰੋ. ਕੁਲਦੀਪ ਕੌਰ ਅਤੇ ਪ੍ਰੋ.ਰਵਨੀਤ ਕੌਰ ਨੇ ਵਲੰਟੀਅਰਾਂ ਨੂੰ ਅਭਿਆਸ ਦੇ ਰੂਪ ਵਿੱਚ ਕੁਝ ਮੁੱਖ ਹਾਦਸਿਆਂ ਦੇ ਹੱਲ ਲਈ ਟੀਮ ਵਰਕ ਕਰਵਾਇਆ।ਪ੍ਰੋ. ਮਨਪ੍ਰੀਤ ਸਿੰਘ ਪ੍ਰੋ. ਜਗਜੀਤ ਸਿੰਘ ਅਤੇ ਪ੍ਰੋ. ਚੰਦਰਗੁਪਤ ਜੀ ਦੀ ਅਗਵਾਈ ਹੇਠ ਵਲੰਟੀਅਰਾਂ ਨੇ ਪ੍ਰੋਜੈਕਟ ਵਰਕ ਕੀਤਾ ।

ਇਸ ਮੌਕੇ ਪ੍ਰੋਗਰਾਮ ਅਫਸਰ ਪ੍ਰੋ. ਗੁਰਪ੍ਰੀਤ ਕੌਰ ਪ੍ਰੋ. ਲਵਲੀਨ ਵਰਮਾ, ਡਾ. ਮਨਦੀਪ ਕੌਰ, ਪ੍ਰੋ. ਮਨਪ੍ਰੀਤ ਕੌਰ,ਪ੍ਰੋ. ਤਰਨਜੋਤ ਕੌਰ, ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸੁਖਜਿੰਦਰ ਕੌਰ, ਕਾਲਜ ਕੌਂਸਲ ਮੈਂਬਰ ਪ੍ਰੋ. ਹਰਜੀਤ ਸਿੰਘ, ਡਾ. ਨਿਰਮਲ ਸਿੰਘ ਬਰਾੜ ਡਾ. ਦਲਵਿੰਦਰ ਸਿੰਘ, ਡਾ.ਜਤਿੰਦਰ ਕੁਮਾਰ ਅਤੇ ਹੋਰ ਸਟਾਫ ਮੈਂਬਰ ਮੌਜੂਦ ਸਨ।

# ਆਮ ਲੋਕਾਂ ਤੱਕ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਵਿੱਚ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਰਹਿਣ ਦਿੱਤੀ ਜਾਵੇਗੀ-ਚੇਅਰਮੈਨ ਪਨੂੰ

**ਫ਼ਤਹਿਗੜ੍ਹ ਸਾਹਿਬ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਿੱਖੇ ਪਿੰਡਾਂ ਸਮੇਤ ਸਮੁੱਚੇ ਹਲਕਾ ਦਾ ਚਹੁਮੁਖੀ ਵਿਕਾਸ ਮੇਰੀ ਮੁੱਖ ਤਰਜੀਹ ਹੈ ਅਤੇ ਹਰੇਕ ਵਰਗ ਦੀ ਭਲਾਈ ਲਈ ਉਹ ਵਚਨਬੱਧ ਹਨ। ਇਹ ਪ੍ਰਗਟਾਵਾ ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਨੇ ਕੀਤਾ।ਚੇਅਰਮੈਨ ਬਲਬੀਰ ਸਿੰਘ ਪਨੂੰ ਵਲੋਂ ਕ੍ਰਿਸਮਿਸ ਮੌਕੇ ਹਲਕੇ ਦੀ ਵੱਖ ਵੱਖ ਚਰਚਾਂ ਵਿੱਚ ਜਾਣ ਦਾ ਮੌਕਾ ਮਿਲਿਆ ਅਤੇ ਸਮੂਹ ਕ੍ਰਿਸਚੀਅਨ ਭਾਈਚਾਰੇ ਨਾਲ਼ ਕ੍ਰਿਸਮਿਸ ਦੇ ਪਲ ਸਾਂਝੇ ਕੀਤੇ।



ਚੇਅਰਮੈਨ ਪਨੂੰ ਨੇ ਕਿਹਾ ਸਰਕਾਰ ਵੱਲੋਂ ਬਣਦੀਆਂ ਸਹੂਲਤਾਂ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਰਹਿਣ ਦਿੱਤੀ ਜਾਵੇਗੀ ਤਾਂ ਜੋ ਹਰ ਇੱਕ ਵਰਗ ਦੇ ਭਾਈਚਾਰੇ ਇਨ੍ਹਾਂ ਦਾ ਫਾਇਦਾ ਲੈ ਸਕਣ।ਇਸ ਮੌਕੇ ਨਵੀਸ਼ ਨੰਦਾ ਸ਼ਹਿਰੀ ਯੂਥ ਪ੍ਰਧਾਨ, ਮਾਧਵ ਬੇਦੀ, ਡਾਕਟਰ ਸੋਨੀ ਕ੍ਰਿਸਚਨ ਕਮਿਊਨਿਟੀ ਪ੍ਰਧਾਨ, ਵਿਸ਼ਾਲ ਸਹੋਤਾ, ਪਾਸਟਰ ਦਿਲਬਾਗ ਮਸੀਹ, ਜੈਕਬ ਮਸੀਹ ਪਾਸਟਰ ਸੈਮਲ, ਸੋਨੀ ਪਾਸਟਰ, ਨਿਰਮਲ ਮਾਸਟਰ ਦਾਨੀਅਲ, ਪਾਸਟਰ ਜੋਨ, ਬਲਾਕ ਪ੍ਰਧਾਨ ਸ਼ਮਸ਼ੇਰ ਸਸਿੰਘ, ਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਸਰਪੰਚ ਕਰਮਜੀਤ ਸਿੰਘ ਬਰਾੜ ਸਰਪੰਚ, ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ, ਗੁਰਦੇਵ ਸਿੰਘ ਔਜਲਾ ਸਰਪੰਚ ਕੁਲਬੀਰ ਸਿੰਘ ਅਲੀਵਾਲ, ਰਘਬੀਰ ਸਿੰਘ ਅਠਵਾਲ ਤੇ ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਸੰਤ ਭੂਰੀ ਵਾਲਿਆਂ ਦੇ ਜੱਥੇ ਵੱਲੋਂ ਸ਼ਹੀਦੀ ਸਭਾ ਦੌਰਾਨ ਕੀਤੀ ਜਾ ਰਹੀ ਸਫ਼ਾਈ ਸੇਵਾ ਬਣ ਰਹੀ ਹੈ ਮਿਸਾਲ



**ਫ਼ਤਹਿਗੜ੍ਹ ਸਾਹਿਬ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 25 ਤੋਂ 27 ਦਸੰਬਰ ਤੱਕ ਹੋ ਰਹੀ ਸ਼ਹੀਦੀ ਸਭਾ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਨਤਮਸਤਕ ਹੋਣ ਵਾਸਤੇ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸੰਤ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀ ਵਾਲਿਆਂ ਤੇ ਬਾਬਾ ਸੁਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਵੱਲੋਂ ਭੇਜੀਆਂ ਮਸ਼ੀਨਾਂ ਤੇ ਸਫ਼ਾਈ ਸੇਵਾਦਾਰਾਂ ਦੇ ਜੱਥੇ ਦੇ ਸਹਿਯੋਗ ਨਾਲ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਜ਼ਿਕਰਯੋਗ ਹੈ ਕਿ ਇਸ ਮੁਹਿੰਮ ਦੀ ਸ਼ੁਰੂਆਤ ਹਲਕਾ ਵਿਧਾਇਕ ਸ. ਲਖਬੀਰ ਸਿੰਘ ਰਾਏ ਤੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵੱਲੋਂ ਕਰਵਾਈ ਗਈ ਸੀ।

ਇਸੇ ਤਹਿਤ ਸੇਵਾਦਾਰ ਭਾਈ ਅਮਰਜੀਤ ਸਿੰਘ ਤੇ ਹਰਦੀਪ ਸਿੰਘ ਵੱਲੋਂ 02 ਵੈਕਿਊਮ ਸਫ਼ਾਈ ਮਸ਼ੀਨਾਂ, 02 ਸਫਾਈ ਟਿੱਪਰ, 01 ਪਾਣੀ ਦੇ ਪਰੈਸ਼ਰ ਵਾਲਾ ਟੈਂਕਰ ਅਤੇ ਸਫ਼ਾਈ ਸੇਵਾ ਨੂੰ ਕਰਨ ਲਈ 30 ਸੇਵਾਦਾਰਾਂ ਦੇ ਸਟਾਫ ਨੂੰ ਨਾਲ ਲੈ ਕੇ ਗੁਰਦੁਆਰਾ ਜੋਤੀ ਸਰੂਪ ਦੇ ਸਾਹਮਣੇ ਵਾਲਾ ਖੇਤਰ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਆਲਾ ਦੁਆਲਾ, ਡੀ.ਸੀ. ਦਫਤਰ ਦੇ ਆਲੇ ਦੁਆਲੇ ਦੀ ਸਫ਼ਾਈ, ਵੀ.ਆਈ.ਪੀ. ਰੋਡ ਦੀ ਸਫ਼ਾਈ, ਆਮ ਖਾਸ ਬਾਗ ਅਤੇ ਰੇਲਵੇ ਰੋਡ ਦੀ ਸਫ਼ਾਈ ਕਰਨ ਸਮੇਤ ਵੱਖੋ-ਵੱਖ ਖੇਤਰਾਂ ਦੀ ਸਫ਼ਾਈ ਲਗਾਤਾਰ ਕੀਤੀ ਜਾ ਰਹੀ ਹੈ। ਜੱਥੇ ਦੇ ਸੇਵਾਦਾਰਾਂ ਵੱਲੋਂ ਪੂਰੀ ਸ਼ਹੀਦੀ ਸਭਾ ਦੌਰਾਨ ਇਹ ਸਫਾਈ ਮੁਹਿੰਮ ਜਾਰੀ ਰਹੇਗੀ।

ਇਸ ਮੌਕੇ ਇਹਨਾਂ ਜਥਿਆਂ ਵੱਲੋਂ ਲੋਕਾਂ ਨੂੰ ਵਾਤਾਵਰਨ ਸੰਭਾਲ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਸੇਵਾਦਾਰ ਭਾਈ ਅਮਰਜੀਤ ਸਿੰਘ ਤੇ ਹਰਦੀਪ ਸਿੰਘ ਵੱਲੋਂ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਜਾ ਰਹੀ ਹੈ ਕਿ ਲੰਗਰਾਂ ਦੇ ਵਿੱਚ ਪਲਾਸਟਿਕ ਦੇ ਭਾਂਡਿਆਂ ਦੀ ਵਰਤੋਂ ਨਾ ਕੀਤੀ ਜਾਵੇ ਅਤੇ ਵਾਤਾਵਰਨ ਸੰਭਾਲ ਲਈ ਵੱਧ ਤੋਂ ਵੱਧ ਬੂਟੇ ਵੀ ਲਾਏ ਜਾਣ।

# ਹਰਿਆਣਾ ਸਰਕਾਰ ਨੇ ਸਾਲ 2025 ਦੇ ਛੁੱਟੀਆਂ ਦੀ ਸੂਚੀ ਕੀਤੀ ਜਾਰੀ

**ਚੰਡੀਗੜ੍ਹ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਾਲ 2025 ਦੌਰਾਨ ਆਪਣੇ ਦਫਤਰਾਂ ਦੇ ਪਬਲਿਕ ਅਤੇ ਪ੍ਰਤੀਬੰਧਿਤ ਛੁੱਟੀਆਂ ਦੀ ਸੂਚੀ ਨੋਟੀਫਾਇਡ ਕੀਤੀ ਹੈ।

ਸਰਕਾਰ ਨੇ ਲਿਖਿਤ ਨੈਗੋਸ਼ੀਏਬਲ ਐਕਟ 1881 ਦੀ ਧਾਰਾ -25 ਤਹਿਤ (ਹਰਿਆਣਾ ਵਿਚ ਨਿਆਂਇਕ ਅਦਾਲਤਾਂ ਨੂੰ ਛੱਡ ਕੇ) ਰਾਜ ਵਿਚ ਪਬਲਿਕ ਛੁੱਟੀ ਵਜੋ ਮਨਾਏ ਜਾਣ ਵਾਲੀ ਛੁੱਟੀ ਵੀ ਨੋਟੀਫਾਇਡ ਕੀਤੀ ਹੈ। ਇਸ ਤੋਂ ਇਲਾਵਾ, ਰਾਜ ਸਰਕਾਰ ਵੱਲੋਂ ਕੁੱਝ ਵਿਸ਼ੇਸ਼ ਦਿਵਸ ਵੀ ਨੋਟੀਫਾਇਡ ਕੀਤੇ ਗਏ ਹਨ। ਹਾਲਾਂਕਿ, ਇੰਨ੍ਹਾਂ ਨੂੰ ਪਬਲਿਕ ਛੁੱਟੀ ਵਜੋ ਨਾਮਜਦ ਨਹੀਂ ਕੀਤਾ ਜਾਵੇਗਾ।

ਇਕ ਸਰਕਾਰੀ ਬੁਲਾਰੇ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮਨੁੱਖ ਸੰਸਾਧਨ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਉਨ੍ਹਾਂ ਨੇ ਦਸਿਆ ਕਿ ਨੋਟੀਫਿਕੇਸ਼ਨ ਅਨੁਸਾਰ ਸਾਰੇ ਸ਼ਨੀਵਾਰਾਂ ਅਤੇ ਐਤਵਾਰਾਂ ਨੂੰ ਸਰਕਾਰੀ ਦਫਤਰਾਂ ਵਿਚ ਪਬਲਿਕ ਛੁੱਟੀ ਰਹੇਗੀ। ਇਸ ਤੋਂ ਇਲਾਵਾ, ਵੱਖ-ਵੱਖ ਮੰਨੀ-ਪ੍ਰਮੰਨੀਆਂ ਸ਼ਖਸੀਅਤਾਂ ਦੇ ਜਨਮਦਿਨਾਂ, ਪੁੱਸ਼ਪ-ਮਿੱਤੀਆਂ ਤੇ ਤਿਉਹਾਰਾਂ ਨੂੰ ਪਬਲਿਕ ਛੁੱਟੀ ਐਲਾਨ ਕੀਤੀ ਗਈ ਹੈ।ਇੰਨ੍ਹਾਂ ਵਿਚ 06 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੈਯੰਤੀ, 12 ਫਰਵਰੀ ਨੂੰ ਗੁਰੂ ਰਵੀਦਾਸ ਜੈਯੰਤੀ, 26 ਫਰਵਰੀ ਨੂੰ ਮਹਾਸ਼ਿਵਰਾਤਰੀ, 14 ਮਾਰਚ ਨੂੰ ਹੋਲੀ, 31 ਮਾਰਚ ਨੂੰ ਈਦ-ਉੱਪ-ਫਿਤਰ, 10 ਅਪ੍ਰੈਲ ਨੂੰ ਮਹਾਵੀਰ ਜੈਯੰਤੀ, 14 ਅਪ੍ਰੈਲ ਡਾ. ਬੀ.ਆਰ. ਅੰਬੇਦਕਰ ਜੈਯੰਤੀ, 29 ਅਪ੍ਰੈਲ ਨੂੰ ਪਰਸ਼ੂਰਾਮ ਜੈਯੰਤੀ, 30 ਅਪ੍ਰੈਲ ਨੂੰ ਅਕਸ਼ੇ ਤ੍ਰਤੀਆ, 29 ਮਈ ਨੂੰ ਮਹਾਰਾਣਾ ਪ੍ਰਤਾਪ ਜੈਯੰਤੀ, 11 ਜੂਨ ਨੂੰ ਸੰਤ ਕਰੀਬ ਜੈਯੰਤੀ, 31 ਜੁਲਾਈ ਨੂੰ ਸ਼ਹੀਦ ਉੱਧਮ ਸਿੰਘ ਬਲੀਦਾਨ ਦਿਵਸ, 15 ਅਗਸਤ ਨੂੰ ਸੁਤੰਤਰਤਾ ਦਿਵਸ, 22 ਸਤੰਬਰ ਨੂੰ ਮਹਾਰਾਜਾ ਅਗਰਸੇਨ ਜੈਯੰਤੀ, 23 ਸਤੰਬਰ ਨੂੰ ਸ਼ਹੀਦੀ ਦਿਵਸ/ਹਰਿਆਣਾ ਵਾਰ ਹਿਰੋਜ ਬਲੀਦਾਨ ਦਿਵਸ, 2 ਅਕਤੂਬਰ ਨੂੰ ਮਹਾਤਮਾ ਗਾਂਧੀ ਜੈਯੰਤੀ/ਦਸ਼ਹਿਰਾ, 07 ਅਕਤੂਬਰ ਨੂੰ ਮਹਾਰਿਸ਼ੀ ਵਾਲਮਿਕੀ ਜੈਯੰਤੀ/ਮਹਾਰਾਜ ਅਜਮੀੜ ਜੈਸੰਤੀ, 20 ਅਕਤੂਬਰ ਨੂੰ ਦੀਵਾਲੀ, 22 ਅਕਤੂਬਰ ਨੂੰ ਵਿਸ਼ਵਕਰਮਾ ਦਿਵਸ, 05 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੈਯੰਤੀ ਅਤੇ 25 ਦਸੰਬਰ ਨੂੰ ਕ੍ਰਿਸਮਸ ਸ਼ਾਮਿਲ ਹਨ।

ਇਸ ਤੋਂ ਇਲਾਵਾ, ਸ਼ਨੀਵਾਰ ਤੇ ਐਤਵਾਰ ਦੇ ਪੈਣ ਵਾਲੇ ਤਿਉਹਾਰਾਂ ਨੂੰ ਪਬਲਿਕ ਛੁੱਟੀ ਦੀ ਲਿਸਟ ਵਿਚ ਸ਼ਾਮਿਲ ਕੀਤਾ ਗਿਆ। ਇੰਨ੍ਹਾਂ ਵਿਚ 26 ਜਨਵਰੀ ਨੂੰ ਗਣਤੰਤਰ ਦਿਵਸ, 02 ਫਰਵਰੀ ਨੂੰ ਬਸੰਤ ਪੰਚਮੀ/ਸਰ ਛੋਟੂ ਰਾਮ ਜੈਯੰਤੀ, 23 ਮਾਰਚ ਨੂੰ ਸ਼ਹੀਦੀ ਦਿਵਸ/ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸ਼ਹੀਦੀ ਦਿਵਸ, 06 ਅਪ੍ਰੈਲ ਨੂੰ ਰਾਮਨਵਮੀ, 13 ਅਪ੍ਰੈਲ ਨੂੰ ਵਿਸਾਖੀ/ਛੱਠ ਪੂਜਾ, 07 ਜੂਨ ਨੂੰ ਈ-ਉਲ-ਜੁਹਾ (ਬਕਰੀਦ), 09 ਅਗਸਤ ਨੂੰ ਰੱਖੜੀ, 16 ਅਗਸਤ ਨੂੰ ਜਨਮਾਸ਼ਟਮੀ ਅਤੇ 01 ਨਵੰਬਰ ਨੂੰ ਹਰਿਆਣਾ ਦਿਵਸ ਸ਼ਾਮਿਲ ਹਨ।

ਇਸ ਤੋਂ ਇਲਾਵਾ, ਆਊਟਸੋਰਸਿਸ ਸਮੇਤ ਸਾਰੇ ਕਰਮਚਾਰੀਆਂ ਨੂੰ ਕੋਈ ਤਿੰਨ ਵੈਕਲਪਿਕ ਛੁੱਟੀ ਲੈਣ ਦੀ ਮੰਜੂਰੀ ਹੋਵੇਗੀ। ਇੰਨ੍ਹਾਂ ਵਿਚ 23 ਫਰਵਰੀ ਨੂੰ ਮਹਾਰਿਸ਼ੀ ਦਿਆਨੰਦ ਸਰਸਵਤੀ ਜੈਯੰਤੀ (ਰਾਜ ਪੱਧਰੀ ਸਮਾਰੋਹ ਦੇ ਨਾਂਲ), 18 ਅਪ੍ਰੈਲ ਨੂੰ ਗੁਡ ਫ੍ਰਾਈਡੇ, 12 ਮਈ ਨੂੰ ਬੁੱਧ ਪੂਰਣਿਮਾ, 24 ਮਈ ਨੂੰ ਮਹਾਰਿਸ਼ੀ ਕਸ਼ਯਪ ਜੈਯੰਤੀ, 30 ਮਈ ਨੂੰ ਸ੍ਰੀ ਗੁਰੂ ਅਰਜੁਨ ਦੇਵ ਸ਼ਹੀਦੀ ਦਿਵਸ, 06 ਜੁਲਾਈ ਨੂੰ ਮੁਹਰਮ, 27 ਜੁਲਾਈ ਨੂੰ ਹਰਿਆਣਾ ਤੀਜ, 05 ਸਤੰਬਰ ਨੂੰ ਮਿਲਾਦ-ਉਨ-ਨਬੀ ਜਾਂ ਈਦ-ਈ-ਮਿਲਾਦ (ਪ੍ਰੋਫੇਟ ਮੋਹਮਦ ਜੈਯੰਤੀ), 10 ਅਕਤੂਬਰ ਨੂੰ ਕਰਵਾਚੌਥ, 22 ਅਕਤੂਬਰ ਨੂੰ ਗੋਵਰਧਨ ਪੂਜਾ, 28 ਅਕਤੂਬਰ ਨੂੰ ਛੱਠ ਪੂਜਾ, 25 ਨਵੰਬਰ ਨੂੰ ਗੁਰੂ ਤੇਗਬਹਾਦੁਰ ਸ਼ਹੀਦੀ ਦਿਵਸ, 24 ਦਸੰਬਰ ਨੂੰ ਗੁਰੂ ਬ੍ਰਹਮਾਨੰਦ ਜੈਯੰਤੀ ਅਤੇ 26 ਦਸੰਬਰ ਨੂੰ ਸ਼ਹੀਦ ਉੱਧਮ ਸਿੰਘ ਜੈਯੰਤੀ ਸ਼ਾਮਿਲ ਹੈ। ਉਨ੍ਹਾਂ ਨੇ ਦਸਿਆ ਕਿ ਸਰਕਾਰ ਨੇ ਲਿਖਤ ਨੈਕੋਸ਼ੀਏਬਲ ਐਕਟ 1881 ਦੀ ਧਾਰਾ 25 ਤਹਿਤ (ਹਰਿਆਣਾ ਵਿਚ ਨਿਆਂਇਕ ਅਦਾਲਤਾਂ ਨੂੰ ਛੱਡ ਕੇ) ਸੂਬੇ ਵਿਚ ਪਬਲਿਕ ਛੁੱਟੀ ਵਜੋ ਮਨਾਏ ਜਾਣ ਵਾਲੇ ਛੁੱਟੀ ਵੀ ਨੋਟੀਫਾਇਡ ਕੀਤੇ ਹਨ।

ਸਾਰੇ ਐਤਵਾਰ ਦੇ ਨਾਲ 26 ਜਨਵਰੀ ਨੂੰ ਗਣਤੰਤਰ ਦਿਵਸ, 12 ਫਰਵਰੀ ਨੂੰ ਗੁਰੂ ਰਵੀਦਾਸ ਜੈਯੰਤੀ, 26 ਫਰਵਰੀ ਨੂੰ ਮਹਾਸ਼ਿਵਰਾਤਰੀ, 14 ਮਾਰਚ ਨੂੰ ਹੋਲੀ, 31 ਮਾਰਚ ਨੂੰ ਈਦ-ਉੱਲ-ਫਿਤਰ, 01 ਅਪ੍ਰੈ ਨੂੰ ਬੈਂਕ ਖਾਤਾ ਦੀ ਸਾਲਾਨ ਕਲੋਜਿੰਗ ਦੀ ਛੁੱਟੀ, 10 ਅਪ੍ਰੈਨ ਨੂੰ ਮਹਾਵੀਰ ਜੈਯੰਤੀ, 14 ਅਪ੍ਰੈਲ ਨੂੰ ਡਾ. ਬੀਆਰ ਅੰਬੇਦਕਰ ਜੈਯੰਤੀ, 07 ਜੂਨ ਨੂੰ ਈ-ਉੱਲ-ਜੂਹਾ (ਬਕਰੀਦ), 15 ਅਗਸਤ ਨੂੰ ਸੁਤੰਤਰਤਾ ਦਿਵਸ, 16 ਅਗਸਤ ਨੂੰ ਰੱਖੜੀ, 2 ਅਕਤੂਬਰ ਨੂੰ ਮਹਾਤਮਾ ਗਾਂਧੀ ਜੈਯੰਤੀ/ਦਸ਼ਹਿਰਾ, 07 ਅਕਤੂਬਰ ਨੂੰ ਮਹਾਰਿਸ਼ੀ ਵਾਲਮਿਕੀ ਜੈਯੰਤੀ, 20 ਅਕਤੂਬਰ ਨੂੰ ਦੀਵਾਲੀ, 05 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੈਯੰਤੀ ਅਤੇ 25 ਦਸੰਬਰ ਨੂੰ ਕ੍ਰਿਸਮਸ ਡੇ ਸ਼ਾਮਿਲ ਹਨ।

ਸੂਬਾ ਸਰਕਾਰ ਵੱਲੋਂ 2025 ਦੌਰਾਨ ਜੋ ਵਿਸ਼ੇਸ਼ ਦਿਵਸ ਵਜੋ ਮਨਾਉਣ ਲਈ ਵਿਸ਼ੇਸ਼ ਦਿਵਸ ਵੀ ਨੋਟੀਫਾਇਡ ਕੀਤੇ ਗਏ ਪਰ ਇੰਨ੍ਹਾਂ ਨੂੰ ਪਬਲਿਕ ਛੁੱਟੀ ਵਜੋ ਨਾਮਜਦ ਨਹੀਂ ਕੀਤਾ ਜਾਵੇਗਾ। ਸਾਲ 2025 ਵਿਚ ਵਿਸ਼ੇਸ਼ ਦਿਨਾਂ ਵਿਚ 23 ਜਨਵਰੀ ਨੂੰ ਨੇਤਾਜੀ ਸੁਭਾਸ਼ ਚੰਦਰ ਬੋਸ ਜੈਯੰਤੀ, 12 ਮਾਰਚ ਨੂੰ ਸੰਤ ਲਾਡੂ ਨਾਥ ਜੀ ਜੈਯੰਤੀ, 15 ਮਾਰਚ ਨੂੰ ਹਸਨ ਖਾਂ ਮੇਵਾਤੀ ਸ਼ਹੀਦੀ ਦਿਵਸ, 11 ਅਪ੍ਰੈਲ ਨੂੰ ਮਹਾਤਮਾ ਜਯੋਤਿਬਾ ਫੂਲੇ ਜੈਯੰਤੀ, 27 ਅਪ੍ਰੈਲ ਨੂੰ ਸੰਤ ਧੰਨਾ ਭਗਤ ਜੈਯੰਤੀ, 29 ਅਪ੍ਰੈਲ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਜੀ ਜੈਯੰਤੀ, 23 ਮਈ ਨੂੰ ਸ੍ਰੀ ਗੁਰੂ ਗੋਰਕਸ਼ ਨਾਥ ਸਮ੍ਰਿਤੀ ਦਿਵਸ, 31 ਮਈ ਨੂੰ ਮਾਤਸ਼ਵਰੀ ਦੇਵੀ ਆਹਿਲਆਬਾਈ ਹੋਲਕਲ ਜੈਯੰਤੀ, 09 ਜੂਨ ਨੂੰ ਵੀਰ ਬੰਦਾ ਬੈਰਾਗੀ ਬਲਿਦਾਨ ਦਿਵਸ, 04 ਜੁਲਾਈ ਨੂੰ ਭਾਈ ਲੱਖੀ ਸ਼ਾਹ ਵਨਜਾਰਾ ਜੈਯੰਤੀ, 07 ਜੁਲਾਈ ਨੂੰ ਭਾਈ ਮੱਖਨ ਸ਼ਾਹ ਲੁਭਾਨਾ ਜੈਯੰਤੀ, 15 ਜੁਲਾਈ ਨੂੰ ਕਵੀ ਬਾਜੇ ਭਗਤ ਜੈਯੰਤੀ, 27 ਜੁਲਾਈ ਨੂੰ ਮਹਾਰਾਜਾ ਦਕਸ਼ ਪ੍ਰਜਾਪਤੀ ਜੈਯੰਤੀ, 26 ਅਗਸਤ ਨੂੰ ਸ੍ਰੀ ਗੁਰੂ ਜੰਭੇਸ਼ਵਰ ਜੀ ਜੈਯੰਤੀ, 17 ਸਤੰਬਰ ਨੂੰ ਭਗਵਾਨ ਵਿਸ਼ਵਕਰਮਾ ਜੈਯੰਤੀ, 31 ਅਗਤੂਬਰ ਨੂੰ ਸਰਦਾਰ ਵਲੱਭਭਾਈ ਪਟੇਲ ਜੈਯੰਤੀ, 12 ਨਵੰਬਰ ਨੂੰ ਸੰਤ ਨਾਮਦੇਵ ਜੈਯੰਤੀ, 22 ਨਵੰਬਰ ਨੂੰ ਵੀਰਾਂਗਨਾ ਝਲਕਾਰੀ ਬਾਈ ਜੈਯੰਤੀ, 04 ਦਸੰਬਰ ਨੂੰ ਸੰਤ ਸੈਨ ਭਗਤ ਮਹਾਰਾਜ ਜੈਯੰਤੀ ਅਤੇ 20 ਦਸੰਬਰ ਨੂੰ ਮਹਾਰਾਜ ਸ਼ੂਰਸੈਨੀ ਜੈਯੰਤੀ ਸ਼ਾਮਿਲ ਹੈ।

# ਨਹਿਰੂ ਯੁਵਾ ਕੇਂਦਰ ਵੱਲਕਰਵਾਇਆ ਗਿਆ ਜ਼ਿਲ੍ਹਾ ਪੱਧਰੀ ਯੁਵਕ ਮੇਲਾ

**ਤਰਨ ਤਾਰਨ, 30 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਹਿਰੂ ਯੁਵਾ ਕੇਂਦਰ ਤਰਨਤਾਰਨ ਵੱਲੋਂ ਪੰਚ ਪ੍ਰਾਣਾਂ ਬਾਰੇ ਜਾਣੂ ਕਰਵਾਉਣ ਸਬੰਧੀ ਸੇਵਾ ਦੇਵੀ ਕਾਲਜ, ਤਰਨਤਾਰਨ ਵਿਖੇ ਜ਼ਿਲ੍ਹਾ ਪੱਧਰੀ ਯੁਵਕ ਮੇਲਾ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਐਸ.ਡੀ.ਐਮ ਅਰਵਿੰਦਰ ਸਿੰਘ, ਜਿਲ੍ਹਾ ਯੂਥ ਅਫਸਰ ਜਸਲੀਨ ਕੌਰ ਅਤੇ ਵਿਸ਼ੇਸ਼ ਮਹਿਮਾਨ ਜਿਲ੍ਹਾ ਸਿੱਖਿਆ ਅਫਸਰ ਸਰਦਾਰ ਪਰਮਜੀਤ ਸਿੰਘ ਜੀ ਨੇ ਸ਼ਮ੍ਹਾਂ ਰੌਸ਼ਨ ਕਰਕੇ ਸ਼ੁਰੂਆਤ ਕੀਤੀ।

ਪ੍ਰੋਗਰਾਮ ਵਿੱਚ ਜ਼ਿਲ੍ਹਾ ਯੂਥ ਅਫ਼ਸਰ ਜਸਲੀਨ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਐਸ.ਡੀ.ਐਮ ਅਰਵਿੰਦਰ ਸਿੰਘ , ਜਿਲ੍ਹਾ ਯੁਵਾ ਅਫਸਰ ਜਸਲੀਨ ਕੌਰ, ਵਿਸ਼ੇਸ਼ ਮਹਿਮਾਨ ਜਿਲ੍ਹਾ ਸਿੱਖਿਆ ਅਫਸਰ ਸਰਦਾਰ ਪਰਮਜੀਤ ਸਿੰਘ ਜੀ ਨੇ ਨਹਿਰੂ ਯੁਵਾ ਕੇਂਦਰ ਤਰਨਤਾਰਨ ਦੀ ਤਰਫੋਂ ਉਨ੍ਹਾਂ ਨੂੰ ਗੁਲਦਸਤਾ ਅਤੇ ਮੋਮੈਂਟ ਦੇ ਕੇ ਜੀ ਆਇਆਂ ਕਿਹਾ ਅਤੇ ਸਾਰੇ ਭਾਗੀਦਾਰਾਂ ਦਾ ਪ੍ਰੋਗਰਾਮ ਵਿੱਚ ਸਵਾਗਤ ਕੀਤਾ ਗਿਆ, ਅਤੇ ਭਾਗੀਦਾਰਾਂ ਨੂੰ ਪ੍ਰੋਗਰਾਮ, ਇਸਦੇ ਉਦੇਸ਼ਾਂ ਦੇ ਨਾਲ-ਨਾਲ ਪੰਚ ਪ੍ਰਾਣਾਂ ਬਾਰੇ ਜਾਣੂ ਕਰਵਾਇਆ ਗਿਆ।




ਮੁੱਖ ਮਹਿਮਾਨ ਨੇ ਨਹਿਰੂ ਯੁਵਾ ਕੇਂਦਰ ਤਰਨਤਾਰਨ ਵੱਲੋਂ ਨੌਜਵਾਨਾਂ ਦੇ ਵਿਕਾਸ ਅਤੇ ਪ੍ਰਤਿਭਾ ਦੇ ਨਿਖਾਰ ਲਈ ਕਰਵਾਏ ਜਾ ਰਹੇ ਪ੍ਰੋਗਰਾਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਦੇ ਨਾਲ ਹੀ ਨੌਜਵਾਨਾਂ ਨੂੰ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਅਤੇ ਸਮੂਹ ਸਾਥੀਆਂ ਨੂੰ ਇਸ ਵਿੱਚ ਭਾਗ ਲੈਣ ਲਈ ਪ੍ਰੇਰਿਤ ਵੀ ਕੀਤਾ ਅਤੇ ਸ਼ੁਭਕਾਮਨਾਵਾਂ ਦਿੱਤੀਆਂ।ਇਸ ਦੇ ਨਾਲ ਹੀ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਨਹਿਰੂ ਯੁਵਾ ਕੇਂਦਰ ਤਰਨਤਾਰਨ ਵੱਲੋਂ ਨੌਜਵਾਨਾਂ ਦੇ ਵਿਕਾਸ ਅਤੇ ਪ੍ਰਤਿਭਾ ਦੇ ਪਸਾਰ ਲਈ ਕਰਵਾਏ ਜਾ ਰਹੇ ਪ੍ਰੋਗਰਾਮਾਂ ਦੀ ਸ਼ਲਾਘਾ ਕਰਦਿਆਂ ਲੋਕਾਂ ਨੂੰ ਨਹਿਰੂ ਯੁਵਾ ਕੇਂਦਰ ਨਾਲ ਜੁੜਨ ਲਈ ਪ੍ਰੇਰਿਤ ਕੀਤਾ ।

ਪ੍ਰੋਗਰਾਮ ਸਬੰਧੀ ਸੰਬੋਧਨ ਕਰਦਿਆਂ ਲੇਖਾ ਅਤੇ ਪ੍ਰੋਗਰਾਮ ਸਹਾਇਕ ਰੋਹਿਲ ਕੁਮਾਰ ਕੱਟਾ ਨੇ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਸੰਸਥਾ ਵੱਲੋਂ ਨੌਜਵਾਨ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨ ਦੇ ਉਦੇਸ਼ ਨਾਲ ਦੋ ਸਾਲ ਪਹਿਲਾਂ ਯੁਵਕ ਉਤਸਵ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਹਰ ਜ਼ਿਲ੍ਹੇ ਵਿੱਚ ਯੁਵਕ ਮੇਲੇ ਦੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ।

# ਚੜ੍ਹਦੀ ਜਵਾਨੀ ਸਾਰੀ ਇੰਟਰਨੈੱਟ ਖਾ ਗਿਆ

ਅੱਜਕਲ੍ਹ ਦੇ ਬੱਚਿਆਂ ਦੀ ਸੋਚ ਕੁਝ ਇਸ ਤਰ੍ਹਾਂ ਹੁੰਦੀ ਜਾ ਰਹੀ ਹੈ ਕਿ ਘਰੋਂ ਤੁਰਨ ਤੋਂ ਪਹਿਲਾਂ ਇਹੋ ਸੋਚ ਕੇ ਅਗਾਂਹ ਵਲ ਨੂੰ ਕਦਮ ਧਰਦੇ ਹਨ ਕਿ ਰੱਬਾ ਰੋਟੀ ਘਰੇ ਬੇਸ਼ੱਕ ਨਾ ਮਿਲੇ ਪਰ ਰੀਚਾਰਜ ਵਾਲੀ ਦੁਕਾਨ ਵਿਚੋਂ ਨੈਟ ਪੈਕ ਜ਼ਰੂਰ ਮਿਲ ਜਾਵੇ? ਪ੍ਰਭਾਤ ਵੇਲੇ ਵਾਹਿਗੁਰੂ



ਦੇ ਸਿਮਰਨ ਵੱਲ ਕਿਸੇ ਦੇ ਜਜ਼ਬਾਤ ਨਹੀਂ ਹੁੰਦੇ। ਸਭ ਤੋਂ ਪਹਿਲਾਂ ਤੜਕੇ ਉੱਠਣ ਸਾਰ ਹੀ ਫੇਸਬੁੱਕ ਦੀ ਦੁਨੀਆ ਵਿਚ ਸ਼ਾਮਿਲ ਹੋ ਜਾਂਦੇ ਹਨ। ਸਕੂਲਾਂ, ਕਾਲਜਾਂ ਵਿਚ ਇੰਟਰਨੈੱਟ ਦੀ ਦੁਰਵਰਤੋਂ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਹੋਰਨਾਂ ਦੇਸ਼ਾਂ ਨਾਲੋਂ ਭਾਰਤ ਵਿਚ ਜ਼ਿਆਦਾ ਫੇਸਬੁੱਕ ਮੋਬਾਈਲਾਂ ਦੇ ਵਿਚ ਲਾਗ ਆਨ ਹੋ ਰਹੀ ਹੈ ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਵਿਚ ਬਿਲਕੁਲ ਵੀ ਦਿਲਚਸਪੀ ਨਹੀਂ ਅਤੇ ਦਿਲਚਸਪੀ ਦੇ ਨਾ ਹੋਣ ਕਾਰਨ ਬਹੁਤ ਹੀ ਇੰਟੈਂਲੀਜੈਂਟ ਵਿਦਿਆਰਥੀ ਚੰਗੀ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਹਨ। ਇੰਟਰਨੈੱਟ ਚਲਾਉਣ ਨਾਲ ਅੱਜਕਲ੍ਹ ਦੇ ਵਿਦਿਆਰਥੀ ਬੇਰੁਜ਼ਗਾਰ ਹਨ, 24 ਘੰਟੇ 'ਚੋਂ 16 ਘੰਟੇ ਨੈੱਟਵਰਕ ਨਾਲ ਜੁੜੇ ਰਹਿਣ ਕਾਰਨ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਵੀ ਖਤਰਾ ਹੋ ਸਕਦਾ ਹੈ। ਇੰਟਰਨੈੱਟ ਦੀ ਜ਼ਿਆਦਾ ਵਰਤੋਂ ਕਰਨ ਨਾਲ ਸਾਡੀਆਂ ਅੱਖਾਂ 'ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ, ਜਿਸ ਉਪਰੰਤ ਜਿਵੇਂ ਜਿਵੇਂ ਹੀ ਸਾਡੀ ਉਮਰ ਢਲਦੀ ਜਾਂਦੀ ਹੈ ਨਾਲ ਹੀ ਸਾਨੂੰ ਲਿਖਣ ਅਤੇ ਪੜ੍ਹਨ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਟਰਨੈੱਟ ਕਾਰਨ ਸਾਡੇ ਕਈ ਜ਼ਰੂਰੀ ਕੰਮਾਂ ਅਤੇ ਪੜ੍ਹਾਈ ਵਿਚ ਵੀ ਰੁਕਾਵਟ ਆਉਂਦੀ ਹੈ। ਆਪਣਾ ਜ਼ਰੂਰੀ ਕੰਮ ਅਤੇ ਪੜ੍ਹਾਈ ਕਰਨ ਸਮੇਂ ਕੰਮ ਵੱਲ ਸਾਡਾ ਬਿਲਕੁਲ ਵੀ ਧਿਆਨ ਨਹੀਂ ਹੁੰਦਾ। ਉਸ ਕੰਮ ਦੀ ਬਜਾਏ ਸਾਡਾ ਸਾਰਾ ਧਿਆਨ ਇੰਟਰਨੈੱਟ ਵੱਲ ਹੁੰਦਾ ਹੈ। ਜੋ ਕੰਮ ਅਸੀਂ ਉਸ ਸਮੇਂ ਕਰਦੇ ਹਾਂ ਉਸ ਕੰਮ ਦੀ ਪ੍ਰੋਡਕਸ਼ਨ ਪਹਿਲਾਂ ਨਾਲੋਂ ਬਹੁਤ ਘੱਟ ਆਉਂਦੀ ਹੈ, ਅਨਪੜ੍ਹ ਤੋਂ ਅਨਪੜ੍ਹ ਬੰਦੇ ਨੂੰ ਵੀ ਇੰਟਰਨੈੱਟ ਨੇ ਖਾ ਲਿਆ ਹੈ।

-ਸਾਹਿਬ ਸਿੰਘ

# ਵਿਅੰਗ ਨਸ਼ਾ ਛੁਡਾਊ ਕੈਂਪ

'ਯਾਰ ਇਨ੍ਹਾਂ ਦੀ ਸ਼ਰਮ ਨੂੰ ਕੀ ਹੋ ਗਿਆ। ਲੱਗਣੈ ਕੈਂਪ, ਆਪ ਗੁੜ ਵਾਂਗੂੰ ਖਾਂਦੇ ਐਂ', ਲੱਛੂ ਅਮਲੀ



ਤੋਂ ਬੋਲੇ ਬਿਨਾਂ ਰਿਹਾ ਨਾ ਗਿਆ।

'ਸਰੀਰਕ ਤੌਰ 'ਤੇ ਬੰਦੇ ਦਾ ਮਰ ਜਾਣਾ ਏਨਾ ਭਿਆਨਕ ਨਹੀਂ, ਜਿੰਨਾ ਜ਼ਮੀਰ ਪੱਖੋਂ ਮਰ ਜਾਣਾ ਹੁੰਦੈ', ਸੂਬੇਦਾਰ ਨੇ ਦੁਖੀ ਮਨ ਨਾਲ ਕਿਹਾ। ਜਿੱਤਾਂ ਹਾਰਾਂ ਤਾਂ ਹੁੰਦੀਆਂ ਰਹਿੰਦੀਆਂ ਨੇ। ਹਾਰਾਂ 'ਚੋਂ ਹੀ ਜਿੱਤਾਂ ਜਨਮ ਲੈਂਦੀਆਂ ਨੇ, ਆਪਾਂ ਆਪ ਹਿੰਮਤ ਕਰੀਏ ਨਸ਼ਿਆਂ ਦੇ ਵਿਰੋਧ 'ਚ। ਆਪਾਂ ਕੀ ਨੀ ਕਰ ਸਕਦੇ, ਇਸ ਵਾਰੀ ਹੀ ਦੇਖ ਲਓ ਲੋਕ ਸਭਾ ਵੋਟਾਂ 'ਚ ਪੰਜਾਬੀ ਗੀਤ ਵਾਂਗ 'ਕਹਿੰਦਾ ਇਕ ਤੇਰੀ ਅੜ ਭੰਨਣੀ, ਲੱਸੀ ਪੀਣ ਦਾ ਸ਼ੌਕ ਨਾ ਕਾਈ', ਫੇਰਤਾ ਨਾ ਝਾੜੂ' ਕਰਤਾਰ ਨੇ ਸਿਆਣੀ ਅਤੇ ਸਮਝਦਾਰ ਗੱਲ ਕਰਦਿਆਂ ਸਾਰਿਆਂ ਨੂੰ ਨਸੀਅਤ ਦਿੱਤੀ। ਐਤਵਾਰ ਨੂੰ ਕੈਂਪ 'ਚ ਸਭ ਨੇ ਪਹੁੰਚਣੈ ? ਕਹਿ ਕੇ ਕਰਤਾਰ ਪਰਨਾ ਝਾੜਦਾ ਹੋਇਆ ਘਰ ਨੂੰ ਤੁਰ ਪਿਆ।

ਜਿਸ ਦਿਨ ਦੀ ਉਡੀਕ ਸੀ, ਉਹ ਵੀ ਆ ਗਿਆ, ਵੱਡੀ ਧਰਮਸ਼ਾਲਾ ਵਿਚ ਸੁੰਦਰ ਸਟੇਜ ਬਣੀ ਹੋਈ ਸੀ।

ਧਰਮਸ਼ਾਲਾ ਦਾ ਵਿਹੜਾ ਖਚਾਖਚ ਭਰ ਗਿਆ। ਨਸ਼ਾ ਛੁਡਾਊ ਕੈਂਪ ਵੱਲੋਂ ਵੱਡੇ-ਵੱਡੇ ਬੈਨਰ ਲੱਗੇ ਹੋਏ ਸਨ।

ਜਾਗੋ ਜਾਗੋ ਨਸ਼ੇ ਤਿਆਗੋ
ਨਸ਼ੇ ਛੱਡੋ ਕੋਹੜ ਵੱਢੋ।

ਪਹਿਲਾਂ ਸਟੇਜ 'ਤੇ ਨਸ਼ਿਆਂ ਖ਼ਲਾਫ਼ ਕਈ ਨਾਟਕ ਖੇਡੇ ਗਏ, ਕਿਸੇ ਨਾਟਕਕਾਰ ਵੱਲੋਂ ਨਾਟਕ 'ਹਨੇਰੀ ਗਲੀ 'ਚੋਂ' ਇਕ ਗ਼ਰੀਬ ਪਰਿਵਾਰ ਦੇ ਨੌਜਵਾਨ ਬੇਟੇ ਦੀ ਦਾਸਤਾਨ ਪੇਸ਼ ਕਰਦਾ ਸੀ, ਖੇਡਿਆ ਗਿਆ। ਸਭ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਵਾਰੀ ਆਈ ਕੈਂਪ ਦੇ ਬੁਲਾਰਿਆਂ ਦੀ, ਵੱਖ-ਵੱਖ ਬੁਲਾਰਿਆਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ, ਨਸ਼ੇ ਨਾਲ ਸੁੰਦਰ ਸਰੀਰ ਦੀ ਬਰਬਾਦੀ, ਧਨ ਦਾ ਨਾਸ ਅਤੇ ਆਪਣੇ ਪਰਿਵਾਰ 'ਚ ਕਲੇਸ਼।

ਫਿਰ ਇਕ ਲਾਸਟ ਬੁਲਾਰੇ ਨੂੰ ਬੁਲਾਇਆ ਗਿਆ। ਤਕਰੀਬਨ ਉਸ ਦਾ ਭਾਸ਼ਣ ਇਕ ਘੰਟੇ ਦਾ ਸੀ। ਉਸ ਨੇ ਸਰਕਾਰ, ਪੁਲਿਸ ਅਤੇ ਪ੍ਰਸ਼ਾਸਨ 'ਤੇ ਖੁੱਲ੍ਹ ਕੇ ਤਵਾ ਲਗਾਇਆ। ਨਸ਼ਾ ਕਿੱਥੇ ਤਿਆਰ ਹੁੰਦਾ, ਕਿਥੋਂ ਆਉਂਦਾ, ਕੌਣ ਘਰ-ਘਰ ਵਿਚ ਸਪਲਾਈ ਕਰਦੈ। ਲੋਕਾਂ ਤੋਂ ਹੱਥ ਖੜ੍ਹੇ ਕਰਾ-ਕਰਾ ਕੇ ਨਾਹਰੇ ਲਗਵਾਏ।

ਐਸੀ ਪਿਰਤ ਪਾ ਦਿਆਂਗੇ, ਪੰਜਾਬ ਨੂੰ ਸਵਰਗ ਬਣਾ ਦਿਆਂਗੇ।

ਨਸ਼ੇ ਛਡਾ ਕੇ ਨੌਜਵਾਨਾਂ ਨੂੰ ਕੰਗਣ ਬਣਾ ਦਿਆਂਗੇ।

ਸ਼ਾਮ ਨੂੰ ਕੈਂਪ ਸਮਾਪਤ ਹੋਇਆ। ਸਾਰਾ ਸਟਾਫ਼ ਪ੍ਰਧਾਨ ਦੀ ਕੋਠੀ ਅੰਦਰ ਦਾਖ਼ਲ ਹੋਇਆ। ਸ਼ਾਇਦ ਰਾਤਰੀ ਭੋਜਨ ਦਾ ਸਾਰਾ ਪ੍ਰਬੰਧ ਪ੍ਰਧਾਨ ਜੀ ਦਾ ਸੀ।

ਤਕਰੀਬਨ ਰਾਤ ਨੂੰ 8 ਕੁ ਵਜੇ ਸਪੀਕਰ ਤੋਂ ਅਨਾਊਂਸਮੈਂਟ ਹੋਈ। ਕੋਈ ਅਗਿਆਤ ਆਦਮੀ ਨੰਬਰਦਾਰ ਦੇ ਪਿਛਲੇ ਪਾਸੇ ਵੱਡੇ ਗੰਦੇ ਛੱਪੜ ਵਾਲੇ ਨਾਲੇ 'ਚ ਮੂਧੇ ਮੂੰਹ ਡਿਗਿਆ ਪਿਆ ਹੈ...।' ਜਿਸ ਦੇ ਕੰਨੀਂ ਆਵਾਜ਼ ਪਈ ਭੱਜ ਨਿਕਲੇ। ਕਈ ਨੌਜਵਾਨ ਹੱਥ ਅੱਗੇ ਵਧੇ, ਸਿੱਧਾ ਕਰਕੇ ਸਾਫ਼ ਪਾਣੀ ਨਾਲ ਮੂੰਹ ਧੋਤਾ। ਸਾਰੇ ਹੈਰਾਨ ਹੋ ਗਏ, ਉਏ ਲੱਛੂ, ਜੀਤਿਆ, ਨਾਜਰਾ, ਹਾਕਮਾ ਓਏ ਇਹ ਤਾਂ ਨਸ਼ਾ ਛੁਡਾਊ ਕੈਂਪ ਦਾ ਉਹੀ ਬੰਦਾ ਐ, ਜੋ ਸਭ ਤੋਂ ਵੱਧ ਨਸ਼ੇ ਦੇ ਖਿਲਾਫ਼ ਬੋਲਦਾ ਸੀ। ਸਭ ਨੂੰ ਇਕੋ ਰੱਸੇ ਬੰਨ੍ਹਦਾ ਸੀ।

# ਵਿਅੰਗ ਚਿੰਤਾ

ਪਿੰਡੋਂ ਬਾਹਰ ਸ਼ਹਿਰ ਵੱਲ ਨੂੰ ਜਾਂਦੀ ਸੜਕ ਕੰਢੇ ਖੁੰਢ 'ਤੇ ਬੈਠੇ ਚਾਚੇ ਘਸੀਟੇ ਦਾ ਚਿਹਰਾ ਦਗ਼ਦਗ਼ ਕਰ ਰਿਹਾ ਸੀ। ਅੱਖਾਂ 'ਚ ਚਮਕ ਤੇ ਬੁੱਲ੍ਹਾਂ 'ਤੇ ਮੁਸਕਾਨ ਖੇਡ ਰਹੀ ਸੀ। ਦੇਖ ਕੇ ਬੜਾ ਚੰਗਾ ਲੱਗਿਆ। ਪੁੱਛਣੋਂ ਨਾ ਰਹਿ ਹੋਇਆ।

'ਚਾਚਾ ਕੋਈ ਵਿਆਹ ਖਾਧਾ ? ਬੜਾ ਦਮਕ ਰਿਹਾਂ।

...ਤਾਂ ਚਾਚਾ ਘਸੀਟਾ ਬੋਲਿਆ, 'ਵਿਆਹ-ਵਿਹੂਅ ਤਾਂ ਆਪਾਂ ਕਿਹੜਾ ਖਾਣਾ ਸੀ ਭਤੀਜ। ਬਸ ਆਪਾਂ ਹੁਣ ਸੋਚਣਾ ਛੱਡ 'ਤਾ, ਐਵੇਂ ਸਾਲੀ ਮੁਫ਼ਤ ਦੀ ਚਿੰਤਾ ਲਾਈ ਫਿਰੋ... ਪਿੰਡ ਦੀ ਮੁੰਡ੍ਹੀਰ ਐਵੇਂ ਆਵਾ-ਗਾਉਣ ਹੀ ਮੋਟਰ ਸਾਈਕਲਾਂ 'ਤੇ ਭੱਜੀ ਫਿਰਦੀ ਐ ਤਾਂ ਭੱਜੀ ਫਿਰੇ... ਫੂਕਦੀ ਐ ਮਹਿੰਗਾ ਪੈਟਰੋਲ ਤਾਂ ਫੂਕਦੀ ਫਿਰੇ, ਖਰਚੀ ਜਾਣ ਮੋਬਾਈਲਾਂ 'ਤੇ ਆਪਣੇ ਬਾਪੂਆਂ ਦੀ ਖ਼ੂਨ-ਪਸੀਨੇ ਦੀ ਕਮਾਈ। ਸਕੂਲਾਂ-ਕਾਲਜਾਂ ਦੀ ਥਾਂ ਅਵਾਰਾਗਰਦੀ ਕਰਦੇ ਐ ਮਾਲਾਂ 'ਚ ਤਾਂ ਕਰਦੇ ਫਿਰਨ, ਉਥੇ ਮਹਿੰਗੀਆਂ ਟਿਕਟਾਂ ਤੇ ਦਵਾਨੀ-ਚਵਾਨੀ ਦੀਆਂ ਫਿਲਮਾਂ ਦੇਖਦੇ ਹਨ ਤਾਂ ਦੇਖਦੇ ਰਹਿਣ। ਖਾਂਦੇ ਐ ਨਸ਼ੇ ਦੇ ਕੈਪਸੂਲ ਤਾਂ ਖਾਈ ਜਾਣ, ਲਾਈ ਜਾਂਦੇ ਐ ਟੀਕੇ ਤਾਂ ਲਾਈ ਜਾਣ, ਆਪੇ ਭੁਗਤਣਗੇ ਜਦੋਂ ਸਿਰ 'ਤੇ ਪਈਆਂ। ਆਪਣੇ ਬਲਬੂਤੇ ਉੱਚੀਆਂ ਪੜ੍ਹਾਈਆਂ ਕਰ ਗਈਆਂ ਕੁੜੀਆਂ ਨੂੰ ਨਹੀਂ ਮਿਲਦੇ ਬਰਾਬਰ ਦੇ ਵਰ ਤਾਂ ਨਾ ਮਿਲਣ।'

ਚਾਚਾ ਖੌਰੇ ਭਰਿਆ ਬੈਠਾ ਸੀ। ਉਸ ਨੇ ਰੋਣਹਾਕੇ ਹੋਏ ਨੇ ਕਹਿਣਾ ਜਾਰੀ ਰੱਖਿਆ, 'ਪਈ ਜਾਣ ਪੱਕੀਆਂ ਖੜ੍ਹੀਆਂ ਫਸਲਾਂ 'ਤੇ ਮੋਹਲੇਧਾਰ ਮੀਂਹ, ਨਾ ਵਿਕੇ ਮੰਡੀਆਂ 'ਚ ਪਿਆ ਝੋਨਾ, ਰੁਲਦੇ ਫਿਰਨ ਮੀਂਹ 'ਚ ਬਜ਼ੁਰਗ ਮੰਡੀਆਂ ਵਿਚ ਨਾ ਵਿਕੀਆਂ ਫਸਲਾਂ ਦੀ ਰਾਖੀ ਬੈਠੇ। ਖੇਤੀ ਵਿਗਿਆਨੀਆਂ, ਵਾਤਾਵਰਨ ਮਾਹਰਾਂ, ਸਰਕਾਰਾਂ ਦੇ ਚੀਕਾਂ ਮਾਰੀ ਜਾਣ ਦੇ ਬਾਵਜੂਦ ਸਾਡੇ ਕੁਝ ਭਰਾਵਾਂ ਝੋਨੇ ਦੀ ਪਰਾਲੀ ਤੇ ਕਣਕ ਦਾ ਨਾੜ ਸਾੜੀ ਜਾਣਾ ਹੈ ਖੇਤਾਂ ਵਿਚ ਤਾਂ ਸਾੜੀ ਜਾਣ। ਖਸਮਾਂ ਨੂੰ ਖਾਵੇ ਸਾਰਾ ਕੁਝ... ਆਪੇ ਉੱਪਰ ਵਾਲਾ ਦੇਖੂ, ਜਿਵੇਂ ਉਹਦੀ ਮਰਜ਼ੀ ਹੋਊ। ਆਪਾਂ ਨਹੀਂ ਕਰਨੀ ਹੁਣ ਕੋਈ ਚਿੰਤਾ।'

ਚਾਚਾ ਘਸੀਟਾ ਆਪਣੀਆਂ ਅੱਖਾਂ ਦੀਆਂ ਕੋਰਾਂ 'ਚ ਉਮੜ ਆਏ ਹੰਝੂ ਪੂੰਝਦਾ ਕਹੀ ਜਾ ਰਿਹਾ ਸੀ।

-ਸੁਰਿੰਦਰਪ੍ਰੀਤ ਸਿੰਘ

# ਬਚੋ, ਖਰਚੀਲੇ ਵਿਆਹਾਂ ਤੋਂ

ਉਹ ਵੀ ਸਮਾਂ ਸੀ ਜਦੋਂ ਸਾਦੇ ਵਿਆਹਾਂ ਵਿਚ ਵੀ ਉਹ ਸ਼ਾਨੋ-ਸ਼ੌਕਤ ਹੁੰਦੀ ਸੀ, ਜੋ ਅੱਜ ਦੇ ਜ਼ਿਆਦਾ ਧੂਮ-ਧੜੱਕੇ ਵਾਲੇ ਵਿਆਹਾਂ ਵਿਚ ਵੀ ਦੇਖਣ ਨੂੰ ਨਹੀਂ ਮਿਲਦੀ। ਕਿਉਂਕਿ ਜਿਥੇ ਉਨ੍ਹਾਂ ਵਿਆਹ ਪ੍ਰੋਗਰਾਮਾਂ ਵਿਚ ਖੁਸ਼ੀ, ਸੱਭਿਆਚਾਰ ਤੇ ਰੀਤੀ-ਰਿਵਾਜ ਝਲਕਾਰੇ ਮਾਰਦੇ ਸਨ, ਉਥੇ ਧੀ ਵਾਲਿਆਂ ਦੀ ਜੇਬ 'ਤੇ ਵੀ ਬਹੁਤਾ ਅਸਰ ਨਹੀਂ ਸੀ ਪੈਂਦਾ ਪਰ ਅੱਜ ਦੇ ਵਿਆਹਾਂ ਵਿਚ ਸਿਵਾਏ ਰੌਲੇ-ਰੱਪੇ, ਆਰਕੈਸਟਰਾ ਦੀ ਅਸ਼ਲੀਲਤਾ, ਮਹਿੰਗੀ ਦਾਰੂ ਤੇ ਪੈਸੇ ਦੀ ਦੁਰਵਰਤੋਂ ਤੋਂ ਇਲਾਵਾ ਹੋਰ ਕੁਝ ਕੀਤਾ ਹੀ ਨਹੀਂ ਜਾਂਦਾ, ਜੋ ਕਿ ਸਾਡੇ ਅਮੀਰ ਸੱਭਿਆਚਾਰ ਦੇ ਪਤਨ ਦਾ ਸੂਚਕ ਤਾਂ ਹੈ ਹੀ ਸਗੋਂ ਸਾਡੇ ਪੰਜਾਬੀਆਂ ਦੇ ਬੇਗੈਰਤ ਹੋਣ ਦੀ ਗਵਾਹੀ ਵੀ ਭਰਦਾ ਹੈ ਅੱਜ ਇਨ੍ਹਾਂ ਖਰਚੀਲੇ ਵਿਆਹਾਂ ਨੇ ਜਿਥੇ ਵਿਰਸੇ ਨੂੰ ਸੱਟ ਮਾਰੀ ਹੈ, ਉਥੇ ਸਾਡੇ ਪੰਜਾਬੀਆਂ ਦੀ ਆਰਥਿਕਤਾ ਨੂੰ ਵੀ ਵੱਡੀ ਢਾਹ ਲਾਈ ਹੈ। ਕਿਉਂਕਿ ਜਿਹੜਾ ਵਿਆਹ ਕਦੇ 50 ਹਜ਼ਾਰ ਵਿਚ ਬੜੀ ਸ਼ਾਨੋ-ਸ਼ੌਕਤ ਨਾਲ ਹੋ ਜਾਂਦਾ ਸੀ, ਉਹੀ ਵਿਆਹ ਅੱਜ 5-7 ਲੱਖ ਵਿਚ ਵੀ ਮਸਾਂ ਰੋ-ਪਿੱਟ ਕੇ ਨੇਪਰੇ ਚੜ੍ਹਦਾ ਹੈ। ਉੱਤੋਂ ਨਵੇਂ ਲੈਣ-ਦੇਣ ਨੇ ਫੂਕ ਕੱਢ ਕੇ ਰੱਖ ਦਿੱਤੀ ਹੈ, ਕਿਉਂਕਿ ਵਿਆਂਦੜ ਮੁੰਡੇ ਦੇ ਕੜੇ, ਮੁੰਦੀ ਤੋਂ ਲੈ ਕੇ ਫੁੱਫੜ, ਮਾਮਿਆਂ ਤੱਕ ਦੀਆਂ ਉਂਗਲਾਂ ਵਿਚ ਸੋਨਾ ਸਜਾਇਆ ਜਾਂਦਾ ਹੈ, ਜੋ ਕਿ ਬੜਾ ਹੀ ਮਾਰੂ ਵਰਤਾਰਾ ਹੈ। ਹੁਣ ਦੇ ਸਮੇਂ ਵਿਚ ਬਰਾਤੀਆਂ ਦੀ ਆਓ ਭਗਤ ਲਈ ਧਰਮਸ਼ਾਲਾਵਾਂ ਦੀ ਵਰਤੋਂ ਨਹੀਂ, ਸਗੋਂ ਮਹਿੰਗੀਆਂ ਫੀਸਾਂ ਦੇ ਕੇ ਪੈਲੇਸ ਬੁੱਕ ਕੀਤੇ ਜਾਂਦੇ ਹਨ, ਜਿਨ੍ਹਾਂ ਨਾਲ ਪਿੰਡਾਂ ਵਿਚਲੀ ਭਾਈਚਾਰਕ ਸਾਂਝ ਟੁੱਟਦੀ ਜਾ ਰਹੀ ਹੈ ਪੈਲੇਸਾਂ ਵਿਚ ਮਹਿੰਗੀ ਸ਼ਰਾਬ ਤੇ ਮੀਟ ਤੋਂ ਇਲਾਵਾ ਵੱਧ ਮਾਤਰਾ ਵਿਚ ਦਾਲਾਂ ਤੇ ਸਬਜ਼ੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਸ ਦੀ ਬਾਅਦ ਵਿਚ ਬੜੀ ਦੁਰਵਰਤੋਂ ਹੁੰਦੀ ਹੈ। ਸੋ,



ਸਾਡੇ ਭਾਰਤ ਵਿਚ ਇਕ ਪਾਸੇ ਤਾਂ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ, ਦੂਜੇ ਪਾਸੇ ਭੋਜਨ ਪਦਾਰਥਾਂ ਦੀ ਵਿਆਹ ਪ੍ਰੋਗਰਾਮਾਂ ਵਿਚ ਦੁਰਵਰਤੋਂ ਕੀਤੀ ਜਾ ਰਹੀ ਹੈ ਅੰਤ ਵਿਚ ਇਹੀ ਕਹਾਂਗਾ ਕਿ ਸਾਨੂੰ ਖਰਚੀਲੇ ਵਿਆਹਾਂ ਤੋਂ ਬਚਣ ਦੀ ਬੜੀ ਹੀ ਲੋੜ ਹੈ। ਕਿਉਂਕਿ ਸਾਡੇ ਪੰਜਾਬ ਦੀ ਕਿਸਾਨੀ ਅੱਜ ਬੜੇ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਹੀ ਹੈ। ਕਿਸਾਨਾਂ 'ਤੇ ਕਰਜ਼ੇ ਦੇ ਬੱਦਲ ਛਾਏ ਹੋਏ ਨੇ, ਜੇਕਰ ਅਜਿਹੇ ਹਾਲਾਤ ਵਿਚ ਵੀ ਅਸੀਂ ਖਰਚੀਲੇ ਵਿਆਹਾਂ 'ਤੇ ਲਗਾਮ ਨਾ ਕੱਸੀ ਤਾਂ ਆਉਣ ਵਾਲੇ ਹਾਲਾਤ ਬੜੇ ਹੀ ਭਿਆਨਕ ਹੋਣਗੇ ਤੇ ਖੁਦਕੁਸ਼ੀਆਂ ਦੀ ਦਰ ਵਿਚ ਵੀ ਵਾਧਾ ਹੋਵੇਗਾ ਅਤੇ ਆਰਥਿਕਤਾ ਨੂੰ ਵੀ ਵੱਡਾ ਝਟਕਾ ਲੱਗੇਗਾ।

# ਸ਼ਾਮਲਾਟਾਂ ਉੱਤੇ ਹੋ ਰਹੇ ਨਾਜਾਇਜ਼ ਕਬਜ਼ੇ ਰੋਕੇ ਜਾਣ

ਸ਼ਾਮਲਾਟ ਪਿੰਡ ਦੀ ਉਹ ਸਾਂਝੀ ਜਗ੍ਹਾ ਜਾਂ ਜ਼ਮੀਨ ਹੁੰਦੀ ਹੈ, ਜਿਸ ਉੱਪਰ ਸਾਰੇ ਪਿੰਡ ਦਾ ਅਧਿਕਾਰ ਹੁੰਦਾ ਹੈ। ਪਰ ਮੌਜੂਦਾ ਦੌਰ ਵਿਚ ਦੇਖਿਆ ਜਾਵੇ ਤਾਂ ਸ਼ਾਮਲਾਟਾਂ ਕੁਝ ਕੁ ਪਰਿਵਾਰਾਂ ਦੀ ਨਿੱਜੀ ਸੰਪਤੀ ਬਣ ਚੁੱਕੀਆਂ ਹਨ ਜਾਂ ਬਣ ਰਹੀਆਂ ਹਨ। ਇਨ੍ਹਾਂ ਉੱਪਰ ਧੜਾਧੜ ਨਾਜਾਇਜ਼ ਕਬਜ਼ੇ ਹੋ ਰਹੇ ਹਨ। ਬਹੁਤੇ ਪਿੰਡਾਂ ਵਿਚ ਸ਼ਾਮਲਾਟਾਂ ਦੀ ਹੋਂਦ ਸਿਰਫ਼ ਕਾਗਜ਼ਾਂ ਵਿਚ ਹੀ ਰਹਿ ਗਈ ਹੈ। ਸਾਂਝੀ ਜਗ੍ਹਾ ਹੋਣ ਕਰਕੇ ਕੋਈ ਵੀ ਰੋਕਣ ਲਈ ਗੰਭੀਰ ਨਹੀਂ ਹੈ। ਸਥਿਤੀ ਇਹ ਹੋ ਗਈ ਹੈ ਕਿ ਪਿੰਡਾਂ ਦੇ ਟੋਭੇ, ਛੱਪੜ ਵੀ ਸੁਰੱਖਿਅਤ ਨਹੀਂ ਰਹੇ। ਉਨ੍ਹਾਂ ਨੂੰ ਵੀ ਪੂਰ ਕੇ ਆਪਣੇ ਕਬਜ਼ੇ ਹੇਠ ਕੀਤਾ ਜਾ ਰਿਹਾ ਹੈ, ਜਿਸ ਨਾਲ ਦਿਨੋ-ਦਿਨ ਪਿੰਡਾਂ ਦੇ ਛੱਪੜ ਸੁੰਗੜਦੇ ਜਾ ਰਹੇ ਹਨ। ਆਖਰ ਇਸ ਤਰ੍ਹਾਂ ਕਿਉਂ ਵਾਪਰ ਰਿਹਾ ਹੈ। ਇਸ ਦੇ ਪਿੱਛੇ ਕੀ ਕਾਰਨ ਹਨ।

ਜੇਕਰ ਦੇਖਿਆ ਜਾਵੇ ਤਾਂ ਇਸ ਦਾ ਸਭ ਤੋਂ ਵੱਡਾ ਕਾਰਨ ਹੈ ਪੰਚਾਇਤਾਂ ਵੱਲੋਂ ਅਜਿਹੇ ਮਸਲਿਆਂ ਨੂੰ ਜ਼ਿਆਦਾ ਤਵੱਜੋਂ ਨਾ ਦੇਣਾ। ਲੋਕਾਂ ਦੀ ਨਰਾਜ਼ਗੀ ਦੇ ਡਰੋਂ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਜਿਸ ਨਾਲ ਇਹ ਕਬਜ਼ੇ ਬਣੇ ਰਹਿੰਦੇ ਹਨ। ਦੂਸਰਾ ਪਿੰਡਾਂ ਵਿਚ ਪੈਦਾ ਹੋ ਚੁੱਕੀ ਧੜੇਬੰਦੀ ਵੀ ਇਸ ਦੇ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ। ਜੇਕਰ ਪੰਚਾਇਤ ਇਨ੍ਹਾਂ ਕਬਜ਼ਿਆਂ ਨੂੰ ਛੁਡਾਉਣ ਦੀ ਕੋਸ਼ਿਸ਼ ਵੀ ਕਰਦੀ ਹੈ ਤਾਂ ਧੜੇਬੰਦੀ ਹੋਣ ਕਰਕੇ ਵਿਰੋਧੀ ਧਿਰ ਕਬਜ਼ਾਧਾਰੀਆਂ ਦੀ ਪਿੱਠ 'ਤੇ ਆ ਖੜ੍ਹਦੀ ਹੈ ਤੇ ਕੀਤੇ ਕਬਜ਼ਿਆਂ ਨੂੰ ਅਸਾਨੀ ਨਾਲ ਛੱਡਣ ਲਈ ਤਿਆਰ ਨਹੀਂ ਹੁੰਦਾ। ਪੰਚਾਇਤਾਂ ਦੇ ਅਧਿਕਾਰ ਤੇ ਸਾਧਨ ਸੀਮਿਤ ਹੋਣ ਕਾਰਨ ਉਹ ਬਲਪੂਰਵਕ ਨਾਜਾਇਜ਼ ਕੀਤੇ ਕਬਜ਼ਿਆਂ ਨੂੰ ਛੁਡਾਉਣ ਤੋਂ ਅਸਮੱਰਥ



ਜਾਇਜ਼ ਠਹਿਰਾਉਂਦੀ ਹੈ। ਇਸ ਨਾਲ ਜਿਥੇ ਇਨ੍ਹਾਂ ਦੇ ਹੌਸਲੇ ਵੀ ਵਧਦੇ ਹਨ, ਉਥੇ ਕਈ ਵਾਰ ਸਥਿਤੀ ਟਕਰਾਅ ਵਾਲੀ ਵੀ ਬਣ ਜਾਂਦੀ ਹੈ, ਜਿਸ ਨਾਲ ਪਿੰਡ ਦਾ ਮਾਹੌਲ ਖ਼ਰਾਬ ਹੁੰਦਾ ਹੈ।

ਪੰਚਾਇਤਾਂ ਨੂੰ ਪ੍ਰਸ਼ਾਸਨ ਵੱਲੋਂ ਸਹਿਯੋਗ ਦੀ ਵੱਡੀ ਘਾਟ ਹੈ। ਲੰਮੇ ਸਮੇਂ ਤੋਂ ਕੀਤੇ ਕਬਜ਼ਿਆਂ ਕਾਰਨ ਕੋਈ ਵੀ ਇਨ੍ਹਾਂ ਨੂੰ ਹੁੰਦੀਆਂ ਹਨ। ਵਾਰ-ਵਾਰ ਧਿਆਨ ਵਿਚ ਲਿਆਉਣ ਦੇ ਬਾਵਜੂਦ ਜਦੋਂ ਪ੍ਰਸ਼ਾਸਨ ਗੰਭੀਰਤਾ ਨਹੀਂ ਦਿਖਾਉਂਦਾ ਤਾਂ ਪੰਚਾਇਤਾਂ ਵੀ ਥੱਕ-ਹਾਰ ਕੇ ਚੁੱਪ ਕਰ ਜਾਂਦੀਆਂ ਹਨ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪੰਚਾਇਤਾਂ ਨੂੰ ਅਜਿਹੇ ਮਸਲਿਆਂ ਨੂੰ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕਿਸੇ ਨੂੰ ਵੀ ਸਾਂਝੀ ਜਗ੍ਹਾ 'ਤੇ ਕਾਬਜ਼ ਨਾ ਹੋਣ ਦਿੱਤਾ ਜਾਵੇ। ਕਬਜ਼ੇ ਛੁਡਾਉਣ ਦੀ ਕਾਰਵਾਈ ਬਿਨਾਂ ਕਿਸੇ ਪੱਖਪਾਤ ਤੋਂ ਕੀਤੀ ਜਾਵੇ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਇਕੱਲੀ ਪੰਚਾਇਤ ਦੀ ਜ਼ਿੰਮੇਵਾਰੀ ਨਾ ਸਮਝ ਕੇ ਆਪਣੀ ਵੀ ਜ਼ਿੰਮੇਵਾਰੀ ਸਮਝਣ। ਧੜੇਬੰਦੀ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਨਾਜਾਇਜ਼ ਕਬਜ਼ਿਆਂ ਨੂੰ ਖਤਮ ਕਰਵਾਉਣ ਲਈ ਆਪਣਾ ਸਹਿਯੋਗ ਦੇਣ। ਪ੍ਰਸ਼ਾਸਨ ਵੀ ਅਜਿਹੇ ਮਾਮਲਿਆਂ ਵਿਚ ਸੁਹਿਰਦਤਾ ਦਿਖਾਵੇ। ਨਾਜਾਇਜ਼ ਕੀਤੇ ਹੋਏ ਕਬਜ਼ਿਆਂ ਨੂੰ ਕਿਸੇ ਵੀ ਹਾਲਤ ਵਿਚ ਸਹੀ ਨਹੀਂ ਠਹਿਰਾਇਆ ਜਾਣਾ ਚਾਹੀਦਾ। ਸ਼ਾਮਲਾਟਾਂ ਨੂੰ ਮੁਕਤ ਕਰਵਾਉਣ ਤੋਂ ਬਾਅਦ ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਖਾਲੀ ਨਾ ਛੱਡਿਆ ਜਾਵੇ, ਸਗੋਂ ਠੋਸ ਤੇ ਢੁਕਵੇਂ ਪ੍ਰਬੰਧ ਕੀਤੇ ਜਾਣ ਤਾਂ ਕਿ ਕੋਈ ਦੁਬਾਰਾ ਇਨ੍ਹਾਂ 'ਤੇ ਕਾਬਜ਼ ਨਾ ਹੋ ਸਕੇ। ਖਾਲੀ ਪਈਆਂ ਥਾਵਾਂ 'ਤੇ ਦਰੱਖਤ ਲਗਾ ਕੇ ਇਸ ਸਮੱਸਿਆ ਨੂੰ ਕਾਫੀ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ। ਇਸ ਨਾਲ ਜਿਥੇ ਇਕ ਪਾਸੇ ਸ਼ਾਮਲਾਟਾਂ ਕਬਜ਼ਿਆਂ ਤੋਂ ਅਜ਼ਾਦ ਰਹਿਣਗੀਆਂ, ਉਥੇ ਦੂਸਰੇ ਪਾਸੇ ਦਰੱਖ਼ਤ ਵੀ ਵਾਤਾਵਰਨ ਲਈ ਸਹਾਈ ਹੋਣਗੇ।

-ਅੰਗਰੇਜ਼ੀ ਅਧਿਆਪਕ,

# ਆਮ ਲੋਕਾਂ 'ਤੇ ਬੇਲੋੜਾ ਬੋਝ ਹਨ 'ਟੋਲ ਨਾਕੇ'

ਜਦ ਲੋਕਾਂ ਦੁਆਰਾ ਚੁਣੀਆਂ ਹੋਈਆਂ ਸਰਕਾਰਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਲੈਂਦੀਆਂ ਹਨ ਤਾਂ ਆਮ ਲੋਕਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਮ ਲੋਕਾਂ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਬੇਲੋੜੇ ਬੋਝ ਢੋਹਣੇ ਪੈਂਦੇ ਹਨ। ਇਸ ਦੀ ਇਕ ਜਿਊਂਦੀ-ਜਾਗਦੀ ਉਦਾਹਰਣ ਪੰਜਾਬ ਦੀਆਂ ਬਹੁਤੀਆਂ ਵੱਡੀਆਂ ਸੜਕਾਂ 'ਤੇ ਨਿੱਜੀ ਕੰਪਨੀਆਂ ਵੱਲੋਂ ਲਾਏ ਗਏ 'ਟੋਲ ਨਾਕੇ' ਹਨ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਦੀ ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਦੀ ਸਭ ਤੋਂ ਮੁੱਖ ਜ਼ਿੰਮੇਵਾਰੀ ਆਮ ਨਾਗਰਿਕਾਂ ਨੂੰ ਸਿਹਤ, ਸਿੱਖਿਆ, ਰੁਜ਼ਗਾਰ, ਸੁਰੱਖਿਆ ਸਮੇਤ ਬੁਨਿਆਦੀ ਢਾਂਚੇ ਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ, ਜਿਸ ਵਿਚ ਸੜਕਾਂ ਸਭ ਤੋਂ ਅਹਿਮ ਹਨ ਪਰ ਅਫਸੋਸ ਤੇ ਦੁੱਖ ਦੀ ਗੱਲ ਹੈ ਕਿ ਸਾਡੇ ਇਥੇ ਸਾਰੇ ਦੇਸ਼ ਵਿਚ ਹੀ ਸਰਕਾਰਾਂ ਆਪਣੇ ਇਸ ਫਰਜ਼ ਤੋਂ ਮੂੰਹ ਮੋੜ ਚੁੱਕੀਆਂ ਹਨ। ਸਾਡੇ ਪੰਜਾਬ ਵਿਚ ਤੇ ਦੇਸ਼ ਦੇ ਹੋਰਨਾਂ ਰਾਜਾਂ ਵਿਚ ਵੀ ਸਰਕਾਰਾਂ ਪ੍ਰਾਈਵੇਟ ਨਿਰਮਾਣ ਕੰਪਨੀਆਂ ਕੋਲੋਂ ਸੜਕਾਂ ਬਣਵਾ ਕੇ, ਸੜਕ ਬਣਾਉਣ 'ਤੇ ਆਈ ਲਾਗਤ ਨੂੰ ਮੁਨਾਫਾ ਜੋੜ ਕੇ, 'ਟੋਲ ਨਾਕੇ' ਲਾ ਕੇ ਸੜਕਾਂ ਤੋਂ ਚਾਰ-ਪਹੀਆ ਵਾਹਨਾਂ ਰਾਹੀਂ ਲੰਘਣ ਵਾਲੇ ਆਮ ਲੋਕਾਂ ਤੋਂ ਇਕੱਠਾ ਕਰਨ ਦੀ ਕੰਪਨੀਆਂ ਨੂੰ ਕਈ-ਕਈ ਸਾਲਾਂ ਤੱਕ ਖੁੱਲ੍ਹ ਦੇ ਦਿੰਦੀਆਂ ਹਨ। ਇਥੋਂ ਹੀ ਸ਼ੁਰੂ ਹੁੰਦਾ ਹੈ ਆਮ ਲੋਕਾਂ ਦੀਆਂ ਪ੍ਰੇਸ਼ਾਨੀਆਂ ਤੇ ਲੁੱਟ ਦਾ ਦੌਰ।

ਸਾਡੇ ਪੰਜਾਬ ਵਿਚ ਤਾਂ ਇਸ ਸਮੇਂ ਤਕਰੀਬਨ ਸਾਰੇ ਹੀ ਸ਼ਾਹ ਮਾਰਗਾਂ 'ਤੇ ਟੋਲ ਨਾਕੇ ਹਨ (ਜਿਨ੍ਹਾਂ 'ਤੇ ਨਹੀਂ ਹਨ, ਉਨ੍ਹਾਂ 'ਤੇ ਵੀ ਕਈ ਥਾਈਂ ਤਿਆਰੀ ਹੋ ਰਹੀ ਹੈ)। ਇਨ੍ਹਾਂ ਟੋਲ ਨਾਕਿਆਂ 'ਤੇ ਆਮ ਲੋਕਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਪਹਿਲਾਂ ਤਾਂ ਸਾਡੇ ਪੰਜਾਬ ਵਿਚ ਟੋਲ ਨਾਕੇ ਦੂਰੀ ਦੇ ਮੁਤਾਬਿਕ ਵੀ ਨੇੜੇ-ਨੇੜੇ ਸਥਿਤ ਹਨ। ਇਨ੍ਹਾਂ ਟੋਲ ਨਾਕਿਆਂ 'ਤੇ ਕਈ ਵਾਰ ਪਰਚੀ ਕਟਾਉਣ 'ਤੇ 5 ਤੋਂ 8 ਮਿੰਟ ਦਾ ਸਮਾਂ ਲੱਗ ਜਾਂਦਾ ਹੈ। ਕਾਨੂੰਨਨ ਕਿਸੇ ਵੀ ਟੋਲ ਨਾਕੇ 'ਤੇ ਯਾਤਰੀ ਨੂੰ 3 ਮਿੰਟ ਤੋਂ ਵੱਧ ਨਹੀਂ ਰੋਕਿਆ ਜਾ ਸਕਦਾ। ਜੇਕਰ 3 ਮਿੰਟ ਤੋਂ ਵੱਧ ਦੇਰੀ ਲਗਦੀ ਹੈ ਤਾਂ ਯਾਤਰੀ ਟੋਲ ਦਿੱਤੇ ਬਿਨਾਂ ਜਾ ਸਕਦਾ ਹੈ ਪਰ ਸਾਡੇ ਇਥੇ ਇਸ ਤਰ੍ਹਾਂ ਨਹੀਂ ਹੈ। ਸਾਡੇ ਪੰਜਾਬ ਵਿਚ ਟੋਲ ਦਰਾਂ ਵੀ ਕਈ ਰਾਜਾਂ ਦੇ ਮੁਕਾਬਲੇ ਵੱਧ ਹਨ। ਇਹ ਸਿੱਧੀ-ਸਿੱਧੀ ਆਮ ਲੋਕਾਂ ਦੀ ਲੁੱਟ ਹੈ, ਕਿਉਂਕਿ ਰੋਡ ਟੈਕਸ ਤਾਂ ਪੈਟਰੋਲ-ਡੀਜ਼ਲ ਸਮੇਤ ਹਰੇਕ ਵਹੀਕਲ ਦੇ ਖਰੀਦਣ ਸਮੇਂ ਵੀ





ਸਰਕਾਰ ਲੈਂਦੀ ਹੈ। ਫਿਰ ਇਹ ਦੋਹਰੀ ਮਾਰ ਕਿਉਂ।

ਟੋਲ ਨਾਕਿਆਂ 'ਤੇ ਵੀ ਯਾਤਰੀਆਂ ਲਈ ਕੋਈ ਸਹੂਲਤ ਨਹੀਂ ਹੁੰਦੀ। ਟੋਲ ਮੁਲਾਜ਼ਮਾਂ ਦਾ ਰਵੱਈਆ ਵੀ ਠੀਕ ਨਹੀਂ ਹੁੰਦਾ। ਕਈ ਵਾਰ ਆਉਣ-ਜਾਣ ਦੀ ਪਰਚੀ ਇਕੱਠੀ ਲੈ ਕੇ ਗਏ ਯਾਤਰੀਆਂ ਨਾਲ ਸਮੇਂ 'ਤੇ ਪਰਚੀ ਆਦਿ ਗੁੰਮ ਹੋਣ 'ਤੇ ਕੰਪਿਊਟਰਆਈਜਡ ਕੰਮ ਹੋਣ ਦੇ ਬਾਵਜੂਦ ਝਗੜੇ ਕੀਤੇ ਜਾਂਦੇ ਹਨ। ਅਖੀਰ ਵਿਚ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਆਪਣੇ ਫਰਜ਼ ਨੂੰ ਮੁੱਖ ਰੱਖ ਕੇ ਪੰਜਾਬ ਵਿਚ 'ਟੋਲ ਨਾਕਿਆਂ' ਦਾ ਬੋਝ ਲੋਕਾਂ ਤੋਂ ਘੱਟ ਕਰੇ। ਪਹਿਲੀ ਗੱਲ ਤਾਂ ਸੜਕਾਂ ਸਰਕਾਰਾਂ ਖੁਦ ਬਣਾਉਣ, ਨਾ ਕਿ ਪ੍ਰਾਈਵੇਟ ਕੰਪਨੀਆਂ।

ਸਰਕਾਰ ਕੋਲ ਇਸ ਕੰਮ ਲਈ ਵਿਭਾਗ ਤੇ ਸਾਰਾ ਢਾਂਚਾ ਮੌਜੂਦ ਹੈ। ਦੂਜਾ ਟੋਲ ਦਰਾਂ ਜਾਇਜ਼ ਕੀਤੀਆਂ ਜਾਣ। ਟੋਲ ਨਾਕਿਆਂ ਦਾ ਪ੍ਰਬੰਧ ਕਾਨੂੰਨ ਮੁਤਾਬਿਕ ਹੋਵੇ। ਯਾਤਰੀਆਂ ਦੇ ਸਮੇਂ ਦੀ ਕਦਰ ਕੀਤੀ ਜਾਵੇ ਤੇ ਚੰਗਾ ਤੇ ਆਦਰਸ਼ਕ ਵਿਵਹਾਰ ਕੀਤਾ ਜਾਵੇ।

# ਨਿੱਕੀਆਂ-ਨਿੱਕੀਆਂ ਗੱਲਾਂ ਪਿੱਛੇ ਕਿਉਂ ਹੋ ਰਹੇ ਹਨ ਕਤਲ

ਪੁਰਾਤਨ ਸਮੇਂ ਅੰਦਰ ਝਾਤ ਮਾਰੀਏ ਤਾਂ ਪੰਜਾਬ ਵਿਚ ਸਮਾਜਿਕ ਸਾਂਝ ਬੜੀ ਮਜ਼ਬੂਤ ਸੀ। ਹਰ ਵਿਅਕਤੀ ਦੂਜੇ ਵਿਅਕਤੀ ਦੀ ਸਮੱਸਿਆ ਨੂੰ ਸਮਝਦਾ ਸੀ ਤੇ ਹੱਲ ਕਰਨ ਦੀ ਕੋਸ਼ਿਸ਼ ਕਰਦਾ ਸੀ। ਹਰ ਤਰ੍ਹਾਂ ਦੇ ਝਗੜਿਆਂ ਦਾ ਨਿਪਟਾਰਾ ਪਿੰਡ ਦੀ ਪੰਚਾਇਤ ਵਿਚ ਮੋਹਤਬਰ ਵਿਅਕਤੀ ਕਰਦੇ ਸਨ ਪਰ ਅਜੋਕੇ ਸਮੇਂ ਵਿਚ ਪੰਜਾਬ ਵਿਚ ਸਮਾਜਿਕ ਸਾਂਝ ਬਿਲਕੁਲ ਖਤਮ ਹੋ ਰਹੀ ਹੈ। ਆਮ ਦੇਖਣ ਵਿਚ ਆ ਰਿਹਾ ਹੈ ਕਿ ਛੋਟੀਆਂ-ਛੋਟੀਆਂ ਗੱਲਾਂ 'ਤੇ ਕਿਸੇ ਜ਼ਿਆਦਾ ਆਉਂਦਾ ਤੇ ਸਹਿਣਸ਼ੀਲਤਾ ਦੀ ਘਾਟ ਹੋ ਰਹੀ ਹੈ, ਜਿਸ ਕਾਰਨ ਇਕ ਪਲ ਦਾ ਗੁੱਸਾ ਹੀ ਮਨੁੱਖ ਨੂੰ ਹੈਵਾਨ ਬਣਾ ਦਿੰਦਾ ਹੈ। ਜੋ ਆਦਮੀ ਇਸ ਗੁੱਸੇ ਨੂੰ ਵੱਸ ਵਿਚ ਕਰ ਲੈਂਦਾ ਹੈ, ਉਹ ਇਨ੍ਹਾਂ ਲੜਾਈਆਂ ਦੇ ਮਾਰੂ ਨਤੀਜਿਆਂ ਤੋਂ ਬਚ ਸਕਦਾ ਹੈ। ਅਜੋਕਾ ਮਨੁੱਖ ਅਹੰਕਾਰੀ ਬਣ ਰਿਹਾ ਹੈ। ਆਪਣੇ ਅਹੰਕਾਰ ਦੇ ਕਾਰਨ ਉਹ ਹਰ ਪਾਸੇ ਆਪਣੀ ਚੌਧਰ ਦੀ ਵਰਤੋਂ ਕਰਕੇ ਕਈ ਵਾਰ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦਾ ਹੈ। ਹੋਰ ਕਾਰਨਾਂ ਬਾਰੇ



ਦੂਜੇ ਵਿਅਕਤੀ ਦੀ ਜਾਨ ਲੈ ਲਈ ਜਾਂਦੀ ਹੈ। ਟਰਾਂਸਫਾਰਮਰ ਤੋਂ ਲੜਾਈ, ਪਾਣੀ ਦੀ ਵਾਰੀ ਦੀ ਲੜਾਈ, ਵੱਟ-ਬੰਨੇ ਤੋਂ ਲੜਾਈ, ਵੰਡ-ਵੰਡਾਈ ਦੀ ਲੜਾਈ ਆਦਿ ਛੋਟੀਆਂ-ਛੋਟੀਆਂ ਗੱਲਾਂ ਨੇ ਕਈ ਵਿਅਕਤੀਆਂ ਨੂੰ ਮੌਤ ਦੇ ਮੂੰਹ ਵਿਚ ਜਾ ਸੁੱਟਿਆ ਹੈ। ਕਈ ਵਾਰ ਤਾਂ ਇਕ ਗਿੱਠ ਜ਼ਮੀਨ ਪਿੱਛੇ ਹੋਈ ਲੜਾਈ ਕਈ ਏਕੜ ਜ਼ਮੀਨ ਵਿਕਵਾ ਦਿੰਦੀ ਹੈ ਤੇ ਫਿਰ ਵੀ ਆਦਮੀ ਨੂੰ ਜੇਲ੍ਹ ਦੀ ਹਵਾ ਖਾਣੀ ਪੈਂਦੀ ਹੈ। ਉਸ ਵਿਅਕਤੀ ਨੂੰ ਜੇਲ੍ਹ ਵਿਚ ਬੈਠਿਆਂ ਪਛਤਾਵਾ ਹੁੰਦਾ ਹੈ ਕਿ ਉਸ ਨੇ ਬੜੀ ਵੱਡੀ ਗ਼ਲਤੀ ਕੀਤੀ ਹੈ ਪਰ ਉਸ ਸਮੇਂ ਵਕਤ ਲੰਘ ਚੁੱਕਾ ਹੁੰਦਾ ਹੈ। ਭਰਾਵਾਂ-ਭਰਾਵਾਂ ਦੀ ਲੜਾਈ, ਪਿਓ-ਪੁੱਤ ਦੀ ਲੜਾਈ ਅਤੇ ਰਿਸ਼ਤੇਦਾਰਾਂ ਵਿਚਕਾਰ ਹੋਈਆਂ ਲੜਾਈਆਂ ਤੋਂ ਸਾਫ਼ ਜ਼ਾਹਰ ਹੋ ਰਿਹਾ ਹੈ ਕਿ ਸਾਡਾ ਖ਼ੂਨ ਪਾਣੀ ਬਣ ਰਿਹਾ ਹੈ, ਜਿਸ ਨਾਲ ਸਮਾਜਿਕ ਰਿਸ਼ਤਿਆਂ ਦੀ ਹਾਲਤ ਲੀਰੋ-ਲੀਰ ਹੋ ਰਹੀ ਹੈ। ਅਸਲ ਵਿਚ ਜੇਕਰ ਇਨ੍ਹਾਂ ਲੜਾਈਆਂ ਦੇ ਕਾਰਨਾਂ ਦੀ ਘੋਖ ਕਰੀਏ ਤਾਂ ਸਭ ਤੋਂ ਪਹਿਲਾ ਕਾਰਨ ਹੈ ਸਹਿਣਸ਼ੀਲਤਾ ਦੀ ਘਾਟ। ਅਜੋਕਾ ਮਨੁੱਖ ਪਦਾਰਥਵਾਦੀ ਬਣ ਗਿਆ ਹੈ, ਜਿਸ ਕਾਰਨ ਉਸ ਨੂੰ ਗੁੱਸਾ ਜੇਕਰ ਦੇਖੀਏ ਤਾਂ ਸਾਡੇ ਅੰਦਰ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੋ ਰਹੀ ਹੈ, ਜਿਸ ਕਾਰਨ ਅਸੀਂ ਆਪਣੀਆਂ ਰਿਸ਼ਤੇਦਾਰੀਆਂ ਨੂੰ ਭੁੱਲ ਜਾਂਦੇ ਹਾਂ ਤੇ ਭਰਾ ਦਾ ਕਤਲ ਕਰਨ ਲੱਗੇ ਵੀ ਭੋਰਾ ਨਹੀਂ ਸੋਚਦੇ। ਕਾਰਨ ਭਾਵੇਂ ਕੁਝ ਵੀ ਹੋਵੇ, ਅਜਿਹੀਆਂ ਘਟਨਾਵਾਂ ਸਮਾਜ ਲਈ ਬੜੀਆਂ ਖਤਰਨਾਕ ਹਨ। ਜੋ ਕਤਲ ਹੁੰਦਾ ਹੈ, ਉਸ ਦਾ ਪਰਿਵਾਰ ਰੁਲ ਜਾਂਦਾ ਹੈ ਪਰ ਜੋ ਕਤਲ ਕਰਦਾ ਹੈ, ਉਸ ਦਾ ਹਾਲ ਉਸ ਤੋਂ ਵੀ ਮਾੜਾ ਹੁੰਦਾ ਹੈ। ਚਾਹੀਦਾ ਇਹ ਹੈ ਕਿ ਅਜਿਹੀਆਂ ਖਤਰਨਾਕ ਘਟਨਾਵਾਂ ਤੋਂ ਬਚੀਏ। ਜੋ ਵੀ ਗਿਲੇ-ਸ਼ਿਕਵੇ ਹੋਣ, ਬੈਠ ਕੇ ਹੱਲ ਕਰਨੇ ਚਾਹੀਦੇ ਹਨ। ਆਪਣੇ ਗੁੱਸੇ ਨੂੰ ਵੱਸ ਵਿਚ ਕਰਨ ਲਈ ਯੋਗਾ ਆਦਿ ਦਾ ਅਭਿਆਸ ਕੀਤਾ ਜਾ ਸਕਦਾ ਹੈ। ਆਪਣੇ ਅੰਦਰ ਸਹਿਣਸ਼ੀਲਤਾ ਪੈਦਾ ਕਰੋ, ਅਹੰਕਾਰ ਨੂੰ ਦੂਰ ਭਜਾਓ, ਨੈਤਿਕ ਕਦਰਾਂ-ਕੀਮਤਾਂ ਪੈਦਾ ਕਰੋ। ਨਾ ਹੀ ਕਿਸੇ ਦੀ ਜਾਨ ਲਓ ਅਤੇ ਨਾ ਹੀ ਆਪਣੀ ਜਾਨ ਖਤਰੇ ਵਿਚ ਪਾਓ। ਇਹ ਜੀਵਨ ਇਕ ਵਾਰ ਮਿਲਦਾ ਹੈ, ਚੰਗੇ ਕਰਮ ਕਰਕੇ ਸਮਾਜ ਦੇ ਚੰਗੇ ਨਾਗਰਿਕ ਬਣੋ।

-ਸ: ਹਾ: ਸਕੂਲ, ਚੁਗੱਤੇ ਵਾਲਾ।

# ਦਾਦੀ ਮਾਂ ਦੀ ਬਾਤ

ਪੋਤਰਾ ਆਪਣੀ ਦਾਦੀ ਮਾਂ ਕੋਲ ਬੈਠ ਕੇ ਹਰ ਰੋਜ਼ ਵਾਂਗ ਅੱਜ ਵੀ ਕਹਾਣੀ ਸੁਣਨ ਲਈ ਉਤਾਵਲਾ ਸੀ। ਦਾਦੀ ਮਾਂ ਨੇ ਅੱਜ ਉਸ ਨੂੰ ਪੁਰਾਣੀਆਂ ਕਹਾਣੀਆਂ ਦੀ ਥਾਂ ਨਵੀਂ ਕਹਾਣੀ ਸੁਣਾਉਣ ਦਾ ਫ਼ੈਸਲਾ ਕੀਤਾ। ਦਾਦੀ ਮਾਂ ਨੇ ਕਹਾਣੀ ਸ਼ੁਰੂ ਕੀਤੀ ਕਿ



ਹਸਪਤਾਲ ਵਿਚੋਂ ਕਿਸੇ ਨੇ ਡਾਕਟਰ ਨੂੰ ਫੋਨ ਕੀਤਾ ਕਿ ਮੇਰਾ ਪੁੱਤਰ ਸੜਕ ਹਾਦਸੇ ਕਾਰਨ ਗੰਭੀਰ ਹਾਲਤ ਵਿਚ ਹਸਪਤਾਲ ਲਿਆਂਦਾ ਗਿਆ ਹੈ। ਉਸ ਨੇ ਡਾਕਟਰ ਨੂੰ ਜਲਦੀ ਹਸਪਤਾਲ ਆਉਣ ਲਈ ਬੇਨਤੀ ਕੀਤੀ। ਡਾਕਟਰ ਨੇ ਦੱਸਿਆ ਕਿ ਉਹ ਜਲਦੀ ਆ ਰਹੇ ਹਨ। ਪੰਜ ਮਿੰਟ ਬਾਅਦ ਫਿਰ ਫੋਨ ਕੀਤਾ ਅਤੇ ਪੰਜ ਛੇ ਵਾਰ ਥੋੜ੍ਹੇ ਥੋੜ੍ਹੇ ਵਕਤ ਨਾਲ ਫੋਨ ਕਰ ਰਿਹਾ ਵਿਅਕਤੀ ਗੁੱਸੇ ਵਿਚ ਉਬਲ ਰਿਹਾ ਸੀ। ਏਨੇ ਨੂੰ ਡਾਕਟਰ ਆ ਗਏ ਅਤੇ ਉਹ ਵਿਅਕਤੀ ਡਾਕਟਰ ਨੂੰ ਵੇਖਦਿਆਂ ਸਾਰ ਬੋਲਿਆ, 'ਡਾਕਟਰ ਸਾਹਿਬ, ਜੇ ਅੱਜ ਤੁਹਾਡਾ ਪੁੱਤਰ ਇਸ ਤਰ੍ਹਾਂ ਮਰ ਰਿਹਾ ਹੁੰਦਾ ਤਾਂ ਤੁਹਾਡੇ ਦਿਲ ਉਤੇ ਕੀ ਬੀਤਦੀ।' ਡਾਕਟਰ ਨੇ ਸਿਰਫ਼ ਏਨਾ ਕਿਹਾ ਕਿ ਉਹ ਪਹੁੰਚ ਗਏ ਹਨ ਅਤੇ ਇਲਾਜ ਹੁਣੇ ਸ਼ੁਰੂ ਹੋ ਜਾਂਦਾ ਹੈ। ਇਹ ਕਹਿ ਕੇ ਡਾਕਟਰ ਅਪਰੇਸ਼ਨ ਥੀਏਟਰ ਵਿਚ ਚਲੇ ਗਏ ਅਤੇ ਕੁਝ ਸਮੇਂ ਬਾਅਦ ਬਾਹਰ ਆਏ, ਦੱਸਿਆ ਕਿ ਅਪਰੇਸ਼ਨ ਠੀਕ ਹੋ ਗਿਆ ਹੈ, ਫਿਕਰ ਦੀ ਲੋੜ ਨਹੀਂ। ਇਸ ਦੇ ਨਾਲ ਹੀ ਡਾਕਟਰ ਨੇ ਉਸ ਉਤੇਜਿਤ ਵਿਅਕਤੀ ਦੇ ਮੋਢਿਆਂ ਉਤੇ ਹੱਥ ਰੱਖਿਆ ਅਤੇ ਕਿਹਾ ਕਿ ਉਹ ਲੇਟ ਕਿਉਂ ਹੋਏ ਸਨ, ਇਸ ਬਾਰੇ ਤੁਹਾਨੂੰ ਸਿਸਟਰ (ਸਟਾਫ਼ ਨਰਸ) ਦੱਸ ਦੇਣਗੇ ਅਤੇ ਡਾਕਟਰ ਚਲੇ ਗਏ। ਪੋਤਰੇ ਨੇ ਪੁੱਛਿਆ ਦਾਦੀ ਮਾਂ ਫਿਰ ਕੀ ਹੋਇਆ ? ਦਾਦੀ ਮਾਂ ਬੋਲੇ, ਮੈਂ ਦੱਸਦੀ ਹਾਂ।

ਬਾਅਦ ਵਿਚ ਸਿਸਟਰ ਬਾਹਰ ਆਏ ਅਤੇ ਲੜ ਚੁੱਕੇ ਵਿਅਕਤੀ ਨੂੰ ਦੱਸਿਆ ਕਿ ਜਿਸ ਗੱਡੀ ਨਾਲ ਉਸ ਦੇ ਬੇਟੇ ਦੀ ਗੱਡੀ ਦਾ ਐਕਸੀਡੈਂਟ ਹੋਇਆ ਹੈ.

ਉਹ ਗੱਡੀ ਡਾਕਟਰ ਦੇ ਪੁੱਤਰ ਦੀ ਸੀ ਜਿਸ ਦੀ ਮੌਕੇ ਉਤੇ ਹੀ ਮੌਤ ਹੋ ਗਈ ਸੀ। ਜਿਸ ਸਮੇਂ ਡਾਕਟਰ ਨੂੰ ਫੋਨ ਕੀਤੇ ਜਾ ਰਹੇ ਸਨ, ਉਸ ਸਮੇਂ ਡਾਕਟਰ ਆਪਣੇ ਬੇਟੇ ਦੀ ਲਾਸ਼ ਨੂੰ ਸੰਭਾਲਣ ਵਿਚ ਰੁਝੇ ਹੋਏ ਸਨ, ਇਸ ਕਰ ਕੇ ਉਹ ਲੇਟ ਹੋ ਗਏ ਸਨ। ਕਹਾਣੀ ਸੁਣਾ ਰਹੀ ਦਾਦੀ ਮਾਂ ਅਤੇ ਕਹਾਣੀ ਸੁਣ ਰਹੇ ਪੋਤਰੇ ਦੀਆਂ ਅੱਖਾਂ ਵਿਚੋਂ ਹੰਝੂ ਵਗ ਰਹੇ ਸਨ।

# ਕਿੱਧਰ ਗਏ ਉਹ ਦਿਨ

ਕਰਨਾਲ ਤੋਂ ਲੁਧਿਆਣਾ ਵੱਲ ਆਉਣ ਵਾਲੀ ਗੱਡੀ ਇਕ ਘੰਟਾ ਲੇਟ ਆਉਣ ਦੀ ਸੂਚਨਾ ਨੇ ਸਭ ਸਵਾਰੀਆਂ ਦੇ ਕੰਨ ਖੜ੍ਹੇ ਕਰ ਦਿੱਤੇ ਸਨ। ਮੈਂ ਵੀ ਬੇਚੈਨੀ ਦੇ ਆਲਮ 'ਚ ਨਿਵੇਕਲੇ ਜਿਹੇ ਸਥਿਤ ਇਕ ਬੈਂਚ 'ਤੇ ਜਾ ਬੈਠਾ ਸਾਂ। ਕੁਝ ਕੁ ਚਿਰ ਪਿੱਛੋਂ ਮੇਰੀ ਕੁ ਉਮਰ ਦਾ ਇਕ ਹੋਰ ਨੌਜਵਾਨ ਬੈਂਚ 'ਤੇ ਆ ਬੈਠਾ। ਕਿੱਥੇ ਜਾਣਾ ਏ ਉਹਨੇ ਪੁੱਛਿਆ। ਮੈਂ ਕਿਹ ਸਾਹਨੇਵਾਲ। ਮੈਂ ਜੰਡਿਆਲੇ ਜਾਣੈ ਉਹ ਬੋਲਿਆ। ਗੱਲਬਾਤ ਦਾ ਅਜੇ ਆਰੰਭ ਹੀ ਹੋਇਆ ਸੀ ਕਿ ਸਾਡੀ ਉਮਰ ਦਾ ਹੀ ਇਕ ਹੋਰ ਪਗੜੀਧਾਰੀ ਗਲ 'ਚ ਬੈਗ ਪਾਈ ਪਲੇਟਫਾਰਮ 'ਤੇ ਇਧਰ-ਉਧਰ ਟਹਿਲਦਾ ਹੋਇਆ ਸਾਨੂੰ ਵੇਖ ਕੇ ਸਾਡੇ ਕੋਲ ਆ ਖਲੋਤਾ। ਬੈਠ ਜਾ ਵੀਰ, ਮੈਂ ਕਿਹਾ। ਅਜੇ ਘੰਟਾ ਕਦੋਂ ਲੰਘਣੈਂ, ਸੁਭਾਅ ਅਨੁਸਾਰ ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ। ਵਕਤ ਨਹੀਂ ਰੁਕਦਾ, ਵੇਖਦਾ ਜਾਹ ਦੋਸਤ, ਘੰਟਾ ਤਾਂ ਇਕ ਮਿੰਟ 'ਚ ਲੰਘ ਜਾਣੈ। ਉਹਦੀ ਸੋਚ 'ਤੇ ਕੇਰਾਂ ਤਾਂ ਮੈਨੂੰ ਹੈਰਾਨੀ ਜਿਹੀ ਹੋਈ ਪਰ ਬਹਿੰਦਿਆਂ ਹੀ ਉਨ੍ਹਾਂ ਦੋਵਾਂ ਨੌਜਵਾਨਾਂ ਨੇ ਅਜਿਹੀਆਂ ਦਿਲਚਸਪ ਗੱਲਾਂ ਛੋਹੀਆਂ ਕਿ ਵਕਤ ਦਾ ਪਤਾ ਹੀ ਨਾ ਲੱਗਾ ਤੇ ਗੱਡੀ ਆਉਣ ਤੱਕ ਅਸੀਂ ਤਿੰਨੇ ਜਿਵੇਂ ਘਿਓ ਖਿਚੜੀ ਹੋ ਗਏ। ਪਹਿਲੇ ਨੇ ਆਪਣਾ ਨਾਂਅ ਸੁਰਿੰਦਰ ਤੇ ਦੂਜੇ ਨੇ ਸਰਬਜੀਤ ਤੇ ਸ਼ਹਿਰ ਫਿਰੋਜ਼ਪੁਰ ਦੱਸਿਆ। ਗੱਡੀ ਆ ਗਈ, ਸਫ਼ਰ ਸ਼ੁਰੂ ਹੋ ਗਿਆ, ਆਪਣੇ ਘਰ ਪਰਿਵਾਰ ਬਾਰੇ ਜਾਣਕਾਰੀ ਦਿੰਦੇ ਸਮੇਂ ਵੀ ਇਕ-ਦੂਜੇ ਤੋਂ ਕਿਸੇ ਨੇ ਕੁਝ ਨਾ ਲਕੋਇਆ। ਗੱਲਾਂਬਾਤਾਂ 'ਚ ਵਕਤ ਨਿਕਲ ਗਿਆ। ਸਾਹਨੇਵਾਲ ਸਟੇਸ਼ਨ ਜਦੋਂ ਨੇੜੇ ਆਉਂਦਾ ਪ੍ਰਤੀਤ ਹੋਇਆ ਤਾਂ ਮੈਂ ਦੋਵਾਂ ਬਣੇ ਦੋਸਤਾਂ ਨੂੰ ਅੱਜ ਦਾ ਦਿਨ-ਰਾਤ ਮੇਰੇ ਕੋਲ ਹੀ ਗੁਜ਼ਾਰਨ ਲਈ ਜਦੋਂ ਕਿਹਾ ਤਾਂ ਉਨ੍ਹਾਂ ਝੱਟ ਮੇਰੀ ਗੱਲ ਇਹ ਕਹਿੰਦੇ ਹੋਏ ਮੰਨ ਲਈ ਕਿ ਤੂੰ ਤਾਂ ਸਾਡੇ ਮੂੰਹ ਦੀ ਖੋਹ ਲਈ। ਮੈਂ ਉਦੋਂ ਪਿੰਡ ਇਕੱਲਾ ਹੀ ਰਹਿੰਦਾ ਸਾਂ, ਕਿਸੇ ਕਾਰਨ ਮਾਂ ਤੇ ਛੋਟੇ ਭੈਣ ਭਰਾਵਾਂ ਨੂੰ ਜਿੱਥੇ ਦਾਰਜੀ ਨੌਕਰੀ ਕਰਦੇ ਸੀ। ਉੱਥੇ ਰਹਿਣ ਲਈ ਜਾਣਾ ਪੈ ਗਿਆ ਤੇ ਮੈਨੂੰ ਜਮਾਤ ਵਿਚਕਾਰ ਹੋਣ ਕਰਕੇ ਇਹ ਵਰ੍ਹਾ ਇੱਥੇ ਹੀ ਪੂਰਾ ਕਰਨਾ ਪੈਣਾ ਸੀ। ਇਹ ਗੱਲ ਮੈਂ ਦੋਵਾਂ ਮਿੱਤਰਾਂ ਨੂੰ ਰਸਤੇ 'ਚ ਹੀ ਦੱਸ ਚੁੱਕਾ ਸਾਂ। ਅਸੀਂ ਸਾਹਨੇਵਾਲ ਸਟੇਸ਼ਨ 'ਤੇ ਉੱਤਰ ਕੇ ਪਿੰਡ ਨੂੰ ਜਾਂਦੇ ਟਾਂਗਿਆਂ ਦੇ ਅੱਡੇ ਵੱਲ ਤੁਰ ਪਏ ਸਾਂ। ਇਸ ਰਾਹ ਵਿਚ ਆਉਂਦੀ ਕਿਸ਼ਨ ਲਲਾਰੀ ਦੀ ਦੁਕਾਨ 'ਤੇ ਮੈਂ ਪੱਗਾਂ ਆਦਿ ਰੰਗਵਾਉਂਦਾ ਤੇ ਮਾਇਆ ਲਵਾਉਂਦਾ ਸਾਂ ਤੇ ਵਿਹਲੇ ਵੇਲੇ ਬੈਠ ਕੇ ਗੱਪਸ਼ੱਪ ਵੀ ਕਰ ਲਈ ਦੀ ਸੀ। ਦੁਕਾਨ ਕੋਲੋਂ ਲੰਘਦਿਆਂ ਕਿਸ਼ਨ ਨੇ ਸਾਨੂੰ ਰੋਕ ਲਿਆ, ਖੋਖੇ 'ਚ ਵਿਛੀ ਚਾਦਰ 'ਤੇ ਬੈਠਣ ਦਾ ਇਸ਼ਾਰਾ ਕਰਕੇ ਆਪ ਚਾਹ ਦਾ ਕਹਿਣ ਲੱਗ ਪਿਆ। ਪਿੰਡ ਜਾਣਾ ਏ ਚਾਹ ਪੀਂਦਿਆਂ ਕਿਸ਼ਨ ਨੇ ਪੁੱਛਿਆ, ਮੈਂ ਹਾਂ 'ਚ ਸਿਰ ਹਿਲਾਇਆ ਤਾਂ ਬੋਲਿਆ ਕਿੱਥੇ ਟਾਂਗਾ ਉਡੀਕੋਂਗੇ ਆਹ ਖੜ੍ਹਾ ਏ ਮੇਰਾ ਨਵਾਂ ਸਾਈਕਲ ਲੈ ਜਾਓ। ਸ਼ਾਮੀਂ ਨਾ ਵੀ ਮੁੜਿਆ ਗਿਆ ਤਾਂ ਵੀ ਕੋਈ ਗੱਲ ਨਹੀਂ, ਮੈਂ ਆਪਣੇ ਪਿੰਡ ਨੂੰ ਡੰਡੀਓ-ਡੰਡੀ ਹੋ ਜਾਊ। ਤਿੰਨ ਮੀਲ ਦਾ ਤਾਂ ਪੈਂਡਾ ਏ। ਖ਼ੈਰ ਅਸੀਂ ਸਾਈਕਲ ਚੁੱਕਿਆ ਪਿੰਡ ਪਹੁੰਚ ਗਏ। ਥੋੜ੍ਹਾ ਆਰਾਮ ਕਰਕੇ ਫਿਰ ਖੇਤ ਗੇੜਾ-ਗੂੜਾ ਮਾਰਦੇ ਸ਼ਾਮ ਹੋ ਗਈ। ਸਟੋਵ ਮੇਰੇ ਕੋਲ ਨਵਾਂ ਸੀ ਚਾਹ ਬਣਾ ਕੇ ਪੀਂਦਿਆਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੀ ਸ਼ਾਮ ਦੀ ਰੋਟੀ ਸਾਹਨੇਵਾਲ ਬਾਂਧ 'ਤੇ ਲੱਗੀ ਹੋਈ ਏ ਆਪਾਂ ਚੱਲ ਕੇ ਕਿਸ਼ਨ ਦਾ ਸਾਈਕਲ ਵੀ ਮੋੜ ਆਵਾਂਗੇ ਤੇ ਢਾਬੇ ਤੋਂ ਰੋਟੀ ਖਾ ਕੇ ਆਉਂਦਿਆਂ ਪੈਦਲ ਸੈਰ ਕਰਦੇ ਆ ਜਾਵਾਂਗੇ। ਚਲੋ ਠੀਕ ਏ। ਸਾਹਨੇਵਾਲ ਪਹੁੰਚ ਕੇ ਪਹਿਲਾਂ ਅਸੀਂ ਸਾਈਕਲ ਦਿੱਤਾ ਫਿਰ ਢਾਬੇ 'ਤੇ ਆ ਗਏ। ਢਾਬੇ ਦਾ ਮਾਲਕ ਅੰਮਿ ?ਤਧਾਰੀ ਬਾਬਾ ਕਿੱਕਰ ਸਿਹੁੰ ਤੰਦੂਰ 'ਤੇ ਰੋਟੀਆਂ ਸੇਕਦਾ ਸਾਨੂੰ ਤਿੰਨਾਂ ਪੋਚਵੀਆਂ ਪੱਗਾਂ ਵਾਲਿਆਂ ਨੂੰ ਵੇਖ ਕੇ ਅੰਦਰੋਂ ਰਾਜ਼ੀ ਜਿਹਾ ਹੋਇਆ। ਸੋਹਣੇ ਢੰਗ ਨਾਲ ਸਾਨੂੰ ਰੋਟੀ ਪਾਣੀ ਛਕਾਇਆ ਤੇ ਤੁਰਨ ਲੱਗਿਆਂ ਮੈਂ ਜਦੋਂ ਦੋ ਥਾਲੀਆਂ ਦੇ ਪੈਸੇ ਦੇਣ ਉਹਦੇ ਕੋਲ ਗਿਆ, ਕਹਿੰਦਾ ਪ੍ਰਾਹੁਣੇ ਆਏ ਨੇ ? ਮੈਂ ਹਾਂ ਜੀ ਕਿਹਾ ਤਾਂ ਬੋਲਿਆ ਤੂੰ ਐਂ ਦੱਸ, ਪ੍ਰਾਹੁਣਿਆਂ ਨੂੰ ਰੋਟੀ ਖਵਾ ਕੇ ਪੈਸੇ ਲਈਦੇ ਆ। ਅਸੀਂ ਬੜਾ ਚਾਰਾ ਕੀਤਾ ਉਹਨੇ ਸਾਡੀ ਇਕ ਨਾ ਸੁਣੀ। ਹੁਣ ਅਸੀਂ ਸੈਰ ਕਰਦੇ ਪਿੰਡ ਦੇ ਰਾਹ ਪੈ ਗਏ ਸਾਂ, ਮਸਾਂ ਹੀ ਇਕ ਫਰਲਾਂਗ ਅਜੇ ਗਏ ਹੋਵਾਂਗੇ ਕਿ 'ਮੇਘੇ' ਨੇ ਸਾਡੇ ਬਰਬਾਰ ਟਾਂਗਾ ਆਣ ਖੜ੍ਹਾ ਕੀਤਾ। ਛੇਤੀ ਬਹਿ ਜਾਓ ਮੁੰਡਿਓ ਘੋੜਾ ਘਰ ਜਾਣ ਦੀ ਕਾਹਲੀ ਕਰਦੈ। ਅਸੀਂ ਨਾਂਹ-ਨੁੱਕਰ ਕੀਤੀ ਤਾਂ ਬੋਲਿਆ ਮੈਂ ਤੁਹਾਥੋਂ ਪੈਸੇ ਤਾਂ ਨਹੀਂ ਮੰਗਦਾ, ਖ਼ਾਲੀ ਟਾਂਗਾ ਵੀ ਤਾਂ ਜਾਣਾ ਈ ਆ, ਕਿੱਥੇ ਤੁਰ ਕੇ ਅੱਪੜੋਂਗੇ। ਅਸੀਂ ਬੈਠ ਗਏ। ਘੁੱਟ ਕੇ ਹੱਥ ਪਾ ਲਿਓ ਭਾਈ ਕਹਿੰਦੇ ਸਾਰ ਉਨ੍ਹੇ ਉਸ ਦਰਮਿਆਨੇ ਜਿਹੇ ਕੱਦ ਦੇ ਘੋੜੇ ਨੂੰ ਪ੍ਰਾਣੀ ਨਾਲ ਪਤਾ ਨਹੀਂ ਕੀ ਸੰਕੇਤ ਦਿੱਤਾ, ਉਹਨੇ ਛੂਟਾਂ ਵੱਟ ਲਈਆਂ ਤੇ ਕੁਝ ਮਿੰਟਾਂ ਵਿਚ ਹੀ ਸਾਨੂੰ ਜੁਗਿਆਣੇ ਅੱਡੇ 'ਤੇ ਜਾ ਲਾਹਿਆ। ਰਾਤ ਲੰਘ ਗਈ, ਸਵੇਰ ਨਹਾ-ਨਹੂ ਕੇ ਅਸੀਂ ਥੋੜ੍ਹਾ ਆਟਾ ਮਲਦਿਆਂ ਉਸ ਵਿਚ ਪੰਜ-ਛੇ ਚਮਚੇ ਦੇਸੀ ਘਿਓ ਦੇ ਗੁੰਨ੍ਹੇ ਤੇ ਤਿੰਨ ਕੋਨੀਆਂ ਲੂਣ ਵਾਲੀਆਂ ਪਰਾਠੀਆਂ ਪਕਾ ਕੇ ਚਾਹ ਨਾਲ ਖਾ ਲਈਆਂ। ਉਪਰੰਤ ਅੱਡੇ ਤੋਂ ਭੂੰਡ ਟੈਂਪੂ ਫੜਿਆ ਤੇ ਲੁਧਿਆਣਾ ਘੰਟਾ ਘਰ ਕੋਲ ਪਹੁੰਚ ਗਏ। ਕੈਮਰੇ ਵਾਲੇ ਤੋਂ ਇਕੱਠੀ ਫੋਟੋ ਖਿਚਵਾਈ ਤੇ ਤਿੰਨਾਂ ਨੇ ਇਕ-ਇਕ ਕਾਪੀ ਲੈ ਲਈ। ਪੀਚਵੀਂ ਗਲਵਕੜੀ ਪਾ ਕੇ ਫਿਰ ਜਲਦੀ ਮਿਲਣ ਦਾ ਵਾਅਦਾ ਕੀਤਾ ਤੇ ਆਪੋ-ਆਪਣੇ ਰਾਹੇ ਪੈ ਗਏ। ਵਾਹਵਾ ਚਿਰ ਉਹ ਫੋਟੋ ਮੈਂ ਸੰਭਾਲ ਕੇ ਰੱਖੀ, ਸੁੱਖ-ਸੁਨੇਹੇ ਖਤ ਪੱਤਰ ਦੀ ਉਡੀਕ ਵੀ ਕਰਦਾ ਰਿਹਾ, ਦੱਸੇ ਪੱਤਿਆਂ 'ਤੇ ਇਕ-ਦੋ ਖਤ ਪਾਏ ਵੀ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੋਈ ਵੀ ਜਵਾਬ ਨਹੀਂ ਮਿਲਿਆ। ਇਸ ਵਾਕਿਆ ਨੂੰ ਪੰਜ ਦਹਾਕੇ ਤੋਂ ਉਪਰ ਹੀ ਸਮਾਂ ਹੋ ਚੁੱਕਾ ਹੈ। ਮੇਰੀਆਂ ਅੱਖਾਂ ਅੱਗੇ ਕਈ ਵਾਰ ਉਨ੍ਹਾਂ ਦੋਵਾਂ ਦੀ ਧੁੰਦਲੀ ਜਿਹੀ ਤਸਵੀਰ ਹੁਣ ਵੀ ਜਦੋਂ ਆ ਜਾਂਦੀ ਏ ਤਾਂ ਨਾਲ ਹੀ ਮੈਨੂੰ ਆਪਣਾ ਕਿਸੇ ਸਮੇਂ ਲਿਖਿਆ ਸ਼ੇਅਰ ਵੀ ਯਾਦ ਆ ਜਾਂਦਾ ਏ-ਫਿਰ ਮਿਲਾਂਗੇ ਚਾਕ ਘੰਟਾ ਘਰ ਦੇ ਕੋਲਸੋਚਦਾਂ ਕਿਸ ਮੂਡ ਵਿਚ ਉਹ ਕਹਿ ਗਏ ਮੁੜ ਨਾ ਆਏ ਕਿਉਂ ਨਾ ਆਏ ਕੀ ਪਤੈਕਿੰਨੇ ਦਿਨ ਚੜ੍ਹ-ਚੜ੍ਹ ਕੇ ਸ਼ਾਮੀਂ ਲਹਿ ਗਏ।

## ਕਾਵਿ-ਵਿਅੰਗ

# ਮਾਹੌਲ

ਨਵਰਾਹੀ ਘੁਗਿਆਣਵੀ

ਇਹੋ ਜਿਹੇ ਮਾਹੌਲ ਦੀ ਲੋੜ ਸਾਨੂੰ,
ਘੱਟ ਗਿਣਤੀਆਂ ਹੋਣ ਆਜ਼ਾਦ ਜਿੱਥੇ।
ਰੋਟੀ ਕੱਪੜਾ ਮਿਲੇ ਹਰ ਆਦਮੀ ਨੂੰ ,
ਪਸ਼ੂ-ਪੰਛੀ ਵੀ ਹੋਣ ਆਬਾਦ ਜਿੱਥੇ।
ਮੁਨਸਿਫ਼ ਹੋਣ ਦਿਆਲ, ਵਿਸ਼ਾਲ ਦਿਲ ਦੇ,
ਸੁਣੀ ਜਾਏ ਹਰ ਜਾਇਜ਼ ਫਰਿਆਦ ਜਿੱਥੇ।
ਹੋਵੇ ਈਰਖਾ, ਖਤਮ ਜਹਾਨ ਵਿਚੋਂ,
ਵਧੇ ਸਾਂਝ, ਪ੍ਰੇਮ, ਇਤਿਹਾਦ ਜਿੱਥੇ।
-ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ, ਫ਼ਰੀਦਕੋਟ।

ਜੁਗਾੜ ਨਕਲ ਦਾ

ਹਰਦੀਪ ਢਿੱਲੋਂ ਗ

ਜੁਗਾੜ ਨਕਲ ਦਾ ਲੱਗਿਆ ਕਈ ਵਾਰੀ,
ਮੀਟਰ ਬਾਰ੍ਹਵੀਂ ਦਾ ਗਿਆ ਖਿੱਚ ਰਾਂਝਾ।
ਮਿਲਣ ਲੱਗ ਪਿਆ ਘਰੋਂ ਵੀ ਖਰਚ ਖੁੱਲ੍ਹਾ,
ਲਾਉਂਦਾ ਗੇੜੀਆਂ ਕਾਲਜ ਦੇ ਵਿਚ ਰਾਂਝਾ,
ਕਦੇ ਝਗੜਦਾ ਨਾਲ ਕੰਡਕਟਰਾਂ ਦੇ,
ਕਦੇ ਤੋੜਦਾ ਕ੍ਰਿਕਟ ਦੀ ਪਿੱਚ ਰਾਂਝਾ।
'ਮੁਰਾਦਵਾਲਿਆਂ' ਰੋਟੀ ਨੂੰ ਕਹੇ ਚੋਚੀ,
ਪੜ੍ਹਦੇ ਪੜ੍ਹਾਉਂਦਿਆਂ ਨੂੰ ਕਰੇ ਜਿੱਚ ਰਾਂਝਾ।
1-ਸਿਵਲ ਹਸਪਤਾਲ, ਅਬੋਹਰ-152116.

ਵਿਅੰਗਕਾਰ ਬਨਾਮ ਸ਼੍ਰੋਮਣੀ ਕਵੀ

ਬਲਦੇਵ ਸਿੰਘ ਆਜ਼ਾਦ ਗ

ਵਿਅੰਗਕਾਰ ਬਣ ਕੇ ਅਸੀਂ ਖੱਟਿਆ ਕੀ,
ਸ਼ੇਸ਼ਨਾਗ ਤਾ ?ੀਂ ਹੱਥ ਪਾ ਲਿਆ ਏ।
ਇਕ-ਅੱਧ ਜੋ ਝੁੱਗੇ 'ਚੋਂ ਸੀ ਮਿੱਤਰ,
ਸੱਚ ਬੋਲ ਉਹ ਦੁਸ਼ਮਣ ਬਣਾ ਲਿਆ ਏ।
ਰਿਸ਼ਵਤਖੋਰਾਂ ਤੇ ਸਾਧਾਂ 'ਤੇ ਧਰ ਉਂਗਲ,
ਨਾ ਬੜਬੋਲਿਆਂ ਵਿਚ ਲਿਖਵਾ ਲਿਆ ਏ।
ਦੱਸ ਕੇ ਲੀਡਰਾਂ ਦੀਆਂ ਚੋਰ-ਮੋਰੀਆਂ ਨੂੰ ,
ਡੂੰਮਣਾ ਮੱਖੀਆਂ ਨੂੰ ਪਿੱਛੇ ਲਾ ਲਿਆ ਏ।
ਹੋਰਾਂ ਵਾਂਗ ਜੇਕਰ ਕੁਝ ਤੁਕਬੰਦੀ,
ਇਸ਼ਕ-ਮੁਸ਼ਕ ਦੇ ਕਿੱਸੇ ਜਿਹੇ ਗਾ ਲੈਂਦੇ।
ਸ਼੍ਰੋਮਣੀ ਕਵੀ ਦੇ ਸਾਨੂੰ ਐਵਾਰਡ ਮਿਲਦੇ,
ਮੈਡਲ ਅਸੀਂ ਵੀ ਗਲੇ ਪੁਆ ਲੈਂਦੇ।
-ਸੁਤੰਤਰਤਾ ਸੰਗਰਾਮੀ ਨਿਵਾਸ, ਅਬੋਹਰ ਰੋਡ,

## ਸੰਪਾਦਕੀ

# ਪੰਜਵੀ, ਅੱਠਵੀਂ ਦੇ ਵਿਦਿਆਰਥੀਆਂ ਬਾਰੇ ਨੋ ਡਿਟੈਨਸ਼ਨ ਨੀਤੀ ਖ਼ਤਮ

ਪੰਜਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਬਾਰੇ 'ਨੋ ਡਿਟੈਨਸ਼ਨ' ਨੀਤੀ ਰੱਦ ਹੋਣ ਨਾਲ ਪੜ੍ਹਾਈ ਲਿਖਾਈ ਪ੍ਰਤੀ ਬੱਚਿਆਂ ਦੀ ਰੁਚੀ ਨੂੰ ਵਧਾਉਣ ਵਿੱਚ ਕੋਈ ਮਦਦ ਮਿਲ ਸਕੇਗੀ, ਇਸ ਨੂੰ ਲੈ ਕੇ ਅਜੇ ਤੱਕ ਸਹਿਮਤੀ ਨਜ਼ਰ ਨਹੀਂ ਆ ਰਹੀ ਪਰ ਇਹ ਮੰਨਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਪੜ੍ਹਾਈ ਲਿਖਾਈ ਦੇ ਨਿਘਾਰ ਲਈ ਹੋਰਨਾਂ ਕਾਰਕਾਂ ਤੋਂ ਇਲਾਵਾ ਇਸ ਨੀਤੀ ਦਾ ਵੀ ਕਾਫ਼ੀ ਹੱਥ ਰਿਹਾ ਹੈ। ਇਹ ਨੀਤੀ ਖ਼ਤਮ ਕਰ ਦੇਣ ਨਾਲ ਹੁਣ ਪੰਜਵੀਂ ਅਤੇ ਅੱਠਵੀਂ ਦੇ ਸਾਲਾਨਾ ਇਮਤਿਹਾਨਾਂ ਵਿੱਚ ਪਾਸ ਅੰਕ ਨਾ ਲੈਣ ਵਾਲੇ ਬੱਚਿਆਂ ਨੂੰ ਦੋ ਮਹੀਨਿਆਂ ਦੇ ਅੰਦਰ ਪ੍ਰੀਖਿਆ ਦਾ ਇੱਕ ਹੋਰ ਮੌਕਾ ਦਿੱਤਾ ਜਾਵੇਗਾ। ਕੇਂਦਰ ਸਰਕਾਰ ਨੇ ਆਪਣੇ ਅਖ਼ਤਿਆਰ ਹੇਠਲੇ ਸਾਰੇ ਸਕੂਲਾਂ ਜਿਵੇਂ ਕੇਂਦਰੀ ਵਿਦਿਆਲੇ, ਨਵੋਦਿਆ ਵਿਦਿਆਲੇ, ਸੈਨਿਕ ਸਕੂਲ ਅਤੇ ਕੇਂਦਰ ਸ਼ਾਸਿਤ ਸੰਸਥਾਨਾਂ ਵਿੱਚ ਇਹ ਨੀਤੀ ਖ਼ਤਮ ਕਰ ਦਿੱਤੀ ਹੈ।

ਬਿਨਾਂ ਸ਼ੱਕ, ਕੇਂਦਰ ਸਰਕਾਰ ਦਾ ਇਹ ਅਹਿਮ ਫ਼ੈਸਲਾ ਹੈ ਪਰ ਚੰਗਾ ਹੁੰਦਾ ਜੇ ਵਿਦਿਆਰਥੀਆਂ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਦੇ ਅਸਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ। ਇਹ ਗੱਲ ਠੀਕ ਹੈ ਕਿ ਸਿੱਖਿਆ ਦਾ ਮਤਲਬ ਸਿਰਫ਼ ਇਮਤਿਹਾਨ ਪਾਸ ਕਰਨ ਤੱਕ ਸੀਮਤ ਨਹੀਂ ਹੁੰਦਾ ਸਗੋਂ ਇਸ ਨੂੰ ਬੱਚੇ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਦੇ ਸੂਚਕਾਂ ਨਾਲ ਜੋੜ ਕੇ ਪਰਖਿਆ ਜਾਣਾ ਚਾਹੀਦਾ ਹੈ ਪਰ ਇਸ ਮਾਮਲੇ ਵਿੱਚ ਇਹ ਸਮਝਿਆ ਜਾਂਦਾ ਹੈ ਕਿ 'ਨੋ ਡਿਟੈਨਸ਼ਨ' ਨੀਤੀ ਨਾਲ ਸਕੂਲਾਂ ਵਿੱਚ ਪੜ੍ਹਾਈ ਦੇ ਮਿਆਰ ਵਿੱਚ ਕਮੀ ਆਈ ਹੈ ਅਤੇ ਇਸ ਨਾਲ ਕਲਾਸਾਂ ਵਿੱਚ ਪੜ੍ਹਾਈ ਦਾ ਮਾਹੌਲ ਸਿਰਜਣ ਦੇ ਯਤਨਾਂ ਨੂੰ ਢਾਹ ਲੱਗਦੀ ਹੈ। ਇਹ ਸਪੱਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਵਿਦਿਆਰਥੀ ਨੂੰ ਪ੍ਰੀਖਿਆ ਵਿੱਚ ਪਾਸ ਅੰਕ ਨਾ ਲੈ ਸਕਣ ਦੇ ਆਧਾਰ 'ਤੇ ਸਕੂਲ ਵਿੱਚੋਂ ਕੱਢਿਆ ਨਹੀਂ ਜਾ ਸਕਦਾ।

ਕੇਂਦਰ ਸਰਕਾਰ ਨੇ ਸਿੱਖਿਆ ਦੇ ਅਧਿਕਾਰ ਕਾਨੂੰਨ ਵਿੱਚ ਕੀਤੀ ਸੋਧ ਰਾਹੀਂ ਇਸ ਨੀਤੀ ਵਿੱਚ ਤਬਦੀਲੀ ਲਿਆਂਦੀ ਹੈ। ਇਸ ਤੋਂ ਬਾਅਦ ਸੂਬਿਆਂ ਨੂੰ ਸਾਲਾਨਾ ਪ੍ਰੀਖਿਆਵਾਂ ਵਿੱਚ ਪਾਸ ਅੰਕ ਨਾ ਲੈਣ ਵਾਲੇ ਬੱਚਿਆਂ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਨੂੰ ਰੱਦ ਕਰਨ ਜਾਂ ਬਰਕਰਾਰ ਰੱਖਣ ਦਾ ਹੱਕ ਦਿੱਤਾ ਗਿਆ ਹੈ। ਇਸ ਸਮੇਂ ਹਾਲਤ ਇਹ ਹੈ ਕਿ 16 ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ 'ਨੋ ਡਿਟੈਨਸ਼ਨ' ਨੀਤੀ ਖ਼ਤਮ ਕਰ ਦਿੱਤੀ ਹੈ; ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਨੇ ਇਹ ਨੀਤੀ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਹਰਿਆਣਾ ਅਤੇ ਪੁਡੂਚੇਰੀ ਨੇ ਇਸ ਬਾਰੇ ਫ਼ੈਸਲਾ ਅਜੇ ਕਰਨਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦੇ ਮਿਆਰ ਦੀ ਹਾਲਤ ਦੇਸ਼ ਦੀ ਆਮ ਦਸ਼ਾ ਨਾਲੋਂ ਬਹੁਤੀ ਵੱਖਰੀ ਨਹੀਂ ਹੈ ਪਰ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਵੀ ਆਪਣੇ ਪੱਧਰ ਸੋਚ ਵਿਚਾਰ ਕਰ ਕੇ ਢੁੱਕਵਾਂ ਫ਼ੈਸਲਾ ਕਰਨ ਦੀ ਲੋੜ ਪਵੇਗੀ। ਕਿਸੇ ਵੀ ਨਤੀਜੇ 'ਤੇ ਅੱਪੜਨ ਤੋਂ ਪਹਿਲਾਂ ਸਰਕਾਰ ਨੂੰ ਸਿੱਖਿਆ ਮਾਹਿਰਾਂ, ਅਧਿਆਪਕਾਂ, ਮਾਪਿਆਂ ਅਤੇ ਸਿੱਖਿਆ ਨਾਲ ਜੁੜੀਆਂ ਨਾਗਰਿਕ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। 'ਨੋ ਡਿਟੈਨਸ਼ਨ' ਨੀਤੀ ਖ਼ਤਮ ਕਰਨ ਨਾਲ ਸਕੂਲਾਂ ਵਿੱਚ ਪੜ੍ਹਾਈ ਦੇ ਮਾਹੌਲ 'ਤੇ ਕਿੰਨਾ ਕੁ ਸੁਖਾਵਾਂ ਅਸਰ ਪੈਂਦਾ ਹੈ, ਇਹ ਸਮਾਂ ਹੀ ਦੱਸੇਗਾ ਪਰ ਸਕੂਲ ਨੂੰ ਵਿਦਿਆਰਥੀ ਕੇਂਦਰਿਤ ਬਣਾਉਣ ਲਈ ਹੋਰ ਵੀ ਬਹੁਤ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੀ ਲੋੜ ਹੈ।

# ਸਰਕਾਰੀ ਕਾਲਜ ਰੋਪੜ ਵਿਖੇ ਐਨ.ਐਸ.ਐਸ. ਦੇ ਸੱਤ ਰੋਜ਼ਾ ਕੈਂਪ ਦੀ ਹੋਈ ਸ਼ੁਰੂਆਤ



**ਰੂਪਨਗਰ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੌਮੀ ਸੇਵਾ ਯੋਜਨਾ ਵਿਭਾਗ ਦੇ ਪ੍ਰੋਗਰਾਮ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਕਾਲਜ ਰੋਪੜ ਵਿਖੇ ਪ੍ਰਿੰਸੀਪਲ ਸ. ਜਤਿੰਦਰ ਸਿੰਘ ਗਿੱਲ ਦੀ ਸਰਪ੍ਰਸਤੀ ਹੇਠ ਐਨ.ਐਸ.ਐਸ. ਦਾ ਸੱਤ ਰੋਜ਼ਾ ਸਪੈਸ਼ਲ ਕੈਂਪ ਦੀ ਸ਼ੁਰੂਆਤ ਕੀਤੀ ਗਈ। ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਲੰਟੀਅਰ ਨਾਲ ਬਤੌਰ ਆਪਣੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਵਜੋਂ ਨਿਭਾਈਆਂ ਸੇਵਾਵਾਂ ਸਬੰਧੀ ਅਨੁਭਵ ਸਾਂਝੇ ਕੀਤੇ।

ਕੈਂਪ ਦੇ ਮੁੱਖ ਮਹਿਮਾਨ ਡਾ. ਸੰਤ ਸੁਰਿੰਦਰ ਪਾਲ ਸਿੰਘ ਨੇ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਸਮਾਜ ਸੇਵਾ ਵਿੱਚ ਨਿਰਸਵਾਰਥ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਐਨ.ਐਸ.ਐਸ. ਦੇ ਸੰਕਲਪ ਅਤੇ ਉਦੇਸ਼ 'ਤੇ ਚਾਨਣਾ ਪਾਇਆ ਅਤੇ ਵਲੰਟੀਅਰ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਇਸ ਸੱਤ ਰੋਜ਼ਾ ਕੈਂਪ ਵਿੱਚ ਲਗਭਗ 200 ਤੋਂ ਵੱਧ ਵਲੰਟੀਅਰ ਭਾਗ ਲੈ ਰਹੇ ਹਨ॥ ਪ੍ਰੋਗਰਾਮ ਅਫਸਰ ਪ੍ਰੋ. ਕੁਲਦੀਪ ਕੌਰ ਅਤੇ ਪ੍ਰੋ. ਰਵਨੀਤ ਕੌਰ ਨੇ ਵਲੰਟੀਅਰਾਂ ਨੂੰ 9 ਅਲੱਗ-ਅਲੱਗ ਗਰੁੱਪਾਂ ਵਿੱਚ ਵੰਡਿਆ ਅਤੇ ਉਨਾਂ ਦੇ ਗਰੁੱਪ ਲੀਡਰਾਂ ਦੀ ਚੋਣ ਕੀਤੀ।

ਪ੍ਰੋ. ਮਨਪ੍ਰੀਤ ਸਿੰਘ ਨੇ ਕੈਂਪ ਦੌਰਾਨ ਸੱਤ ਦਿਨਾਂ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਜਿਵੇਂ ਪ੍ਰੋਜੈਕਟ ਵਰਕ, ਸੈਮੀਨਾਰ, ਜਾਗਰੂਕਤਾ ਰੈਲੀਆ,ਕਲਚਰ ਪ੍ਰੋਗਰਾਮ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ। ਮੰਚ ਸੰਚਾਲਨ ਪ੍ਰੋ. ਲਵਲੀਨ ਵਰਮਾ ਨੇ ਬਾਖੂਬੀ ਨਿਭਾਇਆ। ਇਸ ਮੌਕੇ ਪ੍ਰੋਗਰਾਮ ਅਫਸਰ ਪ੍ਰੋ. ਜਗਜੀਤ ਸਿੰਘ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਤਰਨਜੋਤ ਕੌਰ, ਪ੍ਰੋ. ਮਨਪ੍ਰੀਤ ਕੌਰ, ਡਾ. ਮਨਦੀਪ ਕੌਰ ਅਤੇ ਪ੍ਰੋ. ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਧੀਆਂ ਨੇ ਆਪਣੀ ਮਿਹਨਤ ਤੇ ਕਾਬਲੀਅਤ ਨਾਲ ਹਰ ਖੇਤਰ ਵਿੱਚ ਆਪਣਾ ਲੋਹਾ ਮਨਵਾਇਆ - ਡਿਪਟੀ ਕਮਿਸ਼ਨਰ

**ਗੁਰਦਾਸਪੁਰ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਚਲਾਈ ਜਾ ਰਹੀ ਬੇਟੀ ਬਚਾਓ , ਬੇਟੀ ਪੜ੍ਹਾਓ ਮੁਹਿੰਮ ਤਹਿਤ ਅੱਜ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਐੱਸ.ਐੱਸ.ਐੱਮ. ਕਾਲਜ ਦੀਨਾਨਗਰ ਵਿਖੇ ਵਿਸ਼ੇਸ਼ ਸਮਾਗਮ ਕਰਕੇ ਜ਼ਿਲ੍ਹੇ ਦੀਆਂ ਹੋਣ-ਹਾਰ ਧੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ. ਹਰਜਿੰਦਰ ਸਿੰਘ, ਐੱਸ.ਡੀ.ਐੱਮ. ਦੀਨਾਨਗਰ ਸ. ਜਸਪਿੰਦਰ ਸਿੰਘ ਸ਼ਾਮਲ ਹੋਏ।



ਸਨਮਾਨ ਸਮਾਰੋਹ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ 19 ਸਿੱਖਿਆ ਬਲਾਕਾਂ ਦੀਆਂ 100 ਹੋਣ-ਹਾਰ ਧੀਆਂ ਨੂੰ ਸਿੱਖਿਆ ਅਤੇ ਕਲਾ ਦੇ ਖੇਤਰ ਵਿੱਚ ਵਡਮੁੱਲੀਆਂ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਨਮਾਨ ਦੌਰਾਨ ਮੱਲਾਂ ਮਾਰਨ ਵਾਲੀਆਂ ਧੀਆਂ ਨੂੰ ਪ੍ਰਸੰਸਾ ਸਰਟੀਫਿਕੇਟ ਅਤੇ ਕਿੱਟਾਂ ਦਿੱਤੀਆਂ ਗਈਆਂ।

ਇਸ ਮੌਕੇ ਸਿੱਖਿਆ ਅਤੇ ਕਲਾ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੀਆਂ ਧੀਆਂ ਨੂੰ ਮੁਬਾਰਕਬਾਦ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਧੀਆਂ ਨੇ ਆਪਣੀ ਕਾਬਲੀਅਤ ਅਤੇ ਮਿਹਨਤ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਹਰ ਖੇਤਰ ਵਿੱਚ ਲੜਕਿਆਂ ਨਾਲੋਂ ਅੱਗੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਲੜਕੀਆਂ ਨੂੰ ਲੈ ਕੇ ਸਮਾਜ ਦੀ ਸੋਚ ਵਿੱਚ ਵੱਡਾ ਫ਼ਰਕ ਵੀ ਆਇਆ ਹੈ ਪਰ ਫਿਰ ਵੀ ਸਮਾਜ ਵਿੱਚ ਕੁਝ ਲੋਕ ਅਜੇ ਵੀ ਮੌਜੂਦ ਹਨ ਜੋ ਲੜਕੇ ਤੇ ਲੜਕੀ ਵਿੱਚ ਫ਼ਰਕ ਕਰਦੇ ਹਨ। ਉਨ੍ਹਾਂ ਕਿਹਾ ਕਿ ਧੀਆਂ ਨੂੰ ਅੱਗੇ ਵਧਣ ਲਈ ਵੱਧ ਤੋਂ ਵੱਧ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਉਹ ਆਪਣੀ ਪਰਵਾਜ਼ ਨਾਲ ਉੱਚੇ ਮੁਕਾਮ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਆਪਣੀਆਂ ਧੀਆਂ ਦੇ ਅੱਗੇ ਵਧਣ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਨ ਲਈ ਵਚਨਬੱਧ ਹੈ। ਇਸ ਮੌਕੇ ਉਨ੍ਹਾਂ ਧੀਆਂ ਦੇ ਬੇਹਤਰ ਅਤੇ ਰੌਸ਼ਨ ਭਵਿੱਖ ਦੀ ਕਾਮਨਾ ਵੀ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ. ਹਰਜਿੰਦਰ ਸਿੰਘ ਨੇ ਕਿਹਾ ਕਿ ਧੀਆਂ ਤੋਂ ਬਿਨਾਂ ਮਨੁੱਖੀ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਵੀ ਆਪਣੀ ਬਾਣੀ ਵਿੱਚ ਧੀਆਂ ਨੂੰ ਵਡਿਆਇਆ ਹੈ। ਉਨ੍ਹਾਂ ਕਿਹਾ ਕਿ ਸਮਾਜ ਨੂੰ ਲੜਕੇ ਅਤੇ ਲੜਕੀ ਵਿੱਚ ਕੋਈ ਫ਼ਰਕ ਨਹੀਂ ਕਰਨਾ ਚਾਹੀਦਾ, ਇਹੀ ਸਭਿਅਕ ਸਮਾਜ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ? ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਧੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਲੋਹੜੀ ਮੌਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਵਾਲੀਆਂ ਹੋਰ ਧੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

ਇਸ ਦੌਰਾਨ ਸ. ਜਸਪਿੰਦਰ ਸਿੰਘ, ਆਈ.ਏ.ਐੱਸ. ਐੱਸ.ਡੀ.ਐੱਮ. ਦੀਨਾਨਗਰ ਨੇ ਮੁੱਖ ਮਹਿਮਾਨ ਸਮੇਤ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਸ਼੍ਰੀਮਤੀ ਜਸਮੀਤ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਸ਼੍ਰੀ ਲਖਵਿੰਦਰ ਸਿੰਘ, ਪ੍ਰਿੰਸੀਪਲ ਡਾ. ਆਰ.ਕੇ. ਤੁਲੀ, ਪ੍ਰੋ. ਪ੍ਰਬੋਧ ਗਰੋਵਰ, ਪ੍ਰੋ. ਸੋਨੂੰ, ਪ੍ਰੋ. ਨੀਲਮ, ਪ੍ਰੋ. ਸੁਧੀਰ, ਪ੍ਰੋ. ਸੱਜਣ, ਸ਼੍ਰੀਮਤੀ ਸੁਦੇਸ਼ ਕੁਮਾਰੀ, ਸੀਡੀਪੀਓ. ਦੋਰਾਂਗਲਾਂ, ਸੁਨੀਲ ਕੁਮਾਰ, ਮੰਨਤ ਮਹਾਜਨ, ਧੀਰਜ ਸ਼ਰਮਾ, ਅੰਕੁਸ਼ ਸ਼ਰਮਾ ਅਤੇ ਪਰਮਿੰਦਰ ਸਿੰਘ, ਜ਼ਿਲ੍ਹਾ ਗਾਈਡੈਂਸ ਕਾਊਂਸਲਰ ਸਮੇਤ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਅਤੇ ਨਾਰੀ ਸ਼ਕਤੀ ਕੇਂਦਰ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਵਿਧਾਇਕ ਲਖਵੀਰ ਸਿੰਘ ਰਾਏ ਤੇ ਡਿਪਟੀ ਕਮਿਸ਼ਨਰ ਨੇ ਸ਼ਹੀਦੀ ਸਭਾ ਮੌਕੇ ਵਿਸ਼ਾਲ ਵਿਕਾਸ ਪ੍ਰਦਰਸ਼ਨੀ ਦੀ ਸ਼ੁਰੂਆਤ ਕਰਵਾਈ

**ਫ਼ਤਹਿਗੜ੍ਹ ਸਾਹਿਬ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼ਹੀਦੀ ਸਭਾ ਦੇ ਪਹਿਲੇ ਦਿਨ ਵਿਧਾਇਕ ਐਡਵੋਕੇਟ ਸ. ਲਖਵੀਰ ਸਿੰਘ ਰਾਏ ਅਤੇ ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਗ਼ੈਰ ਸਰਕਾਰੀ ਅਦਾਰਿਆਂ ਵੱਲੋਂ ਵਿਕਾਸ ਅਤੇ ਆਪਣੀਆਂ ਗਤੀਵਿਧੀਆਂ ਨੂੰ ਦਰਸਾਉਂਦੀਆਂ ਅਤੇ ਸ਼ਹੀਦੀ ਸਭਾ ਨੂੰ ਸਮਰਪਿਤ ਵਿਸ਼ਾਲ ਵਿਕਾਸ ਪ੍ਰਦਰਸ਼ਨੀ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਵੱਖ-ਵੱਖ ਸਟਾਲਾਂ 'ਤੇ ਜਾ ਕੇ ਲਗਾਈਆਂ ਪ੍ਰਦਰਸ਼ਨੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਵਿਭਾਗਾਂ ਦੇ ਕੰਮਕਾਜ਼ ਦੀ ਸ਼ਲਾਘਾ ਕੀਤੀ।



ਵਿਧਾਇਕ ਲਖਵੀਰ ਸਿੰਘ ਰਾਏ ਨੇ ਇਨ੍ਹਾਂ ਪ੍ਰਦਰਸ਼ਨੀਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਲੱਖਾਂ ਸ਼ਰਧਾਲੂ ਦੇਸ਼ ਤੇ ਵਿਦੇਸ਼ਾਂ ਵਿੱਚੋਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਉਂਦੇ ਹਨ ਅਤੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਈ ਗਈ ਇਹ ਪ੍ਰਦਰਸ਼ਨੀ ਸੰਗਤ ਨੂੰ ਸਰਕਾਰੀ ਵਿਭਾਗਾਂ ਦੀਆਂ ਲੋਕ ਭਲਾਈ ਸਕੀਮਾਂ ਤੋਂ ਜਾਣੂ ਕਰਵਾਉਣ ਦਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇੱਥੇ ਬਹੁਤ ਸਾਰੀਆਂ ਕੰਪਨੀਆਂ, ਸਵੈ ਸਹਾਇਤਾ ਸਮੂਹਾਂ ਦੇ ਮੈਂਬਰਾਂ ਵੱਲੋਂ ਆਪਣੇ ਉਤਪਾਦ ਵੀ ਲਿਆਂਦੇ ਗਏ ਹਨ, ਜੋ ਕਿ ਲੋਕਾਂ ਲਈ ਲਾਹੇਵੰਦ ਸਾਬਤ ਹੋ ਸਕਦੇ ਹਨ।

ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਸ਼੍ਰੀ ਫਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਸ਼ਹੀਦੀ ਸਭਾ ਮੌਕੇ ਸੰਗਤਾਂ ਦਾ ਵੱਡਾ ਇਤਿਹਾਸਕ ਇਕੱਠ ਹੁੰਦਾ ਹੈ ਅਤੇ ਇਸ ਮੌਕੇ ਆਯੋਜਿਤ ਵਿਸ਼ਾਲ ਪ੍ਰਦਰਸ਼ਨੀ ਲੋਕ ਭਲਾਈ ਸਕੀਮਾਂ ਤੋਂ ਜਾਣੂ ਕਰਵਾਉਣ ਲਈ ਅਹਿਮ ਸਾਬਤ ਹੁੰਦੀ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰਦਰਸ਼ਨੀ ਰਾਹੀਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਗ਼ੈਰ ਸਰਕਾਰੀ ਅਦਾਰਿਆਂ ਵੱਲੋਂ ਲੋਕ ਭਲਾਈ ਦੀਆਂ ਸਕੀਮਾਂ ਸਮੇਤ ਉਨਤ ਖੇਤੀ ਲਈ ਨਵੀਂਆਂ ਤਕਨੀਕਾਂ ਤੇ ਨਵੀਂ ਮਸ਼ੀਨਰੀ ਬਾਰੇ ਇੱਥੇ ਪੁੱਜਣ ਵਾਲਿਆਂ ਨੂੰ ਜਾਣੂ ਕਰਵਾਇਆ ਜਾਂਦਾ ਹੈ।

ਇਸ ਪ੍ਰਦਰਸ਼ਨੀ ਦੌਰਾਨ ਖੇਤੀਬਾੜੀ, ਮੱਛੀ ਪਾਲਣ, ਬਾਗਬਾਨੀ, ਡੇਅਰੀ ਵਿਕਾਸ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਵਣ ਵਿਭਾਗ, ਸਿਹਤ ਵਿਭਾਗ, ਪਸ਼ੂ ਪਾਲਣ, ਪੇਡਾ, ਜੰਗਲਾਤ, ਸਹਿਕਾਰਤਾ, ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸਮੇਤ ਵੱਖ-ਵੱਖ ਬੈਂਕਾਂ ਅਤੇ ਹੋਰ ਪ੍ਰਾਈਵੇਟ ਅਦਾਰਿਆਂ ਨੇ ਇਸ ਵਿਸ਼ਾਲ ਵਿਕਾਸ ਪ੍ਰਦਰਸ਼ਨੀ ਮੌਕੇ ਆਪਣੇ ਸਟਾਲ ਲਗਾਏ ਅਤੇ ਆਮ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕੀਤੀ। ਵੱਡੀ ਗਿਣਤੀ ਸੰਗਤ ਨੇ ਇਸ ਪ੍ਰਦਰਸ਼ਨੀ ਵਿੱਚ ਪੁੱਜਕੇ ਇਸਦਾ ਲਾਭ ਉਠਾਇਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ, ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਅਰਵਿੰਦ ਕੁਮਾਰ, ਆਮ ਆਦਮੀ ਪਾਰਟੀ ਦੇ ਅਮਰਿੰਦਰ ਸਿੰਘ ਮੰਡੋਫਲ, ਪਾਵੇਲ ਹਾਂਡਾ, ਤਰਸੇਮ ਉੱਪਲ, ਸਤੀਸ਼ ਲਟੌਰ, ਰਾਜੇਸ਼ ਉੱਪਲ, ਪ੍ਰਿਤਪਾਲ ਸਿੰਘ ਜੱਸੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਹਲਕਾ ਦੱਖਣੀ ਚ ਅਕਾਲੀ ਦਲ ਨੂੰ ਵੱਡਾ ਝਟਕਾ, 500 ਵਰਕਰ ਆਪ ਚ ਸ਼ਾਮਲ

**ਲੁਧਿਆਣਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਕੰਮਕਾਜ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਜ਼ਬੂਤ ਕਰਨ ਲਈ ਹੋਰਨਾਂ ਪਾਰਟੀਆਂ ਦੇ ਆਗੂ ਵੀ ਇਕੱਠੇ ਹੋ ਰਹੇ ਹਨ। ਸਰਕਾਰ ਦਾ ਉਦੇਸ਼ ਜਨਤਾ ਨੂੰ ਸਮਰਪਿਤ ਹੋਣਾ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਹੈ, ਆਮ ਆਦਮੀ ਪਾਰਟੀ ਦੀ ਇਸ ਨੀਤੀ ਦਾ ਵਿਰੋਧੀ ਪਾਰਟੀ ਦੇ ਆਗੂਆਂ 'ਤੇ ਕਾਫੀ ਅਸਰ ਪੈ ਰਿਹਾ ਹੈ। ਇਸੇ ਲੜੀ ਤਹਿਤ ਬੁੱਧਵਾਰ ਨੂੰ ਆਮ ਆਦਮੀ ਪਾਰਟੀ ਦੀ ਹਲਕਾ ਦੱਖਣੀ ਤੋਂ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਦੀ ਹਾਜ਼ਰੀ ਵਿੱਚ ਅਕਾਲੀ ਦਲ ਤੋਂ ਚੋਣ ਲੜ ਚੁੱਕੇ ਕੇਸ਼ਵ ਕੁਮਾਰ ਅਤੇ ਜਸਵੀਰ ਕੌਰ ਪੰਜ ਸੌ ਵਰਕਰਾਂ ਸਮੇਤ 'ਆਪ' ਵਿੱਚ ਸ਼ਾਮਲ ਹੋ ਗਏ। ਛੀਨਾ ਨੇ ਸਮੂਹ ਅਕਾਲੀ ਵਰਕਰਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ



ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਮਿਲੇਗਾ ਅਤੇ ਉਨ੍ਹਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਅਕਾਲੀ ਦਲ 'ਤੇ ਹੁਣ ਸੂਰਜ ਡੁੱਬ ਚੁੱਕਾ ਹੈ ਅਤੇ ਪਾਰਟੀ ਅੰਦਰ ਦਹਿਸ਼ਤ ਦਾ ਮਾਹੌਲ ਹੈ। ਛੀਨਾ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਰੋਜ਼ ਵਿਕਾਸ ਦੇ ਨਵੇਂ ਆਯਾਮ ਸਿਰਜ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਸ਼ਵ ਪੱਧਰੀ ਮੁਹੱਲਾ ਕਲੀਨਿਕ ਬਣਾ ਕੇ, ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਕੇ, ਬਿਜਲੀ, ਪਾਣੀ, ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰਾਂ ਵਿੱਚ ਸ਼ਾਨਦਾਰ ਕੰਮ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਇੰਨਾ ਹੀ ਨਹੀਂ ਪੰਜਾਬ ਸਰਕਾਰ ਦੇ ਕੰਮਾਂ ਦੀ ਦੇਸ਼ ਵਿੱਚ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਸ਼ਲਾਘਾ ਹੋ ਰਹੀ ਹੈ। ਇਹ ਅਪੀਲ ਕਰਦੇ ਹੋਏ ਛੀਨਾ ਨੇ ਕਿਹਾ ਕਿ ਜਿਹੜੇ ਲੋਕ ਦੇਸ਼ ਵਿੱਚ ਸਕਾਰਾਤਮਕ ਰਾਜਨੀਤੀ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ, ਉਨ੍ਹਾਂ ਦਾ ਆਮ ਆਦਮੀ ਪਾਰਟੀ ਪਰਿਵਾਰ ਵਿੱਚ ਸਵਾਗਤ ਹੈ। ਇਸ ਮੌਕੇ ਰਾਮ ਸਿੰਘ, ਪਰਮਜੀਤ ਸਿੰਘ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਕੇਜਰੀਵਾਲ ਦੀ ਵੀਡੀਓ ਐਡਿਟ ਕਰ ਕੇ ਕੀਤੀ ਵਾਇਰਲ

**ਗੜ੍ਹਸ਼ੰਕਰ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਐਡਿਟ ਕਰ ਕੇ ਸੋਸ਼ਲ ਮੀਡੀਆ 'ਤੇ ਪਾਈ ਗਈ ਵੀਡਿਓ ਦੇ ਮਾਮਲੇ ਵਿਚ ਥਾਣਾ ਗੜ੍ਹਸ਼ੰਕਰ ਪੁਲਸ ਨੇ ਸੋਮਨਾਥ ਬੰਗੜ ਅਤੇ ਮਨਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤੇ ਹਨ।

ਸੋਮਨਾਥ ਬੰਗੜ ਪੁੱਤਰ ਮੋਤੀ ਰਾਮ ਵਾਸੀ ਵਾਰਡ ਨੰਬਰ 2 ਗੜ੍ਹਸ਼ੰਕਰ ਉੱਪ-ਪ੍ਰਧਾਨ ਨਗਰ ਕੌਂਸਲ ਗੜ੍ਹਸ਼ੰਕਰ ਅਤੇ ਮਨਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਮੋਇਲਾ ਵਾਹਿਦਪੁਰ ਨੇ ਪੁਲਸ ਨੂੰ ਸ਼ਿਕਾਇਤਾਂ ਦਿੱਤੀਆਂ ਸਨ ਕਿ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਅਰਵਿੰਦ ਕੇਜਰੀਵਾਲ ਭਾਰਤੀ ਸੰਵਿਧਾਨ ਅਤੇ ਡਾ. ਭੀਮ ਰਾਓ ਅੰਬੇਡਕਰ ਬਾਰੇ ਕੁਝ ਅਜਿਹਾ ਬੋਲ ਰਹੇ ਸੀ, ਜੋ ਕਿ ਉਨ੍ਹਾਂ ਵਲੋਂ ਨਹੀਂ ਬੋਲਿਆ ਗਿਆ ਅਤੇ ਕੁਝ ਸ਼ਰਾਰਤੀ ਅਨਸਰਾਂ ਵਲੋਂ ਜਾਣ-ਬੁੱਝ ਕੇ ਕੇਜਰੀਵਾਲ ਨੂੰ ਬਦਨਾਮ ਕਰਨ ਲਈ ਵੀਡੀਓ ਨੂੰ ਗਲਤ ਢੰਗ ਨਾਲ ਐਡਿਟ ਕਰ ਕੇ ਪੇਸ਼ ਕੀਤਾ ਗਿਆ, ਤਾਂ ਜੋ ਉਨ੍ਹਾਂ ਦੀ ਬਦਨਾਮੀ ਹੋ ਸਕੇ।

ਉਨ੍ਹਾਂ ਕਿਹਾ ਕਿ ਉਕਤ ਵੀਡੀਓ ਦੇ ਕਾਰਨ ਵੱਖ-ਵੱਖ ਵਰਗਾ 'ਚ ਦੁਸ਼ਮਣੀ ਪੈਦਾ ਕਰਨਾ, ਕਾਨੂੰਨ ਵਿਵਸਥਾ ਨੂੰ ਵਿਗਾੜਨਾ, ਐੱਸ.ਸੀ/ ਐੱਸ.ਟੀ.ਭਾਈਚਾਰੇ ਦੇ ਮੈਂਬਰਾਂ ਦਾ ਅਪਮਾਨ ਕਰਨਾ ਹੈ ਇਸ ਲਈ ਵੀਡੀਓ ਉਪਲੋਡ ਕਰਨ ਵਾਲਿਆ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਥਾਣਾ ਗੜ੍ਹਸ਼ੰਕਰ ਵਿਖੇ ਦੋਵਾਂ ਦੇ ਬਿਆਨਾਂ 'ਤੇ ਕਾਰਵਾਈ ਕਰਦੇ ਹੋਏ ਅਣਪਛਾਤੇ ਵਿਅਕਤੀ ਖਿਲਾਫ਼ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕੀਤੇ ਗਏ ਹਨ।

# ਸੰਗਤ ਵੱਲੋਂ ਲਾਏ ਜੈਕਾਰਿਆਂ ਨਾਲ ਗੂੰਜ ਉੱਠਿਆ ਆਮ ਖਾਸ ਬਾਗ



**ਫ਼ਤਹਿਗੜ੍ਹ ਸਾਹਿਬ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਆਰਟ ਥੀਏਟਰ ਦੇ ਸਹਿਯੋਗ ਨਾਲ ਇੱਥੇ ਆਮ ਖਾਸ ਬਾਗ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਵਾਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਸਾਲਾਨਾ ਸ਼ਹੀਦੀ ਸਭਾ ਦੀ ਪਹਿਲੀ ਸ਼ਾਮ ਮੌਕੇ ਕਰਵਾਏ ਮਹਾਂ ਨਾਟਕ 'ਜਿੰਦਾਂ ਨਿੱਕੀਆਂ' ਦੀ ਵਿਲੱਖਣ ਪੇਸ਼ਕਾਰੀ ਨੇ ਸੰਗਤ ਨੂੰ ਭਾਵੁਕ ਕਰ ਦਿੱਤਾ। ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਭਾਵੁਕਤਾ ਅਤੇ ਜੋਸ਼ ਦਾ ਪ੍ਰਗਟਾਵਾ ਕੀਤਾ।

ਸਵਰਗੀ ਡਾ. ਹਰਚਰਨ ਸਿੰਘ ਲਾਟਾ ਵੱਲੋਂ ਲਿਖਤ ਨਾਟਕ 'ਤੇ ਅਧਾਰਤ ਅਤੇ ਪ੍ਰਸਿੱਧ ਨਿਰਦੇਸ਼ਕ ਤੇ ਨਿਰਮਾਤਾ ਸ. ਹਰਬਖ਼ਸ਼ ਸਿੰਘ ਲਾਟਾ ਦੀ ਨਿਰਦੇਸ਼ਨਾਂ ਹੇਠ ਸਾਈਟ ਐਂਡ ਸਾਊਂਡ ਸ਼ੋਅ 'ਜਿੰਦਾਂ ਨਿੱਕੀਆਂ' 'ਚ ਖ਼ਾਲਸਾ ਪੰਥ ਦੀ ਸਾਜਨਾ ਸਮੇਤ ਪਰਿਵਾਰ ਵਿਛੋੜੇ ਤੋਂ ਲੈਕੇ ਚਪੜ ਚਿੜੀ ਤੱਕ ਦੇ ਇਤਿਹਾਸ ਨੂੰ ਦਿਲਕਸ਼ ਤੇ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ ਗਿਆ ਹੈ।

ਆਮ ਖਾਸ ਬਾਗ ਵਿਖੇ ਪੇਸ਼ ਕੀਤੇ ਗਏ ਇਸ ਸ਼ੋਅ ਦੌਰਾਨ ਸਰਦ ਰੁੱਤ ਦੇ ਬਾਵਜੂਦ ਦੂਰੋਂ-ਦੂਰੋਂ ਪੁੱਜੇ ਸ਼ਰਧਾਲੂਆਂ ਤੋਂ ਇਲਾਵਾ ਵੱਡੀ ਗਿਣਤੀ ਹੋਰ ਸ਼ਖ਼ਸੀਅਤਾਂ ਨੇ ਵੀ ਇਸ ਮਹਾਂ ਨਾਟਕ ਨੂੰ ਭਾਵੁਕਤਾ ਨਾਲ ਦੇਖਿਆ। ਨਾਟਕ ਦੇਖਣ ਉਪਰੰਤ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਅਜਿਹੇ ਇਤਿਹਾਸਕ ਨਾਟਕ ਅਜੌਕੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ ਅਤੇ ਇਨ੍ਹਾਂ ਨਾਟਕਾਂ ਨਾਲ ਜਿਥੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਹੀ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਨਤਮਸਤਕ ਹੋਣ ਦਾ ਮੌਕਾ ਵੀ ਮਿਲਦਾ ਹੈ। ਉਨ੍ਹਾਂ ਇਤਿਹਾਸਕ ਨਾਟਕ ÷ ਜਿੰਦਾਂ ਨਿੱਕੀਆਂ÷ ਦੀ ਪੇਸ਼ਕਾਰੀ ਕਰਨ ਵਾਲੇ ਕਲਾਕਾਰਾਂ ਦੀ ਵੀ ਸ਼ਲਾਘਾ ਕੀਤੀ।

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਵਰਗੀ ਮਿਸਾਲ ਦੁਨੀਆ ਭਰ ਵਿੱਚ ਹੋਰ ਕਿਤੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਦੁਨੀਆ ਦੇ ਇਤਿਹਾਸ ਦੀ ਇਸ ਅਦੁੱਤੀ ਸ਼ਹਾਦਤ ਤੋਂ ਸਾਡੀ ਨੌਜਵਾਨ ਪੀੜ੍ਹੀ ਹਮੇਸ਼ਾ ਪ੍ਰੇਰਨਾ ਲੈਂਦੀ ਰਹੇਗੀ। ਇਸ ਮੌਕੇ ਸ. ਹਰਬਖ਼ਸ਼ ਸਿੰਘ ਲਾਟਾ ਨੇ ਦੱਸਿਆ ਕਿ ਇਸ ਸ਼ੋਅ ਵਿੱਚ 25 ਉਘੇ ਤੇ ਨਿਪੁੰਨ ਕਲਾਕਾਰਾਂ ਨੇ ਹਿੱਸਾ ਲਿਆ ਹੈ ਅਤੇ ਇਸ ਦੇ ਦੇਸ਼ ਤੇ ਵਿਦੇਸ਼ਾਂ ਵਿੱਚ ਹੁਣ ਤੱਕ 200 ਤੋਂ ਵਧੇਰੇ ਸ਼ੋਅ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 1999 'ਚ ਸਿੱਖ ਇਤਿਹਾਸ ਨੂੰ ਰੂਪਮਾਨ ਕਰਦਿਆਂ ਬੋਲੇ ਸੋ ਨਿਹਾਲ ਮਹਾਂ ਨਾਟਕ ਦੀ ਪੇਸ਼ਕਾਰੀ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਡਾ. ਹਰਚਰਨ ਸਿੰਘ ਲਾਟਾ ਦੇ ਲਿਖੇ ਨਾਟਕ, ਚਮਕੌਰ ਦੀ ਗੜ੍ਹੀ, ਸਰਹਿੰਦ ਦੀ ਕੰਧ ਤੇ ਜ਼ਫ਼ਰਨਾਮਾ ਵੀ ਬਹੁਤ ਮਕਬੂਲ ਹੋਏ ਹਨ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ : ਬੰਨੀ ਚੈਹਿਲ




ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕਰਵਾਏ ਪ੍ਰੋਗਰਾਮ ਦੌਰਾਨ ਪਹੁੰਚੇ ਬੰਨੀ ਚੈਹਿਲ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਹੋਰ .ਫ਼ੋਟੋ : ਕੌਮੀ ਪੱਤ੍ਰਿਕਾ ਬਿਊਰੋ

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਵਿਖੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਡਿਪਟੀ ਡਾਇਰੈਕਟਰ- ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਅਤੇ ਵਾਇਸ ਪ੍ਰਿੰਸੀਪਲ ਬਲਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਦੀ ਅਗਵਾਈ ਹੇਠ ਨਸਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਪਬਲਿਕ ਨੂੰ ਜਾਗਰੂਕ ਕਰਨ ਲਈ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਜਿਸ ਵਿਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ,ਵਿਸ਼ੇਸ਼ ਤੌਰ ਤੇ ਸੁਖਵੰਤ ਸਿੰਘ ਟ੍ਰੇਨਿੰਗ ਅਫ਼ਸਰ, ਸਟੇਟ ਐਵਾਰਡੀ ਰੁਪਿੰਦਰ ਕੌਰ , ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ, ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਕਿਹਾ ਕਿ ਐਨ ਸੀ ਸੀ ਕੈਡਿਟਸ ਅਤੇ ਐਨ ਐਸ ਐਸ ਵਲੰਟੀਅਰਜ਼ ਵਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ, ਉਹਨਾ ਨੋਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖੇਡਾਂ ਵੱਲ ਰੁਚੀ ਲੈਣ ਤਾਂ ਜੋ ਉਹਨਾਂ ਦਾ ਸ਼ਰੀਰ ਤੰਦਰੁਸਤ ਰਹੇ ਅਤੇ ਨਸ਼ਿਆਂ ਤੋਂ ਦੂਰ ਰਹਿ ਸਕਣ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹਣ ਲਈ ਨੌਜਵਾਨ ਪੀੜ੍ਹੀ ਦਾ ਅੱਗੇ ਆਉਣਾ ਸਮੇ ਦੀ ਮੁੱਖ ਲੋੜ ਹੈ , ਉਹਨਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਨਸ਼ਿਆਂ ਵਿਰੁੱਧ ਛੇੜੀ ਜੰਗ ਵਿੱਚ ਪਬਲਿਕ ਨੂੰ ਵੀ ਅੱਗੇ ਆ ਕੇ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਹੀ ਆਪਣੇ ਰੰਗਲੇ ਪੰਜਾਬ ਨੂੰ ਨਸਾ ਮੁਕਤ ਪੰਜਾਬ ਬਣਾ ਸਕਾਂਗੇ, ਇਸ ਮੌਕੇ ਡਰੱਗ ਫਰੀ ਵਲੱਡ ਕੈਲੈਫੋਰਨੀਆ ਅਮਰੀਕਾ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਕਿਤਾਬਾਂ ਵੀ ਵੰਡੀਆਂ ਗਈਆਂ ।

# ਦਿਲਜੀਤ ਦੁਸਾਂਝ ਦੇ ਸ਼ੋਅ ਲਈ ਦੋ ਹਜ਼ਾਰ ਪੁਲੀਸ ਮੁਲਾਜ਼ਮ ਹੋਣਗੇ ਤਾਇਨਾਤ

**ਲੁਧਿਆਣਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਵਦੇਸ਼ਾਂ ਦੇ ਨਾਲ-ਨਾਲ ਦੇਸ਼ ਭਰ 'ਚ ਵੀ ਮਿਊਜ਼ਿਕ ਕੰਸਰਟ ਨਾਲ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਪੰਜਾਬੀ ਮਸ਼ਹੂਰ ਗਾਇਕ ਦਿਲਜੀਤ ਦੁਸਾਂਝ ਦੇ ਲੁਧਿਆਣਾ 'ਚ ਹੋਣ ਵਾਲੇ ਨਵੇਂ ਸਾਲ ਦੇ ਸਮਾਗਮ ਲਈ ਪੁਲੀਸ ਪੱਬਾਂ ਭਾਰ ਹੈ। ਇਹ ਸਮਾਗਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਕਰਵਾਇਆ ਜਾ ਰਿਹਾ ਹੈ।

ਇਸ ਸਮਾਗਮ ਦੇ ਸੁਰੱਖਿਆ ਪ੍ਰਬੰਧਾਂ ਵਿੱਚ ਕਰੀਬ ਦੋ ਹਜ਼ਾਰ ਪੁਲੀਸ ਮੁਲਾਜ਼ਮਾਂ ਦੀ ਟੀਮ ਹੱਥ ਸਾਰੀ ਜ਼ਿੰਮੇਵਾਰੀ ਹੋਵੇਗੀ। ਅੱਜ ਪੁਲੀਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਆਪਣੀ ਪੂਰੀ ਟੀਮ ਨਾਲ ਸਮਾਗਮ ਵਾਲੀ ਥਾਂ ਦਾ ਦੌਰਾ ਕਰਨ ਲਈ ਪਹੁੰਚੇ। ਉਨ੍ਹਾਂ ਸਮਾਗਮ ਬਾਰੇ ਪੂਰੀ ਜਾਣਕਾਰੀ ਲਈ ਅਤੇ ਦਿਲਜੀਤ ਦੁਸਾਂਝ ਦੀ ਐਂਟਰੀ, ਆਮ ਲੋਕਾਂ ਅਤੇ ਵੀਆਈਪੀ ਲੋਕਾਂ ਦੀ ਐਂਟਰੀ ਸਬੰਧੀ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ। ਪ੍ਰਬੰਧਕਾਂ ਨੇ ਪੁਲੀਸ



ਕਮਿਸ਼ਨਰ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਦੱਸਿਆ ਕਿ ਪਾਰਕਿੰਗ ਏਰੀਆ ਕਿੱਥੇ ਹੋਵੇਗਾ, ਦਿਲਜੀਤ ਕਿੱਥੋਂ ਦਾਖਲ ਹੋਵੇਗਾ ਅਤੇ ਸਟੇਜ 'ਤੇ ਕਿੰਨੇ ਲੋਕ ਹੋਣਗੇ।

ਜ਼ਿਕਰਯੋਗ ਹੈ ਕਿ 31 ਦਸੰਬਰ ਨੂੰ ਨਵੇਂ ਸਾਲ ਦੀ ਆਮਦ ਮੌਕੇ ਲੁਧਿਆਣਾ 'ਚ ਸਮਾਗਮ ਕਰਵਾਇਆ ਜਾ ਰਿਹਾ ਹੈ। ਮੰਗਲਵਾਰ ਨੂੰ ਸ਼ੋਅ ਦੀਆਂ ਸਾਰੀਆਂ ਟਿਕਟਾਂ 12 ਮਿੰਟਾਂ ਵਿੱਚ ਵਿਕ ਗਈਆਂ ਸਨ ਜਿਸ ਤੋਂ ਬਾਅਦ ਪ੍ਰਬੰਧਕਾਂ ਨੇ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪੁਲੀਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਲਗਭਗ 35 ਤੋਂ 40 ਹਜ਼ਾਰ ਲੋਕਾਂ ਦੇ ਆਉਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਗਈ ਹੈ ਅਤੇ ਸਮਾਗਮ ਮੌਕੇ ਸੁਰੱਖਿਆ ਪ੍ਰਬੰਧਾਂ ਲਈ ਕਰੀਬ ਦੋ ਹਜ਼ਾਰ ਪੁਲੀਸ ਮੁਲਾਜ਼ਮ ਤਾਇਨਾਤ ਰਹਿਣਗੇ। ਪੀਏਯੂ ਦੇ ਹਰ ਕੋਨੇ ਵਿੱਚ ਪੁਲੀਸ ਤਾਇਨਾਤ ਕੀਤੀ ਜਾਵੇਗੀ ਅਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪ੍ਰਬੰਧਕਾਂ ਤੋਂ ਵੀਆਈਪੀ ਵਿਅਕਤੀਆਂ ਦੀ ਸੂਚੀ ਵੀ ਮੰਗੀ ਗਈ ਹੈ ਤਾਂ ਜੋ ਉਸ ਅਨੁਸਾਰ ਸੁਰੱਖਿਆ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਗੜਬੜ ਕਰਨ ਵਾਲਿਆਂ 'ਤੇ ਪੁਲੀਸ ਨਜ਼ਰ ਰੱਖੇਗੀ। ਜੇਕਰ ਕੋਈ ਬੇਲੋੜਾ ਗੜਬੜੀ ਪੈਦਾ ਕਰਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਮੇਅਰ ਬਣਾਉਣ ਲਈ 'ਆਪ' ਵੱਲੋਂ ਗੁਪਤ ਮੀਟਿੰਗਾਂ ਦਾ ਦੌਰ ਸ਼ੁਰੂ

**ਲੁਧਿਆਣਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ ਵਿੱਚ ਹੋਈਆਂ ਚੋਣਾਂ ਦੇ ਨਤੀਜਿਆਂ ਦੌਰਾਨ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ ਸੀ। ਭਾਵੇਂ ਕਾਂਗਰਸ ਤੇ ਭਾਜਪਾ ਆਗੂ ਮੇਅਰ ਬਣਾਉਣ ਦੇ ਦਾਅਵੇ ਕਰ ਰਹੇ ਸਨ ਪਰ ਪੰਜਾਬ ਇੰਚਾਰਜ ਵਿਜੈ ਰੂਪਾਨੀ ਨੇ ਸਪੱਸ਼ਟ ਕਿਹਾ ਕਿ ਭਾਜਪਾ ਕਿਸੇ ਨਾਲ ਸਮਝੌਤਾ ਨਹੀਂ ਕਰੇਗੀ ਜਿਸ ਤੋਂ ਬਾਅਦ ਆਮ ਆਦਮੀ ਪਾਰਟੀ ਲਗਾਤਾਰ 'ਆਪ' ਤੋਂ ਲੁਧਿਆਣਾ ਦਾ ਮੇਅਰ ਬਣਾਉਣ ਲਈ ਤਿਆਰੀ ਕਰ ਰਹੀ ਹੈ। 'ਆਪ' ਆਗੂ ਮੇਅਰ ਦੀ ਚੋਣ ਲਈ ਲਗਾਤਾਰ 'ਗੁਪਤ' ਮੀਟਿੰਗਾਂ ਕਰਨ ਵਿੱਚ ਰੁੱਝੇ ਹੋਏ ਹਨ। 'ਆਪ' ਮੇਅਰ ਬਣਾਉਣ ਤੋਂ ਸਿਰਫ਼ ਇੱਕ ਕਦਮ ਹੀ ਦੂਰ ਹੈ।

ਹੁਣ ਦੇਖਣਾ ਹੋਵੇਗਾ ਕਿ 'ਆਪ' ਕਿਹੜੀ ਪਾਰਟੀ ਦੇ ਕੌਂਸਲਰ ਨੂੰ ਮੇਅਰ ਬਣਾਉਣ ਲਈ ਖਿੱਚਦੀ ਹੈ। ਹਾਲਾਂਕਿ 'ਆਪ' ਆਗੂ ਕਾਂਗਰਸ ਅਤੇ ਭਾਜਪਾ ਦੇ ਕਈ ਨਵੇਂ ਕੌਂਸਲਰਾਂ ਨਾਲ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ 'ਆਪ' ਵਿੱਚ ਸ਼ਾਮਲ ਕਰ ਕੇ ਬਹੁਮਤ ਹਾਸਲ ਕੀਤਾ ਜਾ ਸਕੇ।

ਨਗਰ ਨਿਗਮ ਚੋਣਾਂ ਵਿੱਚ 41 ਸੀਟਾਂ ਜਿੱਤ ਕੇ ਵੱਡੀ ਪਾਰਟੀ ਵਜੋਂ 'ਆਪ' ਕੋਲ ਸਪੱਸ਼ਟ ਬਹੁਮਤ ਨਹੀਂ ਹੈ ਜਿਸ ਤੋਂ ਬਾਅਦ ਵਿਧਾਇਕਾਂ ਨੂੰ ਸ਼ਾਮਲ ਕਰਨ ਤੋਂ ਬਾਅਦ ਵੀ ਉਨ੍ਹਾਂ ਦੀ ਬਹੁਮਤ ਤੋਂ ਗਿਣਤੀ ਚਾਰ ਵੋਟਾਂ ਨਾਲ ਘੱਟ ਸੀ। ਇਸ ਤੋਂ ਬਾਅਦ ਆਜ਼ਾਦ ਕੌਂਸਲਰ ਅਤੇ ਅਕਾਲੀ ਦਲ ਦੇ ਕੌਂਸਲਰ ਨੂੰ 'ਆਪ' ਵਿੱਚ ਸ਼ਾਮਲ ਕਰ ਕੇ 'ਆਪ' ਦੀ ਗਿਣਤੀ ਘਟ ਕੇ ਦੋ ਰਹਿ ਗਈ। ਇਸ ਤੋਂ ਇਲਾਵਾ ਆਜ਼ਾਦ ਉਮੀਦਵਾਰ ਰਣਧੀਰ ਸਿੰਘ ਸਿਬੀਆ ਵੀ 'ਆਪ' ਵਿਧਾਇਕ ਮਦਨ ਲਾਲ ਬੱਗਾ ਨੂੰ ਮਿਲ ਚੁੱਕੇ ਹਨ।

# ਮਣਕੂ ਐਗਰੋਟੈਕ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ ਨੇ ਰੈਡ ਕਰਾਸ ਸੁਸਾਇਟੀ ਨੂੰ 'ਵਿਜ਼ਨ ਕੇਅਰ' ਲਈ 3.52 ਲੱਖ ਰੁਪਏ ਦਾ ਚੈਕ ਡਿਪਟੀ ਕਮਿਸ਼ਨਰ ਨੂੰ ਸੌਂਪਿਆ

## ਮਣਕੂ ਐਗਰੋਟੈਕ ਵੱਲੋਂ ਸਮਾਜ ਭਲਾਈ ਲਈ ਕੀਤੀਆਂ ਸੇਵਾਵਾਂ ਸ਼ਲਾਘਾਯੋਗ: ਡਾ. ਪ੍ਰੀਤੀ ਯਾਦਵ

**ਪਟਿਆਲਾ, 30 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਣਕੂ ਐਗਰੋਟੈਕ ਪ੍ਰਾਈਵੇਟ ਲਿਮਟਿਡ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ ਨੇ ਆਪਣੇ ਸੀ.ਐਸ.ਆਰ. ਫੰਡਾਂ ਵਿੱਚੋਂ 3 ਲੱਖ 52 ਹਜ਼ਾਰ ਰੁਪਏ ਦਾ ਚੈਕ ਇੰਡੀਅਨ ਰੈਡ ਕਰਾਸ ਸੁਸਾਇਟੀ ਪਟਿਆਲਾ ਨੂੰ 'ਵਿਜ਼ਨ ਕੇਅਰ' ਪ੍ਰਾਜੈਕਟ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਂਦਵ ਨੂੰ ਸੌਂਪਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਸਾਰੇ 16 ਸਿੱਖਿਆ ਬਲਾਕਾਂ ਵਿੱਚ ਜ਼ਿਲ੍ਹਾ ਸਿੱਖਿਆ ਸੁਸਾਇਟੀ ਰਾਹੀਂ ਨਜ਼ਰ ਦੀ ਸੰਭਾਲ ਲਈ ਜਾਗਰੂਕਤਾ ਮੁਹਿੰਮ ਚਲਾਕੇ ਸਰਕਾਰੀ ਸਕੂਲਾਂ ਦੇ 88000 ਵਿਦਿਆਰਥੀਆਂ ਦੀ ਨਜ਼ਰ ਚੈਕ ਕਰਵਾ ਕੇ ਉਨ੍ਹਾਂ ਨੂੰ ਲੋੜੀਂਦੀਆਂ ਐਨਕਾਂ ਪ੍ਰਦਾਨ ਕੀਤੀਆਂ ਜਾਣੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਜੋਤੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਤਿੰਨ ਪੜਾਵਾਂ ਵਿੱਚ ਪੂਰਾ ਕੀਤਾ ਜਾਵੇਗਾ।



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੂੰ ਰੈਡ ਕਰਾਸ ਸੁਸਾਇਟੀ ਪਟਿਆਲਾ ਲਈ 3.52 ਲੱਖ ਰੁਪਏ ਦਾ ਚੈਕ ਸੌਂਪਦੇ ਹੋਏ ਮਣਕੂ ਐਗਰੋ ਟੈਕ ਪ੍ਰਾਈਵੇਟ ਲਿਮਟਿਡ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸੁਖਵਿੰਦਰ ਸਿੰਘ ਮਣਕੂ ਵੱਲੋਂ ਮਣਕੂ ਐਗਰੋਟੈਕ ਪ੍ਰਾਈਵੇਟ ਲਿਮਟਿਡ ਦੇ ਸੀ.ਐਸ.ਆਰ. ਫੰਡਾਂ ਵਿੱਚੋਂ ਸਮਾਜ ਭਲਾਈ ਲਈ ਦਿੱਤੇ ਜਾ ਰਹੇ ਯੋਗਦਾਨ ਦੀ ਭਰਵੀਂ ਸ਼ਲਾਘਾ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਹੋਰ ਸੰਸਥਾਵਾਂ ਵੀ ਇਸੇ ਤਰ੍ਹਾਂ ਸਮਾਜ ਭਲਾਈ ਲਈ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣ। ਇਸ ਮੌਕੇ ਜ਼ਿਲ੍ਹਾ ਉਦਯੋਗ ਕੇਂਦਰ ਦੇ ਮੈਨੇਜਰ ਅੰਗਦ ਸਿੰਘ ਸੋਹੀ, ਮਣਕੂ ਐਗਰੋਟੈਕ ਦੇ ਸੀ.ਏ. ਰਾਜੇਸ਼ ਗੁਪਤਾ ਅਤੇ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਡਾ. ਪ੍ਰਿਤਪਾਲ ਸਿੰਘ ਸਿੱਧੂ ਵੀ ਮੌਜੂਦ ਸਨ।

ਸੁਖਵਿੰਦਰ ਸਿੰਘ ਮਣਕੂ ਨੇ ਦੱਸਿਆ ਕਿ ਮਣਕੂ ਐਗਰੋਟੈਕ ਸਮਾਣਾ ਨੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਨੂੰ ਕੋਵਿਡ ਸਮੇਂ 20 ਲੱਖ ਰੁਪਏ, ਸਿਵਲ ਹਸਪਤਾਲ ਸਮਾਣਾ ਲਈ ਡਾਇਲਾਸਿਸ ਯੂਨਿਟ, ਜੈਨਰੇਟਰ ਸੈਟ ਤੇ ਲਾਂਡਰੀ ਲਈ 54 ਲੱਖ ਰੁਪਏ, ਚੈਕ ਇੰਡੀਅਨ ਰੈਡ ਕਰਾਸ ਸੁਸਾਇਟੀ ਪਟਿਆਲਾ ਲਈ ਮੈਡੀਕਲ ਫੈਸਿਲਟੀਜ਼ ਦੀ ਅਪਗ੍ਰੇਡੇਸ਼ਨ ਤੇ ਮੈਡੀਕਲ ਸਾਜੋ-ਸਮਾਨ ਖਰੀਦਣ ਲਈ 50 ਲੱਖ ਰੁਪਏ ਦਾ ਚੈਕ ਦੇਣ ਸਮੇਤ ਹੋਰ ਵੀ ਕਈ ਸਮਾਜਿਕ ਕੰਮਾਂ ਲਈ ਆਪਣਾ ਯੋਗਦਾਨ ਪਾਇਆ ਹੈ।

# ਲੋੜਵੰਦ ਬੱਚਿਆਂ ਦੀ ਮਦਦ ਲਈ ਪੰਜਾਬ ਸਰਕਾਰ ਵਚਨਬੱਧ: ਡਿਪਟੀ ਕਮਿਸ਼ਨਰ



**ਪਟਿਆਲਾ, 30 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਅੱਜ ਪ੍ਰਬੰਧਕੀ ਕੰਪਲੈਕਸ ਵਿਖੇ ਸਪੋਂਸਰਸ਼ਿਪ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸ੍: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋੜਵੰਦ ਬੱਚਿਆਂ ਦੀ ਭਲਾਈ ਲਈ ਵਚਨਬੱਧ ਹੈ, ਜਿਸ ਤਹਿਤ ਬਾਲ ਭਲਾਈ ਸਕੀਮਾਂ ਰਾਹੀਂ ਲੋੜਵੰਦ ਬੱਚਿਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਇਸ ਸਪੋਂਸਰਸ਼ਿਪ ਸਕੀਮ ਤਹਿਤ ਲੋੜਵੰਦ ਬੱਚਿਆ ਨੂੰ ਵੱਧ ਤੋਂ ਵੱਧ ਜੋੜਿਆ ਜਾਵੇ ਤਾਂ ਜੋ ਕੋਈ ਵੀ ਯੋਗ ਤੇ ਲੋੜਵੰਦ ਬੱਚਾ ਸਹੂਲੀਅਤ ਲੈਣ ਤੋਂ ਵਾਂਝਾ ਨਾ ਰਹਿ ਸਕੇ। ਡਾ: ਪ੍ਰੀਤੀ ਯਾਦਵ ਨੇ ਮੀਟਿੰਗ ਵਿੱਚ 34 ਨਵੇਂ ਬੱਚਿਆਂ ਦੀ ਸਪੋਂਸਰਸ਼ਿਪ ਪ੍ਰਵਾਨ ਕੀਤੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਸ ਸਕੀਮ ਤਹਿਤ ਗਰੀਬ ਬੱਚਿਆਂ ਨੂੰ ਮਦਦ ਮਿਲੇਗੀ ਅਤੇ ਗਰੀਬ ਬੱਚੇ ਆਪਣੀ ਪੜ੍ਹਾਈ ਨੂੰ ਜਾਰੀ ਰੱਖ ਸਕਣਗੇ। ਉਹਨਾਂ ਇਹ ਵੀ ਕਿਹਾ ਕਿ ਜਿਹੜੇ ਬੱਚੇ ਇਸ ਸਪੋਂਸਰਸ਼ਿਪ ਸਕੀਮ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਉਹ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਪਟਿਆਲਾ ਨੂੰ ਜ਼ਰੂਰ ਸੰਪਰਕ ਕਰਨ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਬਾਲ ਸੁਰੱਖਿਆ ਅਫਸਰ, ਸ਼ਾਇਨਾ ਕਪੂਰ ਨੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਂਦਿਆਂ ਦੱਸਿਆ ਕਿ ਜਿਹੜੇ ਬੱਚਿਆਂ ਦੇ ਮਾਤਾ ਪਿਤਾ ਦੀ ਮੌਤ ਹੋ ਜਾਂਦੀ ਹੈ ਜਾਂ ਜਿਹੜੇ ਬੱਚਿਆਂ ਦੇ ਮਾਤਾ ਪਿਤਾ ਗੰਭੀਰ ਬਿਮਾਰੀ ਦੇ ਸ਼ਿਕਾਰ ਹਨ ਅਤੇ ਮਾਤਾ ਪਿਤਾ ਵਿੱਤੀ ਅਤੇ ਸਰੀਰਕ ਤੌਰ ਤੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਅਸਮਰਥ ਹਨ ਅਜਿਹੇ ਬੱਚਿਆਂ ਨੂੰ ਸਪੋਂਸਰਸ਼ਿਪ ਲਗਾਈ ਜਾਂਦੀ ਹੈ ਉਹਨਾਂ ਦੱਸਿਆ ਕਿ ਪਹਿਲਾ 115 ਬੱਚਿਆਂ ਦੀ ਸਪੋਂਸਰਸ਼ਿਪ ਚਲ ਰਹੀ ਸੀ ਅਤੇ ਅੱਜ ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ 34 ਨਵੇਂ ਕੇਸਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਹਨਾਂ ਅੱਗੋਂ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਸ ਸਪੋਂਸਰਸ਼ਿਪ ਦੀ ਪ੍ਰਵਾਨਗੀ ਉਪਰੰਤ ਬੱਚਿਆਂ ਨੂੰ 4 ਹਜਾਰ ਰੁਪਏ ਮਹੀਨਾਂ ਦਿੱਤਾ ਜਾਂਦਾ ਹੈ।

ਉਹਨਾਂ ਕਿਹਾ ਕਿ ਜੇਕਰ ਕੋਈ ਇਸ ਸਪੋਂਸਰਸ਼ਿਪ ਸਕੀਮ ਦਾ ਲਾਭ ਲੈਣਾ ਚਾਹੁੰਦਾ ਹੈ ਤਾਂ ਉਹ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਪਟਿਆਲਾ, ਬਲਾਕ-ਸੀ ਐਕਸਟੈਂਸ਼ਨ ਰੂਮ ਨੰ: 150 ਮਿੰਨੀ ਸਕੱਤਰੇਤ ਪਟਿਆਲਾ ਵਿਖੇ ਸੋਮਵਾਰ ਤੋਂ ਸ਼ੁੱਕਰਵਾਰ ਸਮਾਂ ਸਵੇਰੇ 9-00 ਵਜੇ ਤੋਂ ਸ਼ਾਮ 5 ਵਜੇ ਤੱਕ ਨੰ: 0175-2353523 ਤੇ ਸੰਪਰਕ ਕਰ ਸਕਦਾ ਹੈ। ਮੀਟਿੰਗ ਵਿੱਚ ਚਾਈਲਡ ਵੈਲਫੇਅਰ ਕਮੇਟੀ ਦੇ ਚੇਅਰਪਰਸ਼ਨ ਸ੍ਰੀ ਜਗਦੀਸ਼ ਚੰਦਰ ਅਤੇ ਸੋਸ਼ਲ ਵਰਕਰ ਮੈਡਮ ਉਰਮਿਲ ਪੁਰੀ ਵੀ ਮੌਜੂਦ ਸਨ।

# ਪਟਿਆਲਾ ਜ਼ਿਲ੍ਹੇ ਵਿੱਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਰੋਕਣ ਲਈ ਜਾਗਰੂਕਤਾ ਮੁਹਿੰਮ ਬਾਰੇ ਸਲਾਹ: ਮਸ਼ਵਰਾ ਮੀਟਿੰਗ



ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਘਟਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖੇਤਰੀ ਦਫ਼ਤਰ, ਪਟਿਆਲਾ ਵੱਲੋਂ ਮੈਰਿਜ ਪੈਲੇਸ ਐਸੋਸੀਏਸ਼ਨ ਅਤੇ ਕੈਟਰਿੰਗ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਕੀਤੀ ਗਈ ਬੈਠਕ।

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖੇਤਰੀ ਦਫ਼ਤਰ, ਪਟਿਆਲਾ ਵੱਲੋਂ ਜ਼ਿਲ੍ਹੇ ਅੰਦਰ ਇੱਕ ਵਾਰ ਵਰਤੋਂ ਕੀਤੇ ਜਾਣ ਵਾਲੇ ਪਲਾਸਟਿਕ ਦੀ ਵਰਤੋਂ ਰੋਕਣ ਲਈ ਮੈਰਿਜ ਪੈਲੇਸ ਐਸੋਸੀਏਸ਼ਨ ਅਤੇ ਕੈਟਰਿੰਗ ਐਸੋਸੀਏਸ਼ਨ ਦੇ ਪ੍ਰਧਾਨਾਂ ਅਤੇ ਮੈਂਬਰਾਂ ਨਾਲ ਅੱਜ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਵਾਤਾਵਰਣ ਇੰਜੀਨੀਅਰ ਇੰਜ. ਗੁਰਕਰਨ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਮਕਸਦ ਪਟਿਆਲਾ ਜ਼ਿਲ੍ਹੇ ਵਿੱਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਰੋਕਣ ਅਤੇ ਇਸ ਸਬੰਧੀ ਜਾਗਰੂਕਤਾ ਫੈਲਾਉਣ ਲਈ ਰਣਨੀਤੀ ਤਿਆਰ ਕਰਨਾ ਸੀ। ਇਸ ਮੀਟਿੰਗ ਦੌਰਾਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਸਿੰਗਲ ਯੂਜ਼ ਪਲਾਸਟਿਕ ਦੇ ਵਾਤਾਵਰਣ ਅਤੇ ਸਿਹਤ ਉੱਤੇ ਪੈਣ ਵਾਲੇ ਨੁਕਸਾਨਦਾਹ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਆਹ ਸਮਾਰੋਹਾਂ ਅਤੇ ਹੋਰ ਸਮਾਜਿਕ ਸਮਾਗਮਾਂ ਦੌਰਾਨ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ ਗਈ। ਇਸਦੇ ਬਦਲੇ ਵਜੋਂ ਵਾਤਾਵਰਣ-ਅਨੁਕੂਲ ਵਿਕਲਪਾਂ ਦੀ ਵਰਤੋਂ ਦੀ ਸਿਫਾਰਸ਼ ਕੀਤੀ ਗਈ।

ਇਸ ਮੌਕੇ 'ਤੇ ਸਥਾਨਕ ਵਪਾਰਕ ਅਤੇ ਸਮਾਜਿਕ ਸੰਗਠਨਾਂ ਨੂੰ ਵਾਤਾਵਰਣ ਸੁਰੱਖਿਆ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਉਤਸ਼ਾਹਿਤ ਕੀਤਾ ਗਿਆ। ਮੀਟਿੰਗ ਵਿੱਚ ਮੌਜੂਦ ਰਹੇ ਮੈਰਿਜ ਪੈਲੇਸ ਅਤੇ ਕੈਟਰਿੰਗ ਐਸੋਸੀਏਸ਼ਨਾਂ ਨੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਧੂਰੀ ਦੇ ਸ੍ਰੀ ਚੱਤਨਿਆ ਟੈਕਨੋ ਸਕੂਲ ਵਿੱਚ ਮਨਾਇਆ ਗਿਆ ਕਿਸਾਨ ਦਿਵਸ



**ਧੂਰੀ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੂਰੀ ਦੇ ਸ੍ਰੀ ਚੈਤੰਨਯ ਟੈਕਨੋ ਸਕੂਲ ਵਿੱਚ ਕਿਸਾਨ ਦਿਵਸ ਮਨਾਇਆ ਗਿਆ ਜਿਸ ਵਿਚ ਸਕੂਲ ਦੇ ਪ੍ਰਿੰਸੀਪਲ ਨਾਗਾ ਅਰਜੁਨ ਰੇਡੀ ਦੁਆਰਾ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਸ ਬਾਰੇ ਮੀਡੀਆ ਨਾਲ ਗੱਲ ਕਰਦੇ ਹੋਏ ਪ੍ਰਿੰਸੀਪਲ ਸਾਹਿਬ ਨੇ ਕਿਹਾ ਕਿ ਕਿਸਾਨਾਂ ਦੇ ਬਿਨਾ ਸਾਡੇ ਕੋਲ ਕੁਝ ਵੀ ਨਹੀਂ ਹੈ ਇਹ ਮੇਹਨਤ ਕਰਦੇ ਹਨ ਅਤੇ ਅਸੀਂ ਓਹਨਾ ਦੁਆਰਾ ਉਗਾਏ ਹੋਏ ਅੰਨ ਨਾਲ ਆਰਾਮ ਨਾਲ ਘਰ ਦੇ ਵਿਚ ਬੈਠ ਕੇ ਖਾਂਦੇ ਹਾਂ ਅਸੀਂ ਚਾਹੁੰਨੇ ਹਾਂ ਕੇ ਕਿਸਾਨਾਂ ਨੂੰ ਓਹਨਾ ਦੀ ਮੇਹਨਤ ਦਾ ਮੁੱਲ ਮਿਲਣਾ ਚਾਹੀਦਾ ਹੈ ਚਾਹੇ ਸਰਕਾਰਾਂ ਓਹਨਾ ਦੁਆਰਾ ਪੈਦਾ ਕੀਤੇ ਅੰਨ ਦਾ ਮੁੱਲ ਨਹੀਂ ਦਿੰਦੀ ਅਸੀਂ ਚਾਹੁੰਨੇ ਹਾਂ ਕੇ ਓਹਨਾ ਦਾ ਮੂਲ ਮਿਲਣਾ ਚਾਹੀਦਾ ਹੈ ਕੇ ਇਸ ਤਰਾ ਹੋ ਜਾਵੇ ਤਾਂ ਧਰਨੇ ਪ੍ਰਦਰਸ਼ਨ ਦੀ ਨੌਬਤ ਨਾ ਆਏ ਪ੍ਰਿੰਸੀਪਲ ਸਾਬ ਨ ਬੱਚਿਆਂ ਦੇ ਮਾਤਾ ਪਿਤਾ ਜੋਂ ਕੇ ਕਿਸਾਨੀ ਨਾਲ ਸੰਬੰਧ ਰੱਖਦੇ ਹਨ ਦਾ ਧੰਨਵਾਦ ਕੀਤਾ ਕਿ ਏਨੀ ਮਿਹਨਤ ਕਰਵਾ ਕੇ ਆਪਣੇ ਬੱਚਿਆਂ ਨੂੰ ਸਾਡੇ ਕੋਲ ਪੜ੍ਹਾਈ ਲਈ। ਭੇਜਦੇ ਹਨ ਮਾਤਾ ਪਿਤਾ ਨੇ ਕਿਹਾ ਕਿ ਸਕੂਲ ਦਾ ਇਹ ਕਦਮ ਬਹੁਤ ਵਧੀਆ ਕਦਮ ਹੈ। ਇਸ ਮੌਕੇ ਤੇ ਅਕਾਦਮਿਕ ਜੋਨਲ ਵੀਨਸ ਗਰਗ ਮੈਡਮ, ਐਡਮਨਿਸਟਰੇਟਰ ਅਫਸਰ ਦਿਵਿਆ ਮੈਡਮ ਵਿਸ਼ੇਸ਼ ਰੂਪ ਚ ਹਾਜਿਰ ਸਨ।

# ਨਵੀਆਂ ਰਾਹਾਂ ਪ੍ਰੋਜੈਕਟ ਅਧੀਨ ਸਲੱਮ ਏਰੀਏ ਦੇ ਬੱਚਿਆਂ ਲਈ ਆਵਾਜਾਈ ਦੀ ਸਹੂਲਤ ਲਈ ਈ-ਰਿਕਸ਼ੇ ਵੰਡੇ

## ਸਲੱਮ ਏਰੀਏ ਦੇ ਗਰੀਬ 35 ਵਿਦਆਰਥੀਆਂ ਨੂੰ ਨੇੜਲੇ ਸਕੂਲਾਂ ਤੱਕ ਮੁਫ਼ਤ ਲੈ ਕੇ ਜਾਣ ਲਈ ਸਹਾਇਤਾ ਮਿਲੀ: ਅਨੁਪ੍ਰਿਤਾ ਜੌਹਲ



ਏ.ਡੀ.ਸੀ. ਦਿਹਾਤੀ ਵਿਕਾਸ ਅਨੁਪ੍ਰਿਤਾ ਜੌਹਲ ਨਵੀਆਂ ਰਾਹਾਂ ਪ੍ਰੋਜੈਕਟ ਅਧੀਨ ਸਲੱਮ ਏਰੀਏ ਦੇ ਬੱਚਿਆਂ ਲਈ ਆਵਾਜਾਈ ਦੀ ਸਹੂਲਤ ਲਈ ਈ-ਰਿਕਸ਼ੇ ਲਾਭਪਾਤਰੀਆਂ ਨੂੰ ਸੌਂਪਦੇ ਹੋਏ।

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲ ਸਿੱਖਿਆ ਤੋਂ ਵਾਂਝੇ ਤੇ ਪੜਾਈ ਛੱਡ ਚੁੱਕੇ ਬੱਚਿਆ ਨੂੰ ਮੁੜ ਸਕੂਲਾਂ ਤੱਕ ਪਹੁੰਚਾਉਣ ਦਾ ਟੀਚਾ ਹਾਸਲ ਕਰਨ ਲਈ ਪ੍ਰਾਜੈਕਟ ਨਵੀਆਂ ਰਾਹਾਂ ਸ਼ੁਰੂ ਕੀਤਾ ਗਿਆ ਸੀ, ਇਸ ਤਹਿਤ ਅੱਜ ਦੋ ਈ-ਰਿਕਸ਼ੇ ਵੰਡੇ ਗਏ। ਇੱਥੇ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਵਿਖੇ ਇੱਕ ਸਮਾਰੋਹ ਦੌਰਾਨ "ਪੜਨਾ ਹੈ - ਪੜ੍ਹਾਣਾ ਹੈ, ਸਭ ਨੂੰ ਨਾਲ ਲੈ ਕੇ ਜਾਣਾ ਹੈ" ਤਹਿਤ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਨੁਪ੍ਰਿਤਾ ਜੋਹਲ ਨੇ ਇਹ ਰਿਕਸ਼ੇ ਪ੍ਰਦਾਨ ਕਰਦਿਆਂ ਦੱਸਿਆ ਕਿ ਐਸ.ਸੀ. ਕਾਰਪੋਰੇਸ਼ਨ ਅਤੇ ਮਾਧਵ ਕੇ.ਆਰ.ਜੀ. ਐਨਵਾਇਰਮੈਂਟਲ ਸੋਲੂਸ਼ਨ ਪ੍ਰਾਇਵੇਟ ਲਿਮੀਟਡ ਪਿੰਡ ਅਕਾਲਗੜ੍ਹ, ਭਾਦਸੋਂ ਵੱਲੋਂ ਸੀ.ਐਸ.ਆਰ. ਫੰਡ ਤਹਿਤ 1 ਲੱਖ 18 ਹਜ਼ਾਰ ਰੁਪਏ ਦੇ ਸਹਿਯੋਗ ਸਦਕਾ 2 ਲੱਖ 36 ਹਜ਼ਾਰ ਰੁਪਏ ਨਾਲ ਖਰੀਦੇ 2 ਈ-ਰਿਕਸ਼ੇ ਲੋੜਵੰਦਾ ਲਾਭਪਾਤਰੀਆਂ ਨੂੰ ਪ੍ਰਦਾਨ ਕੀਤੇ ਗਏ ਹਨ।

ਅਨੁਪ੍ਰਿਤਾ ਜੋਹਲ ਨੇ ਲਾਭਪਾਤਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਜਿੱਥੇ ਇਹਨਾਂ ਲਾਭਪਾਤਰੀਆਂ ਨੂੰ ਆਜੀਵਿਕਾ ਦਾ ਨਵਾਂ ਉਪਰਾਲਾ ਮਿਲਿਆ ਹੈ, ਉਥੇ ਸਲੱਮ ਏਰੀਏ ਦੇ ਗਰੀਬ 35 ਵਿਦਆਰਥੀਆਂ ਨੂੰ ਨੇੜਲੇ ਸਕੂਲਾਂ ਤੱਕ ਮੁਫ਼ਤ ਲੈ ਕੇ ਜਾਣ ਲਈ ਸਹਾਇਤਾ ਮਿਲੀ ਹੈ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦੁਆਰਾ ਦੱਸਿਆ ਗਿਆ ਕਿ ਹੁਣ ਤੱਕ ਜਿਲ੍ਹਾ ਪ੍ਰਸ਼ਾਸ਼ਨ ਵੱਲੋ 30 ਈ-ਰਿਕਸ਼ੇ ਦਿੱਤੇ ਜਾ ਚੁੱਕੇ ਹਨ। ਇਸ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ, ਜ਼ਿਲ੍ਹਾ ਜੇਲ, ਨਾਭਾ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਵਿਸ਼ੇਸ਼ ਤੌਰ ਉਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

ਇਸ ਮੌਕੇ ਮਾਧਵ ਕੇ.ਆਰ.ਜੀ ਦੇ ਨੁਮਾਇੰਦੇ ਜੀ.ਐਮ. ਐਚ.ਆਰ. ਵਿਜੇ ਮੋਹਨ, ਸੀ.ਐਸ.ਆਰ. ਇੰਚਾਰਜ ਗੁਰਮੀਤ ਸਿੰਘ ਤੋ ਇਲਾਵਾ ਡੀ.ਪੀ.ਐਮ. ਗੀਨਾ ਰਾਣੀ, ਜ਼ਿਲ੍ਹਾ ਐਮ.ਆਈ.ਐਮ. ਰਵਿੰਦਰ ਸਿੰਘ, ਬੀ.ਪੀ.ਐਮ ਵਰੁਨ ਪ੍ਰਾਸ਼ਰ, ਪ੍ਰਿੰਸੀਪਲ ਸੁਮਨ ਲਤਾ ਅਤੇ ਹੋਰ ਵੀ ਮੌਜੂਦ ਸਨ।

# ਸਰਦੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਮੱਛੀ ਪਾਲਣ ਵਿਭਾਗ ਵਲੋਂ ਜਲ-ਜੀਵਾਂ ਦੀ ਸਾਂਭ-ਸੰਭਾਲ ਸਬੰਧੀ ਐਡਵਾਇਜ਼ਰੀ ਜਾਰੀ

**ਮਲੇਰਕੋਟਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਦੀਆਂ ਦੇ ਮੌਸਮ ਨੂੰ ਧਿਆਨ ਚ ਰੱਖਦੇ ਹੋਏ ਜ਼ਿਲ੍ਹੇ ਦੇ ਮੱਛੀ ਪਾਲਕਾਂ ਨੂੰ ਸਰਦੀਆਂ ਦੌਰਾਨ ਜਲ-ਜੀਵਾਂ, ਜਿਨ੍ਹਾਂ ਨੂੰ ਸਰਦੀਆਂ ਵਿੱਚ ਵਿਸ਼ੇਸ਼ ਦੇਖਭਾਲ ਦੀ ਲੋੜ ਹੁੰਦੀ ਹੈ, ਦੀ ਸਾਂਭ ਸੰਭਾਲਣ ਬਾਰੇ ਜਾਗਰੂਕ ਕਰਦਿਆਂ ਸਹਾਇਕ ਡਾਇਰੈਕਟਰ ਚਰਨਜੀਤ ਸਿੰਘ ਕਿਹਾ ਕਿ ਅਕਸਰ ਸਰਦੀਆਂ ਦੇ ਦਿਨਾਂ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਇਸ ਲਈ ਮੱਛੀ ਪਾਲਕ ਸਰਦੀਆਂ ਦੇ ਦਿਨਾਂ ਵਿੱਚ ਇਸ ਦੀ ਕਮੀ ਨੂੰ ਨੂੰ ਪੂਰਾ ਕਰਨ ਲਈ ਸਵੇਰੇ ਤਲਾਬ ਵਿੱਚ ਤਾਜਾ ਪਾਣੀ ਪਾਉਣ ਜਾਂ ਏਰੀਏਟਰਾਂ ਦੀ ਵਰਤੋਂ ਕਰਨ ਅਤੇ ਤਲਾਬ ਵਿੱਚ ਪਾਣੀ ਦੇ ਪੀ.ਐਚ.ਪੱਧਰ ਦੀ ਨਿਯਮਤ ਨਿਗਰਾਨੀ ਰੱਖਣ। ਉਨ੍ਹਾਂ ਹੋਰ ਕਿਹਾ ਕਿ ਉਹ ਤਲਾਅ ਵਿੱਚ ਪਾਣੀ ਦਾ ਪੱਧਰ 6 ਤੋਂ 7 ਫੁੱਟ ਦਰਮਿਆਨ ਰੱਖਣ ਨੂੰ ਤਰਜੀਹ ਦੇਣ ਤਾਂ ਜੋ ਹੇਠਲੇ ਗਰਮ ਜ਼ੋਨ ਵਿੱਚ ਹਾਈਬਰਨੇਸ਼ਨ ਵਾਸਤੇ ਮੱਛੀਆਂ ਨੂੰ ਲੋੜੀਂਦੀ ਜਗ੍ਹਾ ਮੁਹੱਈਆ ਹੋ ਸਕੇ।

ਉਨ੍ਹਾਂ ਮੱਛੀ ਪਾਲਕਾਂ ਨੂੰ ਆਪਣੇ ਫਾਰਮਾਂ ਵਿੱਚ ਆਕਸੀਜਨ ਦੀਆਂ ਗੋਲੀਆਂ ਜਾਂ ਪਾਊਡਰ ਰੱਖਣ ਦੀ ਸਲਾਹਵੀ ਦਿੱਤੀ ਹੈ। ਇਸ ਤੋਂ ਇਲਾਵਾ ਸਰਦੀਆਂ ਦੇ ਮੌਸਮ ਦੌਰਾਨ ਫਿਨ ਰੌਟ, ਗਿਲ ਰੌਟ, ਈ.ਯੂ.ਐਸ. ਅਤੇ ਆਰਗੂਲੋਸਿਸ ਵਰਗੀਆਂ ਬਿਮਾਰੀਆਂ ਦੇ ਵਧੇਰੇ ਜ਼ੋਖ਼ਮ ਨਾਲ ਪ੍ਰਭਾਵਿਤ ਹੋ ਸਕਣ ਵਾਲੀਆਂ ਮੱਛੀਆਂ ਨੂੰ ਬਚਾਉਣ ਲਈ ਤਲਾਬ ਵਿੱਚ 400 ਮਿਲੀਲੀਟਰ ਪ੍ਰਤੀ ਏਕੜ ਸੀ.ਆਈ.ਐਫ.ਏ.ਐਕਸ. ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

# ਗੋਨਿਆਣਾ ਪੁਲਿਸ ਵੱਲੋਂ ਨਕਲੀ ਵਿਧਾਇਕ ਬਣਕੇ ਫੋਨ ਕਰਨ ਵਾਲਾ ਕਾਬੂ

**ਬਠਿੰਡਾ 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਜ਼ਿਲ੍ਹੇ ਦੇ ਅਧੀਨ ਆਉਂਦੇ ਥਾਣਾ ਨੇਹੀਆਂ ਵਾਲਾ ਵਿੱਚ ਪੈਂਦੀ ਗੋਨਿਆਣਾ ਪੁਲਿਸ ਚੌਕੀ ਦੇ ਚੋਂਕੀ ਇੰਚਾਰਜ ਮੋਹਨਦੀਪ ਸਿੰਘ ਨੂੰ ਮਿਤੀ 23 ਦਸੰਬਰ ਨੂੰ ਇਕ ਵਿਅਕਤੀ ਫੋਨ ਕਰਕੇ ਕਹਿੰਦਾ ਹੈ ਕਿ ਤੁਹਾਡੇ ਨਾਲ ਹਲਕਾ ਭੁੱਚੋ ਦੇ ਵਿਧਾਇਕ ਗੱਲ ਕਰਨਗੇ, ਉਸਨੇ ਅੱਗੇ ਮਾਸਟਰ ਜਗਸੀਰ ਸਿੰਘ ਹਲਕਾ ਵਿਧਾਇਕ ਬਣਕੇ ਗੱਲ ਕਰਨੀ ਸ਼ੁਰੂ ਕੀਤੀ ਅਤੇ ਧਮਕਾਉਣ ਵਾਲੇ ਲਹਿਜ਼ੇ ਵਿੱਚ ਬੋਲਦਿਆਂ ਕਿਹਾ ਕਿ ਤੁਸੀ ਸਾਡੇ ਵਰਕਰਾਂ ਨਾਲ ਧੱਕਾ ਕਰ ਰਹੇ ਹੋ ਤੇ ਸਾਡੇ ਪੁੱਛਣ ਤੋਂ ਬਿਨਾ ਤੁਸੀ ਸਾਡੇ ਵਰਕਰਾਂ ਖ਼ਿਲਾਫ਼ ਕਾਰਵਾਈ ਕਿਉਂ ਕੀਤੀ ਅਗੋ ਚੌਂਕੀ ਇੰਚਾਰਜ ਸਬ ਇੰਸਪੈਕਟਰ ਮੋਹਨਦੀਪ ਸਿੰਘ ਨੇ ਕਿਹਾ ਕਿ ਇਹ ਕਾਰਵਾਈ ਥਾਣਾ ਨੇਹੀਆਂ ਵਾਲੇ ਦੇ ਐਸ. ਐਚ.ਓ. ਵੱਲੋ ਰੋਕੂ ਕਾਰਵਈ ਤਹਿਤ ਕਲੰਦਰਾ ਐਸ. ਡੀ.ਐਮ. ਬਠਿੰਡਾ ਦੀ ਅਦਾਲਤ ਵਿੱਚ ਪੇਸ਼ ਕੀਤਾ ਹੈ ਅਗੋ ਫੋਨ ਕਰਨ ਵਾਲੇ ਨੇ ਚੋਂਕੀ ਇੰਚਾਰਜ ਦਾ ਨਾਮ ਲੈਂਕੇ



ਕਿਹਾ ਕਿ ਤੂੰ ਸਾਡੇ ਹੁਕਮ ਤੋਂ ਬਿਨਾਂ ਕਲੰਦਰਾ ਕਿਵੇ ਦਿੱਤਾ ਅਤੇ ਹੋਰ ਵੀ ਰੋਹਬ ਮਾਰਿਆ, ਜਦੋਂ ਚੌਂਕੀ ਇੰਚਾਰਜ ਨੂੰ ਸ਼ੱਕ ਹੋਇਆ ਕਿ ਇਹ ਮਾਸਟਰ ਜਗਸੀਰ ਸਿੰਘ ਦੀ ਆਵਾਜ਼ ਨਹੀਂ ਹੈ ਤਾਂ ਓਹਨਾ ਨੇ ਆਪਣੇ ਪੱਧਰ ਤੇ ਪੜਤਾਲ ਸ਼ੁਰੂ ਕੀਤੀ ਤੇ ਓਹਨਾ ਨੂ ਪਤਾ ਲੱਗਿਆ ਕਿ ਮਾਸਟਰ ਜਗਸੀਰ ਸਿੰਘ ਤਾਂ ਪਟਨਾ ਸਾਹਿਬ ਦੇ ਦਰਸ਼ਨ ਕਰਨ ਗਏ ਹੋਏ ਹਨ ਤਾਂ ਇਸ ਮਗਰੋਂ ਇਸ ਦੀ ਭਾਲ ਸ਼ੁਰੂ ਕੀਤੀ ਗਈ ਤੇ ਮੁੱਕਦਮਾ ਨੰਬਰ 180 ਮਿਤੀ 25-12-2024 ਨੂੰ ਅੰਡਰ ਸੈਕਸ਼ਨ 204 / 221 (ਬੀ.ਐਨ.ਐਸ) ਦਰਜ਼ ਕਰਕੇ ਸਬ ਇੰਸਪੈਕਟਰ ਅਵਤਾਰ ਸਿੰਘ ਨੇ ਹਰਵਿੰਦਰ ਸਿੰਘ ਪੁੱਤਰ ਇੱਕਬਾਲ ਸਿੰਘ ਵਾਸੀ ਪਿੰਡ ਦਾਨ ਸਿੰਘ ਵਾਲਾ ਨੂੰ ਗ੍ਰਿਫ਼ਤਾਰ ਕੀਤਾ।

# ਪੋਹ ਦੀ ਠੰਡ ਦੇ ਬਾਵਜੂਦ ਸ਼ਰਧਾਵਾਨ ਸਿੱਖ ਸੰਗਤਾਂ ਸਮੂਲੀਅਤ ਕਰਦਿਆਂ ਨੇ ਜਵੱਦੀ ਟਕਸਾਲ ਵਿਖੇ ਸ਼ਾਮ ਦੇ ਸਮਾਗਮਾਂ 'ਚ

**ਲੁਧਿਆਣਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਵਕਤ ਦੇ ਹਾਲਾਤਾਂ ਅਤੇ ਭਵਿੱਖ ਦੀਆਂ ਚਣੌਤੀਆਂ ਦੇ ਮੱਦੇਨਜ਼ਰ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਵੱਦੀ ਟਕਸਾਲ ਦੀ ਸਥਾਪਨਾ ਕਰਕੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਅਤੇ ਅਸਲ ਪੁਰਾਤਨ ਗੁਰਮਤਿ ਸੰਗੀਤ ਦੀ ਮੁੜ ਬਹਾਲੀ ਲਈ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ ਤੋਂ ਅਣਥੱਕ ਸੇਵਾਵਾਂ ਨਿਭਾਈਆਂ।

ਮਹਾਂਪੁਰਸ਼ਾਂ ਦੇ ਸਦੀਵੀ ਵਿਛੋੜੇ ਉਪਰੰਤ ਉਨ੍ਹਾਂ ਦੇ ਜਾਨਸ਼ੀਨ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਮਹਾਂਪੁਰਸ਼ਾਂ ਦੇ ਅਰੰਭੇ ਕਾਰਜ਼ਾਂ ਨੂੰ ਨਿਭਾਉਣ ਲਈ ਨਿਰੰਤਰ ਕਾਰਜਸ਼ੀਲ ਹਨ। ਮਹਾਂਪੁਰਸ਼ਾਂ ਵਲੋਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਲੰਘੀ 21 ਤਰੀਕ ਤੋਂ ਚਮਕੌਰ ਸਾਹਿਬ ਦੀ ਜੰਗ ਚ ਸ਼ਹੀਦ ਹੋਣ ਵਾਲੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸਮੇਤ ਸਿੱਖ ਸੂਰਬੀਰ ਯੋਧਿਆਂ ਅਤੇ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਜੁਝਾਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ, ਮਾਤਾ ਗੁਜਰ ਕੌਰ ਅਤੇ ਹੋਰ ਸੂਰਬੀਰ ਸ਼ਹੀਦਾਂ ਯੋਧਿਆਂ ਦੀ ਲਾਸਾਨੀ ਸ਼ਹਾਦਤ ਦੇ ਸਬੰਧ ਵਿੱਚ ਰੋਜ਼ਾਨਾ ਸ਼ਾਮ ਨੂੰ ਨਾਮ ਸਿਮਰਨ ਸਮਾਗਮ ਕਰਵਾਇਆ ਜਾਂਦਾ ਹੈ।

ਬਾਬਾ ਜੀ ਨੇ ਸ਼੍ਰੀ ਅਨੰਦਪੁਰ ਸਾਹਿਬ, ਸਰਸਾ ਦੇ ਕੰਢੇ, ਚਮਕੌਰ ਸਾਹਿਬ ਆਦਿ ਯੁੱਧਾਂ ਅਤੇ ਸਰਹੰਦ ਦੀ ਦੀਵਾਰ ਦੇ ਇਤਿਹਾਸਕ ਹਵਾਲਿਆਂ ਦਿੰਦਿਆਂ ਫ਼ੁਰਮਾਇਆ ਕਿ ਸਿੱਖ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਜੇ ਦੁਨੀਆ ਦੇ ਇਤਿਹਾਸ ਨੂੰ ਇਕ ਪਾਸੇ ਰੱਖ ਲਈਏ ਤਾਂ ਵੀ ਸਿੱਖ ਸ਼ਹੀਦਾਂ ਦੀ ਗਿਣਤੀ ਦੇ ਬਰਾਬਰ ਇਹ ਗਿਣਤੀ ਨਹੀਂ ਪੁੱਜਦੀ। ਸਿੱਖ ਇਤਿਹਾਸ ਦੀਆਂ ਮਹਾਨਤਾ ਨੂੰ ਦੂਜਿਆਂ ਕੌਮਾਂ ਦੇ ਇਤਿਹਾਸਕਾਰਾਂ ਨੇ ਵੀ ਮੰਨਿਆ ਹੈ। ਬਾਬਾ ਜੀ ਨੇ ਅਜੋਕੇ ਹਾਲਤਾਂ ਅਤੇ ਚਣੌਤੀਆਂ ਦਾ ਜਿਕਰ ਕਰਦਿਆਂ ਸਮਝਾਇਆ ਕਿ ਸਾਨੂੰ ਅਜੋਕੀਆਂ ਕੌਮੀ ਚਣੌਤੀਆਂ ਦੇ ਬਾਵਜ਼ੂਦ ਵੀ ਚੜ੍ਹਦੀ ਕਲਾ ਕਰੀਮ ਰੱਖਣੀ ਚਾਹੀਦੀ ਹੈ, ਕਿਉਕਿ ਸਾਡੇ ਕੋਲ ਏਨ੍ਹਾ ਉੱਚਾ ਤੇ ਮਹਾਨ ਵਿਰਸੇ ਤੇ ਦਰਸ਼ਨ ਹੈ।

# ਨੈਸ਼ਨਲ ਐਂਟੀ ਕਰੱਪਸ਼ਨ ਐਂਡ ਕ੍ਰਾਈਮ ਬਿਓਰੋ ਗਿੱਦੜਬਾਹਾ ਦੀ ਅਹਿਮ ਮੀਟਿੰਗ ਹੋਈ



**ਗਿੱਦੜਬਾਹਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਐਂਟੀ ਕਰੱਪਸ਼ਨ ਐਂਡ ਕ੍ਰਾਈਮ ਬਿਓਰੋ ਰਜਿ ਗਿੱਦੜਬਾਹਾ ਦੀ ਅਹਿਮ ਮੀਟਿੰਗ ਸੰਸਥਾ ਵੱਲੋਂ ਚੱਲ ਰਹੀ ਨੇਕੀ ਦੀ ਦੁਕਾਨ ਵਿਖੇ ਹੋਈ, ਜਿਸ ਵਿਚ ਲਗਭਗ 24 ਦਿਨਾਂ ਤੋਂ ਠੰਡ ਦੇ ਮੌਸਮ ਕਾਰਨ ਗਰੀਬ ਅਤੇ ਜ਼ਰੂਰਤਮੰਦ ਲੋਕਾਂ ਨੂੰ ਗਰਮ ਕਪੜੇ ਵੰਡਣ ਦੀ ਸੰਸਥਾ ਵੱਲੋਂ ਚਲਾਈ ਜਾ ਰਹੀ ਮੁਫ਼ਤ ਸਟਾਲ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਸੰਸਥਾ ਕਾਰਜਕਾਰੀ ਪ੍ਰਧਾਨ ਉਮੇਸ਼ ਮੋਗਾ ਵੱਲੋਂ ਬਤੌਰ ਕਾਰਜਕਾਰੀ ਪ੍ਰਧਾਨ ਅਸਤੀਫਾ ਦਿੱਤਾ ਗਿਆ, ਜਿਸ ਦੇ ਮੱਦੇਨਜਰ ਚੋਣ ਪ੍ਰਕਿਰਿਆ ਨੂੰ ਵੀ ਅਮਲੀ ਰੂਪ ਦਿੱਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਸੰਸਥਾ ਦੇ ਰਾਜੇਸ਼ ਬਾਂਸਲ ਨੇ ਦੱਸਿਆ ਕਿ ਸੰਸਥਾ ਵੱਲੋਂ ਕਾਰਜਕਾਰੀ ਪ੍ਰਧਾਨ ਦਾ ਅਸਤੀਫ਼ਾ ਮੰਜ਼ੂਰ ਕਰਕੇ ਸਰਵਸੰਮਤੀ ਨਾਲ ਪ੍ਰਦੀਪ ਸ਼ਰਮਾ, ਉਮੇਸ਼ ਮੋਗਾ, ਰਾਜੇਸ਼ ਬਾਂਸਲ ਦੀ ਚੋਣ ਕਰਕੇ ਸੰਸਥਾ ਦੀ ਤਿੰਨ ਮੈਂਬਰੀ ਕਾਰਜਕਾਰਨੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸੁਖਪਾਲ ਸ਼ਰਮਾ, ਸਰਪ੍ਰਸਤ ਬਨਾਇਆ ਗਿਆ। ਉਨ੍ਹਾਂ ਦੱਸਿਆ ਕਿ ਹੋਰ ਪ੍ਰੀਕ੍ਰਿਆਵਾ ਨੂੰ ਪੂਰਾ ਕਰਨ ਲਈ ਸਮੂਹ ਮੈਂਬਰਾਂ ਦੀ ਮੀਟਿੰਗ ਇਸੇ ਤਰ੍ਹਾਂ ਕਰਕੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਮੌਕੇ ਰਵੀ ਸਿੰਗਲਾ, ਦਿਨੇਸ਼ ਮਾਨਕਟਾਲਾ, ਉਮੇਸ਼ ਮੋਗਾ, ਦਵਿੰਦਰ ਸਿੰਗਲਾ, ਪ੍ਰਦੀਪ ਸ਼ਰਮਾ, ਰਿਸੂ ਸਿੰਗਲਾ, ਭੀਸ਼ਮ ਜੱਗਾ, ਓਮ ਪ੍ਰਕਾਸ਼ ਰਿਟਾਇਰ ਮਿਊਸਪਲ ਕਮੇਟੀ ਅਤੇ ਰਾਜੇਸ਼ ਬਾਂਸਲ ਆਦਿ ਮੈਂਬਰ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਦੇ ਨੁਮਾਇੰਦਿਆਂ ਨੇ ਗਿੱਦੜਬਾਹਾ ਬਲਾਕ ਦੇ ਸਮੂਹ ਖਾਦ, ਕੀੜੇਮਾਰ ਦਵਾਈਆਂ ਅਤੇ ਬੀਜ ਵਿਕਰੇਤਾਵਾਂ ਨਾਲ ਕੀਤੀ ਮੀਟਿੰਗ

**ਗਿੱਦੜਬਾਹਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਮੁਕਤਸਰ ਸਾਹਿਬ ਦੇ ਮੁੱਖ ਖੇਤੀਬਾੜੀ ਅਫਸਰ ਡਾ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਬਲਾਕ ਗਿੱਦੜਬਾਹਾ ਦੇ ਸਮੂਹ ਖਾਦ, ਬੀਜ, ਕੀੜੇਮਾਰ ਦਵਾਈਆਂ ਵਿਕਰੇਤਾਵਾਂ ਦੇ ਸਮੂਹ ਡੀਲਰ ਨਾਲ਼ ਮੀਟਿੰਗ ਕੀਤੀ ਗਈ। ਇਸ ਮੌਕੇ ਤੇ ਸ਼ੁਰੂਆਤ ਵਿੱਚ ਮਨਿੰਦਰਦੀਪ ਸਿੰਘ ਖੇਤੀਬਾੜੀ ਵਿਭਾਗ ਅਫਸਰ ਪੀ ਪੀ ਗਿੱਦੜਬਾਹਾ ਨੇ ਉੱਚ ਅਧਿਕਾਰੀਆਂ ਤੋਂ ਪ੍ਰਾਪਤ ਨਵੀਆਂ ਹਦਾਇਤਾਂ ਬਾਰੇ ਜਾਣੂ ਕਰਵਾਇਆ ਗਿਆ। ਜਿਵੇਂ ਕਿ ਜਿੰਨਾ ਖਾਦ ਅਤੇ ਬੀਜ ਲਾਇਸੰਸਾ ਦੀ ਮਿਆਦ ਮਿਤੀ 31-12- 2024 ਨੂੰ ਖਤਮ ਹੋਣ ਵਾਲੀ ਹੈ, ਉਕਤ ਲਾਇਸੰਸਾ ਨੂੰ ਸਮੇਂ ਸਿਰ ਰੀਨਿਊ ਅਤੇ ਲਾਇਸੰਸ ਵਿੱਚ ਅਧਿਕਾਰ ਪੱਤਰ ਦਰਜ ਕਰਵਾਉਣ ਲਈ ਦੱਸਿਆ ਗਿਆ।

ਜਸ਼ਨਦੀਪ ਸਿੰਘ ਖੇਤੀਬਾੜੀ ਵਿਭਾਗ ਅਫਸਰ ਇਨਫੋਰਸਮੈਂਟ ਹੈਡ ਕੁਆਟਰ ਸ੍ਰੀ ਮੁਕਤਸਰ ਸਾਹਿਬ ਨੇ ਸਮੂਹ ਡੀਲਰਾ ਨੂੰ ਹਦਾਇਤ ਕੀਤੀ ਗਈ ਕਿ ਖਾਦ ਦੇ ਮੰਨਜ਼ੂਰਸ਼ੁਦਾ ਗਡਾਉਨਾ ਵਿੱਚ ਹੀ ਖਾਦ ਸਟੋਰ ਕੀਤੀ ਜਾਵੇ ਅਤੇ ਲਾਇਸੰਸ ਵਿੱਚ ਅਧਿਕਾਰ ਪੱਤਰ ਦਰਜ ਕੀਤੇ ਬਿਨਾਂ ਕਿਸੇ ਵੀ ਪ੍ਰਕਾਰ ਦੀ ਵਿਕਰੀ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਜੇਕਰ ਕਿਸੇ ਵੀ ਡੀਲਰ ਪਾਸ ਯੂਰੀਆ ਅਤੇ ਡੀ ਏ ਪੀ ਖਾਦ ਪ੍ਰਾਪਤ ਹੁੰਦੀ ਹੈ ਤਾਂ ਉਸ ਦੀ ਸੂਚਨਾ ਤੁਰੰਤ ਬਲਾਕ ਦਫਤਰ ਵਿਖੇ ਦੇਣੀ ਯਕੀਨੀ ਬਣਾਈ ਜਾਵੇ। ਖਾਦ ਦੀ ਵਿਕਰੀ ਪੀ ਓ ਐਸ ਮਸ਼ੀਨ ਰਾਹੀਂ ਕਰਨੀ ਯਕੀਨੀ ਬਣਾਈ ਜਾਵੇ। ਇਸ ਮੀਟਿੰਗ ਵਿੱਚ ਮੁੱਖ ਖੇਤੀਬਾੜੀ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਨੇ ਸਮੂਹ ਡੀਲਰ ਨੂੰ ਹਦਾਇਤ ਕੀਤੀ ਕਿ ਬਿਨਾਂ ਕਿਸੇ ਕਾਰਨ ਯੂਰੀਆ ਖਾਦ ਦੀ ਸਟੋਰੇਜ ਨਾ ਕੀਤੀ ਜਾਵੇ, ਕਿਸੇ ਵੀ ਡੀਲਰ ਵੱਲੋਂ ਯੂਰੀਆ ਖਾਦ ਨਾਲ ਕੋਈ ਵੀ ਬੇਲੋੜੀ ਟੈਗਿੰਗ ਨਾ ਕੀਤੀ ਜਾਵੇ ਅਤੇ ਛੋਟੇ ਕਿਸਾਨਾਂ ਨੂੰ ਪਹਿਲ ਦੇ ਆਧਾਰ ਤੇ ਖਾਦ ਦੇਣੀ ਯਕੀਨੀ ਬਣਾਈ ਜਾਵੇ।

ਇਸ ਤੋਂ ਇਲਾਵਾ ਜੇਕਰ ਕੋਈ ਵੀ ਡੀਲਰ ਫਰਮ ਟੈਗਿੰਗ, ਬੇਲੋੜੀ ਸਟੋਰੇਜ ਕਰਦਾ ਪਾਇਆ ਗਿਆ ਤਾਂ ਉਸ ਫਰਮ ਵਿਰੁੱਧ ਸਖ਼ਤ ਤੋਂ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਅੰਤ ਵਿੱਚ ਜਗਮੋਹਨ ਸਿੰਘ ਸਹਾਇਕ ਕਪਾਹ ਵਿਸਥਾਰ ਅਫਸਰ ਗਿੱਦੜਬਾਹਾ ਵੱਲੋਂ ਸਾਰੇ ਅਧਿਕਾਰੀਆਂ ਅਤੇ ਸਮੂਹ ਡੀਲਰਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਮੂਹ ਡੀਲਰਾ ਤੋਂ ਇਲਾਵਾ ਵਿਭਾਗ ਦੇ ਕਰਮਚਾਰੀ ਵੀ ਹਾਜ਼ਰ ਸਨ।

# ਡੱਲੇਵਾਲ ਦਾ ਇੱਕ ਗਰੀਬ ਪਰਿਵਾਰ ਪੈਸੇ ਦੀ ਘਾਟ ਕਾਰਨ ਇਲਾਜ ਕਰਵਾਉਣ ਤੋਂ ਅਸਮਰੱਥ

**ਗੜ੍ਹਸ਼ੰਕਰ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁਸੀਬਤ ਕਿਸੇ ਨੂੰ ਦੱਸ ਕੇ ਨਹੀਂ ਆਉਂਦੀ ਤੇ ਮੁਸੀਬਤ ਸਮੇਂ ਅਗਰ ਹਾਲ ਕੋਈ ਨਾ ਪੁੱਛੇ ਤਾਂ ਮੁਸੀਬਤ ਪਹਾੜ ਬਣ ਜਾਂਦੀ ਹੈ। ਇਸ ਤਰਾਂ ਦਾ ਮਾਮਲਾ ਬੀਤ ਇਲਾਕੇ ਦੇ ਪਿੰਡ ਡੱਲੇਵਾਲ ਦਾ ਹੈ। ਇੱਥੇ 33 ਸਾਲ ਦੀ ਮੀਨਾ ਕੁਮਾਰੀ ਦਾ ਵਿਆਹ 15 ਸਾਲ ਪਹਿਲਾਂ ਹੋਇਆ ਸੀ, ਜਿਸ ਦਾ ਪਤੀ ਪੇਂਟ ਦਾ ਕੰਮ ਕਰਦਾ ਸੀ।

10 ਸਾਲ ਪਹਿਲਾਂ ਬਲਜੀਤ ਕੁਮਾਰ ਦੀ ਲੱਤ 'ਚ ਕੀੜੇ ਪੈ ਗਏ ਸਨ, ਜਿਸ ਦਾ ਇਲਾਜ ਸਥਾਨਕ ਡਾਕਟਰ ਤੋਂ ਕਰਵਾਇਆ ਗਿਆ ਸੀ ਅਤੇ ਹੁਣ ਬਲਜੀਤ ਕੁਮਾਰ ਪਿਛਲੇ 2 ਸਾਲਾਂ ਤੋਂ ਮੰਜੇ 'ਤੇ ਪਿਆ ਹੈ। ਬਲਜੀਤ ਕੁਮਾਰ ਦੇ 2 ਬੇਟੇ ਹਨ ਅਤੇ ਵੱਡੇ ਬੇਟੇ ਦੀ ਉਮਰ 13 ਸਾਲ ਹੈ ਜਿਸ ਦਾ ਅਪੈਂਡਿਕਸ ਦਾ ਅਪ੍ਰੇਸ਼ਨ ਹੋਣਾ ਹੈ ਅਤੇ ਛੋਟੇ ਬੇਟੇ ਦੀ ਉਮਰ 11 ਸਾਲ ਦੀ ਹੈ ਅਤੇ ਪਤਨੀ ਮੀਨਾ ਕੁਮਾਰੀ ਕਿਸੇ ਦੇ ਘਰ ਬਰਤਨ ਸਾਫ਼ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਹੀ ਹੈ। ਮੀਨਾ ਕੁਮਾਰੀ ਨੇ ਦੱਸਿਆ ਕਿ ਅੱਜ ਤੱਕ ਕਿਸੇ ਨੇ ਸਾਡੀ ਗੱਲ ਨਹੀਂ ਸੁਣੀ, ਅਸੀਂ ਸਾਰੇ ਸਰਪੰਚਾਂ ਨੂੰ ਅਸੀ ਪਤੀ ਦਾ ਇਲਾਜ ਕਰਵਾਉਣ ਲਈ ਕਹਿ ਚੁੱਕੇ ਹਾਂ ਪਰ ਇਹ ਸਭ ਕਹਿ ਕੇ ਚਲੇ ਗਏ ਪਰ ਕਿਸੇ ਨੇ ਅੱਜ ਤੱਕ ਮਦਦ ਨਹੀਂ ਕੀਤੀ। ਰਾਸ਼ਨ ਕਾਰਡ ਵੀ 15 ਸਾਲ ਬਾਅਦ ਬਣਿਆ ਹੈ, ਉਸ ਦੀ ਰਸੀਦ ਹੀ ਸਾਨੂੰ ਮਿਲੀ ਹੈ ਅਤੇ ਕਾਰਡ ਅਜੇ ਤੱਕ ਨਹੀਂ ਮਿਲਿਆ। ਮੀਨਾ ਕੁਮਾਰੀ ਨੇ ਦੱਸਿਆ ਕਿ ਮੇਰੇ ਪਤੀ ਬਲਜੀਤ ਕੁਮਾਰ ਦਾ ਹੁਣ ਪੀ.ਜੀ.ਆਈ ਚੰਡੀਗੜ੍ਹ ਵਿਖੇ ਇਲਾਜ ਚੱਲ ਰਿਹਾ ਹੈ, ਪਰ ਪੈਸੇ ਦੀ ਕਮੀ ਕਾਰਨ ਅਸੀਂ ਪੀ.ਜੀ.ਆਈ ਚੰਡੀਗੜ੍ਹ ਨਹੀਂ ਜਾ ਸਕਦੇ ਕਿਉਂਕਿ ਇਸ 'ਤੇ ਕਾਫੀ ਖਰਚਾ ਆਉਂਦਾ ਹੈ ਅਤੇ ਅਸੀਂ ਸਥਾਨਕ ਡਾਕਟਰ ਤੋਂ ਦਵਾਈ ਲੈਣ ਲਈ ਮਜਬੂਰ ਹਾਂ। ਮੀਨਾ ਕੁਮਾਰੀ ਨੇ ਸਰਕਾਰ ਤੋਂ ਖੁਹਾਰ ਲਗਾਈ ਹੈ ਕਿ ਮੇਰੇ ਪਤੀ ਅਤੇ ਮੇਰੇ ਵੱਡੇ ਪੁੱਤਰ ਦਾ ਇਲਾਜ ਕਰਵਾਉਣ ਵਿੱਚ ਸਾਡੀ ਮਦਦ ਕੀਤੀ ਜਾਵੇ। ਮੀਨਾ ਕੁਮਾਰੀ ਨੇ ਭਰੇ ਮਨ ਨਾਲ ਦੱਸਿਆ ਕਿ ਕਈ ਵਾਰ ਸਾਡੇ ਕੋਲ ਰੋਟੀ ਖਾਣ ਲਈ ਵੀ ਪੈਸੇ ਨਹੀਂ ਹੁੰਦੇ।

# ਪਲੇਸਮੈਂਟ ਕੈਂਪ 31 ਦਸੰਬਰ ਨੂੰ : ਡਿਪਟੀ ਕਮਿਸ਼ਨਰ

**ਬਠਿੰਡਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਇੰਦਰਾ ਇੰਨਫਰਾਟੈਕ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ 31 ਦਸੰਬਰ 2024 ਨੂੰ ਸਥਾਨਕ ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਸ਼੍ਰੀ ਸੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਇੰਦਰਾ ਇੰਨਫਰਾਟੈਕ ਪ੍ਰਾਈਵੇਟ ਲਿਮਟਿਡ ਵੱਲੋਂ ਸੀਨੀਅਰ ਅਕਾਊਟੈਂਟ, ਲੀਗਲ ਅਸਿਸਟੈਂਟ, ਸਾਈਟ ਇੰਜੀਨੀਅਰ, ਅਕਾਊਂਟ ਅਸਿਸਟੈਂਟ, ਮੇਨਟੀਨੈਂਸ ਮੈਨੇਜਰ, ਸੀ.ਆਰ.ਐਮ. ਸੇਲਜ਼ ਐਗਜ਼ੀਕਿਊਟਿਵ, ਸੇਲਜ਼ ਕਲਰਕ, ਸਿਸਟਮ ਇੰਪਲੀਮੈਂਟਰ, ਕੰਪਿਊਟਰ ਅਪਰੇਟਰ ਦੀਆਂ ਅਸਾਮੀਆਂ ਲਈ ਲੜਕੇ ਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾ ਅਸਾਮੀਆਂ ਲਈ ਯੋਗਤਾ ਸਬੰਧਤ ਵਿਸ਼ੇ ਨਾਲ ਡਿਪਲੋਮਾ ਜਾਂ ਗਰੈਜੂਏਸ਼ਨ ਹੋਣੀ ਜ਼ਰੂਰੀ ਹੈ ਅਤੇ ਉਮਰ ਹੱਦ 22 ਤੋਂ 35 ਸਾਲ ਰਹੇਗੀ। ਇਨ੍ਹਾਂ ਅਸਾਮੀਆਂ ਲਈ ਤਨਖਾਹ 15 ਤੋਂ 35 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੋਵੇਗੀ।

ਜ਼ਿਲ੍ਹਾ ਰੋਜਗਾਰ ਅਫਸਰ ਸ਼੍ਰੀਮਤੀ ਅੰਕਿਤਾ ਅਗਰਵਾਲ ਨੇ ਦੱਸਿਆ ਕਿ ਉਕਤ ਅਸਾਮੀਆਂ ਲਈ ਪ੍ਰਾਰਥੀ ਆਪਣੇ ਨਾਲ ਆਪਣਾ ਬਾਇਓਡਾਟਾ, ਵਿਦਿਅਕ ਯੋਗਤਾ ਦੇ ਸਰਟੀਫਿਕੇਟ, ਅਧਾਰ ਕਾਰਡ, ਪੈਨ ਕਾਰਡ ਆਦਿ ਲੈ ਕੇ 31 ਦਸੰਬਰ 2024 ਨੂੰ ਸਵੇਰੇ 10 ਵਜੇ ਸਥਾਨਕ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਨੇੜੇ ਚਿਲਡਰਨ ਪਾਰਕ ਵਿਖੇ ਪਹੁੰਚ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇੰਟਰਵਿਊ 'ਤੇ ਆਉਣ ਤੋਂ ਪਹਿਲਾਂ ਪ੍ਰਾਰਥੀ ਫਾਰਮਲ ਡਰੈੱਸ ਵਿੱਚ ਆਉਣਾ ਯਕੀਨੀ ਬਣਾਉਣ ਅਤੇ ਇਨ੍ਹਾਂ ਅਸਾਮੀਆਂ ਲਈ ਪ੍ਰਾਰਥੀ ਦਫਤਰ ਦੇ ਟੈਲੀਗ੍ਰਾਮ ਚੈਨਲ ਡੀ.ਬੀ.ਈ.ਈ. ਬਠਿੰਡਾ ਨੂੰ ਜੁਆਇੰਨ ਕਰ ਸਕਦੇ ਹਨ।

# ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦਾ ਜਨਮ ਦਿਨ ਮਨਾਇਆ

**ਮਲੌਟ 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਜੀ ਅਤੇ ਮੰਡਲ ਮਲੋਟ ਦੇ ਪ੍ਰਧਾਨ ਸ੍ਰੀ ਸੁਸ਼ੀਲ ਜਲਹੋਤਰਾ ਜੀ ਦੀ ਅਗਵਾਈ ਵਿੱਚ ਮਲੋਟ ਦੇ ਪਾਰਟੀ ਦਫਤਰ ਵਿਖੇ ਸੁਸ਼ਾਸਨ ਦਿਵਸ ਮਨਾਇਆ ਗਿਆ। ਜਿਸ ਵਿੱਚ ਭਾਰਤ ਰਤਨ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਦੇ ਜੀਵਨ ਨਾਲ ਸੰਬੰਧਿਤ ਇਕ ਪ੍ਰਦਰਸ਼ਨੀ ਦਿਖਾਈ ਗਈ। ਇਸ ਮੌਕੇ ਸ੍ਰੀ ਮਨੋਹਰ ਨਾਗਪਾਲ, ਸ੍ਰੀ ਵੇਦ ਚੁਚਰਾ, ਅਮਨਦੀਪ ਸੰਧੂ, ਸ੍ਰੀ ਹੈਪੀ ਡਾਵਰ, ਸ੍ਰੀ ਅਸ਼ੋਕ ਜੱਗਾ, ਸ੍ਰੀ ਰਵਿੰਦਰ ਗੁਪਤਾ, ਸ੍ਰੀ ਸੁਸ਼ੀਲ ਗਰੋਵਰ, ਸ੍ਰੀ ਅਮਨ ਮਿੱਡਾ, ਰਿਖੀਕੇਸ ਭੋਲੀ, ਸ੍ਰੀ ਅਰੁਣ ਖੁਰਾਣਾ, ਸ੍ਰੀ ਅਸ਼ੋਕ ਅਰੋੜੀਆ, ਸ੍ਰੀ ਸਤੀਸ਼ ਚੰਦਰ ਦੂਬੇ, ਸ੍ਰੀ ਲੱਕੀ ਸੋਨੀ, ਸ੍ਰੀ ਓਮ ਪ੍ਰਕਾਸ਼ ਚਾਨਣਾ, ਸ੍ਰੀ ਪ੍ਰਵੀਨ ਮਦਾਨ, ਸ੍ਰੀ ਰਾਜੂ ਗੁਪਤਾ, ਸ੍ਰੀ ਰਮੇਸ਼ ਕੱਲੂ ਆਦਿ ਹਾਜ਼ਰ ਸਨ।



# ਸਿਹਤ ਖ਼ਜ਼ਾਨਾ

# ਕ੍ਰੈਸ਼ ਡਾਇਟਿੰਗ



ਅੱਜਕਲ ਸੁੰਦਰਤਾ ਅਤੇ ਫਿੱਟਨੈਸ ਦੇ ਤੈਅ ਹੋ ਰਹੇ ਗੈਰ-ਵਿਹਾਰਕ ਮਾਪਦੰਡਾਂ ਕਾਰਨ ਵੱਧ ਤੋਂ ਵੱਧ ਔਰਤਾਂ ਕ੍ਰੈਸ਼ ਡਾਇਡਟੰਗ ਨੂੰ ਅਪਣਾਉਣ ਲੱਗੀਆਂ ਹਨ। ਇਸ 'ਚ ਕਈ ਤਾਂ ਅਜਿਹੀਆਂ ਵੀ ਹਨ, ਜਿਨ੍ਹਾਂ ਨੂੰ ਬਿਲਕੁਲ ਵੀ ਮੋਟਾਪਾ ਨਹੀਂ ਹੈ। ਉਹ ਮਾਡਲਸ ਅਤੇ ਫਿਲਮੀ ਸਿਤਾਰਿਆਂ ਨੂੰ ਦੇਖ ਕੇ ਉਨ੍ਹਾਂ ਵਰਗੀ ਫਿੱਗਰ ਪ੍ਰਾਪਤ ਕਰਨ ਦੀ ਲਾਲਸਾ 'ਚ ਕ੍ਰੈਸ਼ ਡਾਇਟਿੰਗ ਦੀ ਪਾਲਣਾ ਕਰਨ ਲੱਗਦੀਆਂ ਹਨ।

ਪਤਲੀ ਫਿੱਗਰ ਦੀ ਲਾਲਸਾ 'ਚ ਕਈ ਮੁਟਿਆਰਾਂ ਸਾਰੀਆਂ ਹੱਦਾਂ ਪਾਰ ਕਰ ਕੇ ਡਾਈਟ ਲਿਸ ਦੀ ਵਰਤੋਂ ਅਤੇ ਭਾਰ ਘੱਟ ਕਰਨ ਦੀਆਂ ਗੈਰ-ਸਿਹਤਮੰਦ ਵਿਧੀਆਂ ਜਿਵੇਂ ਉਲਟੀ ਕਰਨ, ਲੈਕਸੇਟਿਵਸ ਦੀ ਵਰਤੋਂ ਅਤੇ ਖਾਣਾ ਨਾ ਖਾਣ ਵਰਗੇ ਉਪਾਅ ਅਪਣਾਉਣ ਲੱਗੀਆਂ ਹਨ। ਇਸ ਤਰ੍ਹਾਂ ਕ੍ਰੈਸ਼ ਡਾਇਟਿੰਗ ਕਰਨਾ ਇਕ 'ਟਾਈਮ ਬੰਬ' ਸਿੱਧ ਹੁੰਦਾ ਹੈ, ਜੋ ਕੁਝ ਦੇਰ ਪਿੱਛੋਂ ਐਨੋਰੈਕਸੀਆ, ਬੁਲੀਮੀਆ, ਲਿਵਰ ਅਤੇ ਕਿਡਨੀ ਦੀ ਖਰਾਬੀ ਵਰਗੇ ਗੰਭੀਰ ਰੋਗਾਂ ਨੂੰ ਜਨਮ ਦੇ ਸਕਦੇ ਹਨ।

ਫਿੱਟਨੈਸ ਮਾਹਿਰਾਂ ਦਾ ਕਹਿਣੈ ਕਿ ਕਈ ਔਰਤਾਂ ਜਦੀ ਸਭ ਤੋਂ ਵੱਡੀ ਗਲਤੀ ਜ਼ੀਰੋ ਫਿੱਗਰ ਜਾਂ ਪਤਲੇਪਣ ਨੂੰ ਤੰਦਰੁਸਤੀ ਦਾ ਸੰਕੇਤ ਮੰਨਣਾ ਹੈ।

ਸਾਈਜ਼ ਜ਼ੀਰੋ ਦੀ ਸੱਚਾਈ

ਪਿਛਲੇ ਕੁਝ ਸਮੇਂ ਤੋਂ ਸਾਈਜ਼ ਜ਼ੀਰੋ ਦੀ ਚਰਚਾ ਹੋਣ ਲੱਗੀ ਹੈ। ਔਰਤਾਂ ਸਾਈਜ਼ ਜ਼ੀਰੋ ਪ੍ਰਤੀ ਇਹ ਸੋਚ ਕੇ ਆਕਰਸ਼ਿਤ ਹੁੰਦੀਆਂ ਹਨ ਕਿ ਇਸ ਨਾਲ ਉਹ ਵਧੇਰੇ ਸੁੰਦਰ, ਆਕਰਸ਼ਕ, ਤੰਦਰੁਸਤ ਅਤੇ ਖੁਸ਼ ਰਹਿ ਸਕਦੀਆਂ ਹਨ। ਇਸ ਦੇ ਉਲਟ ਜਦੋਂ ਸਾਈਜ਼ ਜ਼ੀਰੋ ਦੀ ਇੱਛਾ 'ਚ ਕੁਝ ਵੀ ਖਾਣ ਤੋਂ ਪਹਿਲਾਂ ਕੈਲੋਰੀ ਦੀ ਚਿੰਤਾ ਦਿਮਾਗ 'ਚ ਖਟਕਣ ਲੱਗੇ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸੱਚਾਈ 'ਤੇ ਧਿਆਨ ਦੇਣਾ ਸ਼ੁਰੂ ਕਰ ਦੇਣ। ਇਹ ਸੰਕੇਤ ਹਨ ਕਿ ਉਨ੍ਹਾਂ ਨੂੰ ਤੁਰੰਤ ਡਾਇਟਿੰਗ ਬੰਦ ਕਰਕੇ ਆਪਣੇ ਸਰੀਰ ਨੂੰ ਜ਼ਰੂਰੀ ਰਾਹਤ ਦੇਣੀ ਚਾਹੀਦੀ ਹੈ।

ਲੱਛਣ

ਵਾਲਾਂ ਦਾ ਝੜਨਾ : ਖੁਰਾਕ 'ਚ ਭੋਜਨ ਦੀ ਕਮੀ ਹੋਣ ਜਾਂ ਆਪਣੀ ਖੁਰਾਕ 'ਚ ਬੇਹੱਦ ਤਬਦੀਲੀ ਕਰਨ 'ਤੇ ਇਸ ਦਾ ਅਸਰ ਵਾਲਾਂ ਦੇ ਝੜਣ ਦੇ ਰੂਪ 'ਚ ਸਾਹਮਣੇ ਆ ਸਕਦਾ ਹੈ।

ਬੁਢਾਪੇ ਦੇ ਲੱਛਣ : ਕ੍ਰੈਸ਼ ਡਾਇਟਿੰਗ ਬੁਢਾਪਾ ਆਉਣ ਦੀ ਰਫ਼ਤਾਰ ਵਧਾ ਦਿੰਦਾ ਹੈ, ਜਿਸ ਦੇ ਲੱਛਣਾਂ 'ਚ ਚਮੜੀ ਦਾ ਢਿਲਕਣਾ, ਚਮੜੀ 'ਤੇ ਰੇਖਾਵਾਂ ਅਤੇ ਝੁਰੜੀਆਂ ਦਾ ਉਭਰਨਾ ਆਦਿ ਸ਼ਾਮਲ ਹਨ।

ਡੀਹਾਈਡ੍ਰੇਸ਼ਨ : ਪਾਣੀ ਦੀ ਲੋੜੀਂਦੀ ਮਾਤਰਾ ਦੀ ਕਮੀ ਜਾਂ ਕਾਰਬੋਹਾਈਡ੍ਰੇਟਸ ਜਾਂ ਚਿਕਨਾਈ 'ਤੇ ਬਹੁਤ ਕੰਟਰੋਲ ਰੱਖਣ ਨਾਲ ਸਰੀਰ 'ਚ ਡੀਹਾਈਡ੍ਰੇਸ਼ਨ ਹੋ ਸਕਦਾ ਹੈ। ਇਸ ਨਾਲ ਦਿਲ ਜਾਂ ਗੁਰਦੇ ਜਵਾਬ ਦੇ ਸਕਦੇ ਹਨ। ਅਟੈਕ ਜਾਂ ਦਿਮਾਗ ਨੂੰ ਕਿਸੇ ਕਿਸਮ ਦੇ ਨੁਕਸਾਨ ਨਾਲ ਮੌਤ ਵੀ ਹੋ ਸਕਦੀ ਹੈ।

ਕਬਜ਼ : ਜਦੋਂ ਭੋਜਨ ਦੀ ਮਾਤਰਾ 'ਚ ਕਮੀ ਹੋਵੇਗੀ ਤਾਂ ਯਕੀਨਨ ਸਰੀਰ 'ਚ ਹਾਜਤ ਮਹਿਸੂਸ ਕਰਨ ਯੋਗ ਲੋੜੀਂਦੀ ਮਾਤਰਾ 'ਚ ਬੇਕਾਰ ਪਦਾਰਥ ਨਹੀਂ ਹੋਣਗੇ, ਜਿਸ ਨਾਲ ਗੰਭੀਰ ਕਬਜ਼ ਦੀ ਸਮੱਸਿਆ ਪੈਦਾ ਹੋ ਸਕਦੀ ਹੈ।

ਤਣਾਅ : 'ਬੀ' ਕੰਪਲੈਕਸ ਅਤੇ 'ਸੀ' ਵਿਟਾਮਿਨ ਅਤੇ ਖਣਿਜਾਂ ਦੀ ਕਮੀ ਨਾਲ ਵਿਅਕਤੀ ਤਣਾਅ ਦਾ ਸ਼ਿਕਾਰ ਹੋ ਸਕਦਾ ਹੈ।

ਭਾਰ ਵਧਣਾ : ਭਾਵੇਂ ਤੁਸੀਂ ਕ੍ਰੈਸ਼ ਡਾਇਟਿੰਗ ਕਰ ਰਹੇ ਹੋਵੋ ਪਰ ਇਕ ਹੱਣ ਪਾਰ ਕਰਨ ਪਿੱਛੋਂ ਸਰੀਰ ਦਾ ਭਾਰ ਘੱਟ ਹੋਣ ਦੀ ਬਜਾਏ ਕ੍ਰੈਸ਼ ਡਾਇਟਿੰਗ ਕਾਰਨ ਹੀ ਵਧਣਾ ਸ਼ੁਰੂ ਹੋ ਸਕਦਾ ਹੈ।

ਹੋਰ ਲੱਛਣ : ਮਾਹਵਾਰੀ ਦੀ ਅਨਿਯਮਿਤ ਹੋਣਾ, ਆਸਟੀਓਪੋਰੋਸਿਸ, ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਨੂੰ ਨੁਕਸਾਨ, ਕੁਪੋਸ਼ਣ ਆਦਿ।

ਕ੍ਰੈਸ਼ ਡਾਇਟਿੰਗ ਦੀ ਆਦਤ ਤੋਂ ਬਾਅਦ : ਇਕ ਵਾਰ ਕ੍ਰੈਸ਼ ਡਾਇਟਿੰਗ ਦੀ ਆਦਤ ਪੈ ਜਾਣ ਪਿੱਛੋਂ ਇਸ 'ਤੇ ਕਾਬੂ ਕਰਨ ਲਈ ਕਾਫੀ ਮਿਹਨਤ ਕਰਨੀ ਪੈ ਸਕਦੀ ਹੈ।



ਅਸਾਨੀ ਨਾਲ ਡਾਇਟਿੰਗ ਬੰਦ ਕਰਕੇ ਸਧਾਰਨ ਖੁਰਾਕ ਲੈਣੀ ਸ਼ੁਰੂ ਕਰਨਾ ਸੰਭਵ ਨਹੀਂ ਹੋ ਸਕਦਾ। ਭਾਰ ਘਟਾਉਣ ਨੂੰ ਜੀਵਨ ਸ਼ੈਲੀ 'ਚ ਤਬਦੀਲੀ ਸਮਝੋ, ਨਾ ਕਿ ਖੁਰਾਕ 'ਚ ਤਬਦੀਲੀ ਕਿਉਂਕਿ ਕੋਈ ਵੀ ਸਾਰੀ ਜ਼ਿੰਦਗੀ ਤਾਂ ਡਾਇਟਿੰਗ ਨਹੀਂ ਕਰ ਸਕਦਾ।

ਸਹੀ ਖੁਰਾਕ ਯੋਜਨਾ ਉਸ ਨੂੰ ਕਹਾਂਗੇ, ਜਦੋਂ 6 ਦਿਨਾਂ ਤੱਕ ਤੁਸੀਂ ਸੰਤੁਲਿਤ ਭੋਜਨ ਖਾਓ ਅਤੇ ਇਕ ਦਿਨ ਤੁਸੀਂ ਜੋ ਚਾਹੇ ਖਾਓ। ਹੌਲੀ-ਹੌਲੀ ਇਸ ਤਰ੍ਹਾਂ ਤਬਦੀਲੀ ਲਿਆਓ, ਜਿਨ੍ਹਾਂ ਨੂੰ ਤੁਸੀਂ ਸੰਭਾਲ ਸਕੋ। ਆਪਣੀ ਸਿਹਤ ਨੂੰ ਸੁਧਾਰਨ ਲਈ ਤੁਹਾਨੂੰ ਪ੍ਰੈਕਟੀਕਲ ਟੀਚਾ ਮਿੱਥਣਾ ਚਾਹੀਦੈ।

ਟਿਪਸ

ਸਾਰੇ ਦਿਨ ਦੌਰਾਨ ਥੋੜ੍ਹਾ-ਥੋੜ੍ਹਾ ਕਰਕੇ 5 ਤੋਂ 6 ਵਾਰ ਖਾਓ। ਇਕ ਸਮੇਂ 'ਤੇ ਸਰੀਰ ਨੂੰ ਥੋੜ੍ਹੀ ਊਰਾ ਦੀ ਲੋੜ ਹੁੰਦੀ ਹੈ। ਇਕੋ ਵੇਲੇ ਜ਼ਿਆਦਾ ਖਾਣ ਨਾਲ ਸਰੀਰ ਦੇ ਪਾਚਣ ਤੰਤਰ 'ਤੇ ਦਬਾਅ ਪੈਂਦਾ ਹੈ।

ਪੋਸ਼ਣ ਭਰਪੂਰ ਹਲਕਾ ਭੋਜਨ ਖਾਓ, ਇਸ ਦੇ ਲਈ ਨਿਊਟ੍ਰੀਸ਼ਨਿਸਟ ਦੀ ਸਲਾਹ ਲਓ ਅਤੇ ਨਾਕਾਰਾਤਮਕ ਵਿਚਾਰਾਂ 'ਤੇ ਕਾਬੂ ਕਰੋ। ਸ਼ੀਸ਼ੇ 'ਚ ਦੇਖਦਿਆਂ ਅਤੇ ਸਰੀਰ ਦੀਆਂ ਖੂਬੀਆਂ 'ਤੇ ਗੌਰ ਕਰੋ ਨਾ ਕਿ ਕਮੀਆਂ 'ਤੇ।

ਸਰੀਰ ਨੂੰ ਤੰਦਰੁਸਤ ਰੱਖਣ ਲਈ ਤੈਅ ਮਾਤਰਾ 'ਚ ਕੈਲੋਰੀਜ਼ ਅਤੇ ਪੋਸ਼ਣ ਦੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਸਰੀਰ ਨੂੰ ਨੁਕਸਾਨ ਹੋਵੇਗਾ। ਤੰਦਰਸਤ ਰਹਿਣ ਅਤੇ ਭਾਰ 'ਤੇ ਕੰਟਰੋਲ ਲਈ ਤੁਹਾਨੂੰ ਆਪਣੀ ਸਾਰੀ ਜੀਵਨ ਸ਼ੈਲੀ 'ਚ ਤਬਦੀਲੀ ਕਰਨ ਦੀ ਲੋੜ ਹੈ, ਜਿਸ 'ਚ ਸੰਤੁਲਿਤ ਖੁਰਾਕ, ਕਸਰਤ ਅਤੇ ਚੰਗੀਆਂ ਆਦਤਾਂ ਦੀ ਪਾਲਣਾ ਸ਼ਾਮਲ ਹੋਣੀ ਚਾਹੀਦੀ ਹੈ।

ਮੰਜੂਭੂਸ਼ਨ



# ਚੰਗੀ ਸਿਹਤ ਦੀ ਲੋੜ ਹੈ ਸੋਇਆਬੀਨ

ਸਾਡੇ ਖਾਣ-ਪੀਣ ਨਾਲ ਸਾਡੀ ਸਿਹਤ ਪ੍ਰਭਾਵਿਤ ਹੁੰਦੀ ਹੈ। ਗਲਤ ਖਾਣ-ਪੀਣ ਕਾਰਨ ਪਿਛਲੇ ਕੁਝ ਸਮੇਂ 'ਚ ਦਿਲ ਦੇ ਰੋਗ, ਸ਼ੂਗਰ, ਕੈਂਸਰ ਆਦਿ ਰੋਗਾਂ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵਧੀ ਹੈ। ਇਸ ਕਾਰਨ ਅੱਜ ਹਰ ਵਿਅਕਤੀ ਆਪਣੀ ਖੁਰਾਕ ਪ੍ਰਤੀ ਸੁਚੇਤ ਹੈ।

ਅਸੀਂ ਆਪਣੇ ਭੋਜਨ 'ਚ ਕੀ ਸ਼ਾਮਲ ਕਰੀਏ, ਕੀ ਨਾ, ਇਸ ਬਾਰੇ ਲੋਕਾਂ 'ਚ ਜਿਗਿਆਸ ਵੀ ਵਧੀ ਹੈ। ਵੱਖ-ਵੱਖ ਖੋਜਾਂ ਦੇ ਨਤੀਜੇ ਵਜੋਂ ਇਹ ਸਾਹਮਣੇ ਆਇਆ ਹੈ ਕਿ ਸੋਇਆਬੀਨ ਅਤੇ ਹੋਰ ਸੋਇਆ ਖਾਧ ਪਦਾਰਥਾਂ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰਕੇ ਅਸੀਂ ਸਿਹਤ ਸਬੰਧੀ ਬਹੁਤ ਸਾਰੇ ਲਾਭ ਪ੍ਰਾਪਤ ਕਰ ਸਕਦੇ ਹਾਂ। ਸੋਇਆਬੀਨ ਸ਼ਾਕਾਹਾਰੀ ਖਾਧ ਪਦਾਰਥਾਂ 'ਚੋਂ ਸਭ ਤੋਂ ਵਧੇਰੇ ਪ੍ਰੋਟੀਨ ਭਰਪੂਰ ਪਦਾਰਥ ਹੈ। ਪ੍ਰੋਟੀਨ ਸਾਡੇ ਸਰੀਰ ਦੀ ਪਹਿਲੀ ਲੋੜ ਹੈ। ਇਹ ਸਰੀਰ 'ਚ ਵੱਖ-ਵੱਖ ਕਿਰਿਆਵਾਂ ਕਰਦਾ ਹੈ। ਸੋਇਆਬੀਨ ਕਾਰਬੋਹਾਈਡ੍ਰੇਟ, ਫਾਈਬਰ, ਵਿਟਾਮਿਨ, ਆਇਰਨ ਅਤੇ ਖਣਿਜ ਲੂਣਾਂ ਦੀ ਵੀ ਚੰਗਾ ਸਰੋਤ ਹੈ। ਵੱਖ-ਵੱਖ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਸੋਇਆ ਦਿਲ ਸਬੰਧੀ ਰੋਗਾਂ ਦੀ ਸੰਭਾਵਨਾ ਨੂੰ ਦੂਰ ਕਰਦਾ ਹੈ। ਜਿਹੜੇ ਦੇਸ਼ਾਂ 'ਚ ਸੋਇਆ ਦੀ ਬਹੁਤੀ ਵਰਤੋਂ ਕੀਤੀ ਜਾਂਦੀ ਹੈ, ਉਥੇ ਦਿਲ ਸਬੰਧੀ ਰੋਗੀਆਂ ਦੀ ਗਿਣਤੀ ਨਾਂਹ ਦੇ ਬਰਾਬਰ ਦੇਖੀ ਗਈ ਹੈ।

ਇਹੀ ਨਹੀਂ, ਕੋਲੈਸਟ੍ਰਾਲ ਦੇ ਪੱਧਰ 'ਚ 25 ਫੀਸਦੀ ਕਮੀ ਲਿਆਉਂਦੀ ਹੈ। ਸੋਇਆ ਖਾਧ ਪਦਾਰਥ ਕੋਲੈਸਟ੍ਰਾਲ ਰਹਿਤ ਹੁੰਦੇ ਹਨ। ਸੋਇਆ ਪ੍ਰੋਟੀਨ 'ਚ ਉਹ ਸਾਰੇ ਅਮੀਨੋ ਐਸਿਡ ਵੀ ਹੁੰਦੇ ਹਨ, ਜਿਨ੍ਹਾਂ ਦੀ ਸਾਡੇ ਸਰੀਰ ਨੂੰ ਲੋੜ ਹੁੰਦੀ ਹੈ। ਇਹ ਨੈਚੁਰਲ ਐਂਟੀ ਆਕਸੀਡੈਂਟ ਦਾ ਵਧੀਆ ਸ੍ਰੋਤ ਹੈ।

ਸੋਇਆਬੀਨ 'ਚ ਚੰਗੀ ਕਿਸਮ ਦੇ ਪ੍ਰੋਟੀਨ ਦੀ ਮਾਤਰਾ ਪਾਈ ਜਾਂਦੀ ਹੈ। ਮੀਟ ਅਤੇ ਡੇਅਰੀ ਉਤਪਾਦਾਂ 'ਚ ਵੀ ਪ੍ਰੋਟੀਨ ਦੀ ਵਧੀਆ ਮਾਤਰਾ ਪਾਈ ਜਾਂਦੀ ਹੈ ਪਰ ਉਹ ਕੋਲੈਸਟ੍ਰਾਲ ਅਤੇ ਚਿਕਨਾਈ ਨਾਲ ਭਰੇ ਹੁੰਦੇ ਹਨ ਅਤੇ ਕੋਲੈਸਟ੍ਰਾਲ ਤੇ ਚਿਕਨਾਈ ਦੀ ਵਰਤੋਂ ਸਿਹਤ ਲਈ ਲਾਭਦਾਇਕ ਨਹੀਂ। ਸੋਇਆ ਦੀ ਖਾਸੀਅਤ ਇਹੀ ਹੈ ਕਿ ਇਸ 'ਚ ਕੋਲੈਸਟ੍ਰਾਲ ਅਤੇ ਚਿਕਨਾਈ ਸਿਫਰ ਹੁੰਦੀ ਹੈ, ਇਸ ਲਈ ਇਹ ਕੋਈ ਅਸੰਤੁਲਨ ਪੈਦਾ ਨਹੀਂ ਕਰਦਾ।

ਇਸ ਤੋਂ ਇਲਾਵਾ ਸੋਇਆ 'ਚ ਫਾਇਟੋਕੈਮਿਕ ਕੰਪਾਊਂਡ ਆਈਸੋਫਲੇਵੋਨੋਇਡਸ ਦੀ ਵੀ ਖਾਸੀ ਮਾਤਰਾ ਪਾਈ ਜਾਂਦੀ ਹੇ। ਸੋਇਆ ਆਈਸੋਫਲੇਵੋਨਾਇਡਸ ਛਾਤੀ ਦੇ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ ਕਿਉਂਕਿ ਇਹ ਹਾਰਮੋਨ ਐਸਟ੍ਰੋਜਨ ਦੇ ਪੱਧਰ ਨੂੰ ਘੱਟ ਕਰਦਾ ਹੈ।

ਇਸ ਐਸਟ੍ਰੋਜਨ ਹਾਰਮੋਨ ਦਾ ਵਧੇਰੇ ਔਰਤਾਂ 'ਚ ਛਾਤੀਆਂ ਦੇ ਕੈਂਸਰ ਦਾ ਕਾਰਨ ਬਣਦਾ ਹੈ। ਇਕ ਖੋਜ ਮੁਤਾਬਿਕ ਸੋਇਆ ਦੀ ਵਰਤੋਂ ਛਾਤੀਆਂ ਦੇ ਕੈਂਸਰ ਦੀ ਸੰਭਾਵਨਾ ਨੂੰ 50 ਫੀਸਦੀ ਘੱਟ ਕਰਦੀ ਹੈ।

ਔਰਤਾਂ 'ਚ ਮੇਨੋਰਾਜ਼ ਵੇਲੇ ਬਹੁਤ ਸਾਰੇ ਅਸਧਾਰਨ ਲੱਛਣ ਜਿਵੇਂ ਪਸੀਨਾ ਵਧੇਰੇ ਆਉਣਾ ਆਦਿ 'ਚ ਵੀ ਸੋਇਆ ਦੀ ਵਰਤੋਂ ਨਾਲ ਲਾਭ ਮਿਲਦਾ ਹੈ। ਚੀਨ ਅਤੇ ਜਾਪਾਨ 'ਚ ਜਿੱਥੇ ਸੋਇਆ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ, ਉਥੋਂ ਦੀਆਂ ਔਰਤਾਂ ਨੂੰ ਮੇਨੋਪਾਜ਼ ਦੌਰਾਨ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਹੱਡੀਆਂ ਦੀ ਤੰਦਰੁਸਤੀ ਲਈ ਵੀ ਸੋਇਆ ਦੀ ਵਰਤੋਂ ਲਾਭਦਾਇਕ ਹੈ। ਸੋਇਆ ਪ੍ਰੋਟੀਨ ਖੂਨ 'ਚ ਸ਼ੂਗਰ ਦੇ ਪੱਧਰ ਨੂੰ ਵੀ ਕੰਟਰੋਲ ' ਰੱਖਦਾ ਹੈ, ਇਸ ਲਈ ਸ਼ੂਗਰ ਤੋਂ ਵੀ ਸੁਰੱਖਿਆ ਦਿੰਦਾ ਹੈ।

ਸੋਇਆਬੀਨ ਦੇ ਵੱਖ-ਵੱਖ ਉਤਪਾਦ ਬਾਜ਼ਾਰ 'ਚ ਮੌਜੂਦ ਹਨ। ਬੇਕਰੀ ਪਦਾਰਥਾਂ 'ਚ ਸੋਇਆਬੀਨ ਦੇ ਆਟੇ ਦੀ ਵਰਤੋਂ ਕੀਤੀ ਜਾਂਦੀ ਹੈ। ਸੋਇਆਬੀਨ ਦੁੱਧ, ਸੋਇਆਬੀਨ ਦਾ ਤੇਲ, ਨਿਊਟ੍ਰੀ ਨਗੇਟ, ਸੋਇਆ ਨਟਸ ਆਦਿ ਕਈ ਉਤਪਾਦ ਹਨ, ਜਿਨ੍ਹਾਂ ਦੀ ਵਰਤੋਂ ਨਾਲ ਪੌਸ਼ਟਿਕਤਾ ਮਿਲਦੀ ਹੈ। ਮਾਹਿਰਾਂ ਮੁਤਾਬਿਕ ਰੋਜ਼ਾਨਾ 25 ਗ੍ਰਾਮ ਸੋਇਆ ਪ੍ਰੋਟੀਨ ਦੀ ਮਾਤਰਾ ਦੀ ਵਰਤੋਂ ਸਿਹਤ ਲਈ ਚੰਗੀ ਹੁੰਦੀ ਹੈ।

– ਐਸ. ਮਲਹੋਤਰਾ

# ਸਮਰ ਹੈਲਥ ਕੇਅਰ ਟਿਪਸ

ਪਸੀਨੇ ਦੀ ਬਦਬੂ ਤੋਂ ਬਚਾਅ

- ਗਰਮੀਆਂ 'ਚ ਘੱਟੋ-ਘੱਟ ਦਿਨ 'ਚ ਦੋ ਵਾਰ ਇਸ਼ਨਾਨ ਕਰੋ।
- ਪਸੀਨੇ ਦੇ ਕੀਟਾਣੂ ਦੂਰ ਕਰਨ ਲਈ ਮੈਡੀਕੇਟਿਡ ਸਾਬਣ ਦੀ ਵਰਤੋਂ ਕਰੋ।
- ਨਹਾਉਣ ਪਿੱਛੋਂ ਤੋਲੀਏ ਨਾਲ ਸਰੀਰ ਨੂੰ ਚੰਗੀ ਤਰ੍ਹਾਂ ਸੁਕਾ ਕੇ ਵਧੀਆ ਜਿਹਾ ਟੈਲਕਮ ਪਾਊਡਰ ਪਾਓ ਜਾਂ ਡਿਓ ਲਗਾਓ।
- ਆਪਣੇ ਖਾਣ-ਪੀਣ ਤੇ ਸਾਫ-ਸਫਾਈ ਦਾ ਪੂਰਾ ਧਿਆਨ ਰੱਖੋ।
- ਵਾਲਾਂ 'ਚ ਪਸੀਨੇ ਨਾਲ ਗੰਦਗੀ ਅਤੇ ਜੂੰਆਂ ਦਾ ਵਾਸ ਹੁੰਦਾ ਹੈ, ਇਸ ਲਈ ਹਫ਼ਤੇ 'ਚ 3-4 ਵਾਰ ਵਾਲਾਂ 'ਚ ਸ਼ੈਂਪੂ ਜ਼ਰੂਰ ਲਗਾਓ। ਦਿਮਾਗ ਠੰਡਾ ਰੱਖਣ ਲਈ ਵਾਲਾਂ 'ਚ ਮਹਿੰਦੀ ਦਾ ਲੇਪ ਲਗਾਓ।
- ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ 'ਚ ਗੁਲਾਬ ਜਲ, ਨਿੰਬੂ ਦਾ ਰਸ ਜਾਂ ਗੁਲਾਬ ਦੀਆਂ ਤਾਜ਼ਾ ਪੱਤੀਆਂ ਪਾਓ। ਨਹਾਉਣ ਪਿੱਛੋਂ ਤੁਸੀਂ ਖੁਦ ਨੂੰ ਸਾਰਾ ਦਿਨ ਤਰੋ-ਤਾਜ਼ਾ ਮਹਿਸੂਸ ਕਰੋਗੇ।

ਧੁੱਪ ਨਾਲ ਅੱਖਾਂ 'ਚ ਜਲਣ

- ਰੂੰ ਦੇ ਤੂੰਬੇ ਨੂੰ ਠੰਡੇ ਦੁੱਧ 'ਚ ਭਿਓਂ ਕੇ ਅੱਖਾਂ 'ਤੇ ਰੱਖੋ।
- ਦੁੱਧ ਦੀ ਠੰਡੀ ਮਲਾਈ ਦਾ ਅੱਖਾਂ 'ਤੇ ਲੇਪ ਕਰਨ ਨਾਲ ਠੰਡਕ ਮਿਲਦੀ ਹੈ।
- ਗੁਲਾਬ ਜਲ 'ਚ ਭਿੱਜੇ ਰੂੰ ਦੇ ਤੂੰਬੇ ਅੱਖਾਂ 'ਤੇ ਰੱਖੋ।
- ਠੰਡਕ ਵਾਲੀ ਥਾਂ 'ਤੇ ਥੋੜ੍ਹੀ ਦੇਰ ਅੱਖਾਂ ਬੰਦ ਕਰਕੇ ਲੇਟ ਜਾਓ ਅਤੇ ਬਰਫ ਦੇ ਪਾਣੀ ਦੀ ਪੱਟੀ ਮੱਥੇ ਦੇ ਨਾਲ-ਨਾਲ ਅੱਖਾਂ 'ਤੇ ਰੱਖੋ।

ਲੂ ਲੱਗਣ 'ਤੇ

- ਇਮਲੀ ਨੂੰ ਉਬਾਲ ਕੇ ਪੁਣ ਲਓ, ਉਸ 'ਚ ਲੋੜ ਮੁਤਾਬਿਕ ਖੰਡ, ਕਾਲੀ ਮਿਰਚ ਦਾ ਪਾਊਡਰ, ਭੁੰਨਿਆ ਜੀਰਾ ਪੀਸ ਕੇ ਪਾ ਕੇ ਚੱਮਚ ਨਾਲ ਚੰਗੀ ਤਰ੍ਹਾਂ ਘੋਲ ਲਓ, ਚਾਹੋ ਤਾਂ ਬਰਫ ਪਾ ਕੇ ਠੰਡਾ ਕਰ ਲਓ ਅਤੇ ਪੀਓ।
- ਕੱਚੇ ਅੰਬ ਦਾ ਪੰਨਾ ਪੀਓ, ਇਸ ਦੇ ਲਈ ਕੱਚੇ ਅੰਬ ਉਬਾਲ ਲਓ। ਛਿਲਕਾ ਲਾਹ ਕੇ ਗੁੱਦੇ 'ਚ ਠੰਡਾ ਪਾਣੀ, ਖੰਡ, ਪੁਦੀਨੇ ਦੇ ਪੱਤੇ, ਕਾਲਾ ਨਮਕ, ਪੀਸੀ ਕਾਲੀ ਮਿਰਚ ਪਾ ਕੇ ਮਿਕਸੀ 'ਚ ਬਲੈਂਡ ਕਰ ਲਓ ਅਤੇ ਪੀਓ। ਇਹ ਸੁਆ 'ਚ ਤਾਂ ਮਜ਼ੇਦਾਰ ਹੁੰਦਾ ਹੀ ਹੈ ਪਰ ਇਸ ਦੀ ਰੋਜ਼ਾਨਾ ਵਰਤੋਂ ਸਰੀਰ 'ਚੋਂ ਗਰਮੀ ਨੂੰ ਦੂਰ ਕਰਕੇ ਠੰਡਾ ਰੱਖਦੀ ਹੈ।
- ਪਿਆਜ਼ ਨੂੰ ਭੁੰਨ ਕੇ ਉਸ 'ਚ ਜੀਰੇ ਦਾ ਪਾਊਡਰ ਅਤੇ ਮਿਸ਼ਰੀ ਮਿਲਾ ਕੇ ਖਾਣ ਨਾਲ ਲੂ ਦੂਰ ਹੁੰਦੀ ਹੈ।

ਜਦੋਂ ਨੀਂਦ ਨਾ ਆਵੇ

- ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ 'ਚ ਬਰਫ ਪਾ ਕੇ ਠੰਡਾ ਦੁੱਧ ਪੀਓ।
- ਪੈਰਾਂ ਦੀਆਂ ਤਲੀਆਂ 'ਤੇ ਕੱਦੂ ਦਾ ਲੇਪ ਜਾਂ ਮਹਿੰਦੀ ਦਾ ਲੇਪ ਲਗਾਓ।
- ਸਰ੍ਹੋਂ ਦੇ ਤੇਲ ਨਾਲ ਪੈਰਾਂ ਦੀਆਂ ਤਲੀਆਂ ਦੀ ਮਾਲਸ਼ ਉਦੋਂ ਤੱਕ ਕਰੋ, ਜਦੋਂ ਤੱਕ ਤਲੀਆਂ 'ਚੋਂ ਸੇਕ ਨਾਲ ਨਿਕਲਣ ਲੱਗੇ।
- ਮਨ 'ਚੋਂ ਸਾਰੀਆਂ ਪ੍ਰੇਸ਼ਾਨੀਆਂ ਕੱਢ ਦਿਓ। ਸਿਰ 'ਚ ਕਿਸੇ ਵੀ ਆਯੁਰਵੈਦਿਕ ਤੇਲ ਨਾਲ ਮਾਲਿਸ਼ ਕਰੋ। ਬਾਜ਼ਾਰ 'ਚ ਕਈ ਤਰ੍ਹਾਂ ਦੇ ਤੇਲ ਮੌਜੂਦ ਹਨ, ਜੋ ਤੁਹਾਨੂੰ ਠੰਡਾ-ਠੰਡਾ ਕੂਲ-ਕੂਲ ਰੱਖਦੇ ਹਨ।
- ਕਮਰੇ ਦੀਆਂ ਸਾਰੀਆਂ ਲਾਈਟਾਂ ਆਫ਼ ਕਰ ਦਿਓ ਅਤੇ ਹੌਲੀ ਆਵਾਜ਼ 'ਚ ਆਪਣਾ ਮਨਪਸੰਦ ਮਿਊਜ਼ਿਕ ਸੁਣੋ। ਬਿਸਤਰੇ 'ਤੇ ਹਲਕੇ ਰੰਗ ਦੀ ਸਾਫ ਅਤੇ ਸੂਤੀ ਚਾਦਰ ਵਿਛਾ ਦਿਓ। ਚਾਹੋ ਤਾਂ ਆਪਣੀ ਪਸੰਦ ਦੀ ਮੈਗਜ਼ੀਨ ਪੜ੍ਹੋ। ਨੀਂਦ ਕਦੋਂ ਆਵੇਗੀ, ਪਤਾ ਹੀ ਨਹੀਂ ਲੱਗੇਗਾ।

ਡੀਹਾਈਡ੍ਰੇਸ਼ਨ ਹੋਣ 'ਤੇ

- ਸਾਰੇ ਦਿਨ 'ਚ ਖੂਬ ਸਾਰਾ ਪਾਣੀ ਪੀਓ ਤਾਂ ਕਿ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਣ।
- ਜਿੰਨਾ ਹੋ ਸਕੇ ਫਲਾਂ ਦਾ ਜੂਸ, ਨਿੰਬੂ ਦੀ ਸ਼ਿਕੰਜਵੀ, ਲੱਸੀ ਆਦਿ ਪੀਓ।



- ਸਲਾਦ ਨੂੰ ਭੋਜਣ ਦਾ ਅਹਿਮ ਹਿੱਸਾ ਬਣਾਓ ਅਤੇ ਖਾਣੇ 'ਚ ਘੱਟ ਨਮਕ ਵਰਤੋ।
- ਰੇਸ਼ੇਦਾਰ ਅਤੇ ਰਸ ਭਰੇ ਫਲ ਜਿਵੇਂ ਹਦਵਾਣਾ, ਖਰਬੂਜਾ, ਨਾਸ਼ਪਾਤੀ, ਅੰਗੂਰ ਆਦਿ ਖਾਓ।
- ਆਂਵਲਾ, ਚੰਦਨ, ਖਸਖਸ ਅਤੇ ਸਝੰਤੁ ਦਾ ਸ਼ਰਬਤ ਪੀਣ ਨਾਲ ਗਰਮੀਆਂ 'ਚ ਹੋਣ ਵਾਲੀ ਘਬਰਾਹਟ ਤੋਂ ਰਾਹਤ ਮਿਲਦੀ ਹੈ।
- ਬਹੁਤੀ ਦੇਰ ਤੱਕ ਧੁੱਪ 'ਚ ਨਾ ਰਹੋ, ਘਰੋਂ ਬਾਹਰ ਨਿਕਲਣ ਵੇਲੇ ਪਾਣੀ ਪੀ ਕੇ ਨਿਕਲੋ ਅਤੇ ਛੱਤਰੀ ਦੀ ਵਰਤੋਂ ਕਰੋ।

ਸਰਿਤਾ

# ਵਿਟਾਮਿਨ- ਸੀ ਭਰਪੂਰ ਸੰਤਰਾ

ਰਸ ਭਰਪੂਰ ਸੰਤਰੇ 'ਚ ਉਹ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਾਡੀ ਦੀ ਗ੍ਰੋਥ, ਡਿਵੈਲਪਮੈਂਟ ਅਤੇ ਸਿਹਤ ਲਈ ਜ਼ਰੂਰੀ ਹਨ। ਸੰਤਰੇ ਦੀਆਂ ਮੁੱਖ ਤੌਰ 'ਤੇ ਤਿੰਨ ਕਿਸਮਤਾਂ ਹੁੰਦੀਆਂ ਹਨ -ਖੱਟਾ, ਮਿੱਠਾ ਅਤੇ ਢਿੱਲੇ ਛਿਲਕੇ ਵਾਲਾ। ਖੱਟੇ ਸੰਤਰੇ ਦੀ ਵਰਤੋਂ ਜ਼ਿਆਦਾਤਰ ਕੈਂਡੀ ਜਾਂ ਕੁਕਿੰਗ 'ਚ ਕੀਤੀ ਜਾਂਦੀ ਹੈ, ਜਦਕਿ ਕੱਚਾ ਖਾਣ ਲਈ ਸਭ ਤੋਂ ਵਧੇਰੇ ਮਿੱਠੇ ਸੰਤਰੇ ਦੀ ਵਰਤੋਂ ਹੁੰਦੀ ਹੈ। ਢਿੱਲੇ ਛਿਲਕੇ ਵਾਲਾ ਸੰਤਰਾ ਆਸਾਨੀ ਨਾਲ ਛਿਲਿਆ ਜਾਂਦਾ ਹੈ। ਜਦੋਂ ਵੀ ਸੰਤਰਾ ਖਰੀਦੋ ਤਾਂ ਉਸ ਦੇ ਵੇਟ ਅਤੇ ਸਾਈਜ਼ ਦੀ ਤੁਲਨਾ ਕਰੋ। ਆਕਾਰ 'ਚ ਛੋਟਾ ਅਤੇ ਭਾਰ 'ਚ ਵਧੇਰੇ ਭਾਰਾ ਸੰਤਰਾ ਮਿੱਠਾ ਹੁੰਦਾ ਹੈ। ਜਦੋਂ ਵੀ ਆਰੇਂਜ ਭਾਵ ਸੰਤਰੇ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਉਸ 'ਚ ਪਾਏ ਜਾਣ ਵਾਲੇ ਵਿਟਾਮਿਨ-ਸੀ ਦਾ ਧਿਆਨ ਆਉਂਦਾ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਸੰਤਰੇ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਸ ਫਲ 'ਚ ਕਈ ਹੋਰ ਵੀ ਲਾਹਵੰਦ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਕਈ ਦੂਜੇ ਮਿਨਰਲਸ ਜਿਵੇਂ ਫੋਲਿਕ ਐਸਿਡ ਅਤੇ ਪੋਟਾਸ਼ੀਅਮ ਦਾ ਬਿਹਤਰੀਨ ਸਰੋਤ ਹੁੰਦਾ ਹੈ।

ਵਿਟਾਮਿਨ-ਸੀ : ਸੰਤਰਾ ਵਿਟਾਮਿਨ-ਸੀ ਦਾ ਅਹਿਮ ਸਰੋਤ ਹੈ। ਜੇਕਰ ਸੰਤਰੇ ਦਾ ਰਸ ਕੱਢਣ ਜਾਂ ਛਿੱਲਣ ਪਿੱਛੋਂ ਉਸ ਨੂੰ ਅੱਠ ਘੰਟਿਆਂ ਤੱਕ ਰੱਖ ਦਿੱਤਾ ਜਾਵੇ ਤਾਂ ਉਸ ਦਾ ਲੱਗਭਗ 20 ਫੀਸਦੀ ਵਿਟਾਮਿਨ ਨਸ਼ਟ ਹੋ ਜਾਂਦਾ ਹੈ।

ਦੂਜੇ ਵਿਟਾਮਿਨ ਅਤੇ ਮਿਨਰਲਸ : ਸੰਤਰੇ 'ਚ ਵਿਟਾਮਿਨ-ਬੀ ਅਤੇ ਏ ਵੀ ਪਾਇਆ ਜਾਂਦਾ ਹੈ। ਇਹ ਮਿਨਰਲਸ ਜਿਵੇਂ ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਫਾਸਫੋਰਸ ਦਾ ਬਿਹਤਰੀਨ ਸਰੋਤ ਹੈ।

ਰੁੱਖ 'ਤੇ ਨਹੀਂ ਪੱਕਦਾ : ਸੰਤਰਾ ਹੀ ਕੁਝ ਅਜਿਹੇ ਫਲਾਂ 'ਚੋਂ ਹੈ, ਜੋ ਰੁੱਖ 'ਤੇ ਲੱਗਾ ਰਹਿਣ ਦੇਣ ਨਾਲ ਪੱਕਦਾ ਨਹੀਂ।

ਮੁੱਖ ਫਸਲ : ਸੰਤਰਾ ਅਮੇਰਿਕਾ ਦੀਆਂ ਮੁੱਖ ਫਸਲਾਂ 'ਚ ਸ਼ਾਮਲ ਹੈ, ਜਦਕਿ ਪੂਰੀ ਦੁਨੀਆਂ ਦੇ ਮੁਕਾਬਲੇ ਬ੍ਰਾਜ਼ੀਲ 'ਚ ਸੰਤਰੇ ਦੀ ਸਭ ਤੋਂ ਵਧੇਰੇ ਪੈਦਾਵਾਰ ਹੁੰਦੀ ਹੈ।

ਇਤਿਹਾਸ : ਸਬੂਤ ਦੱਸਦੇ ਹਨ ਕਿ ਸੰਤਰੇ ਦੀ ਪੈਦਾਵਾਰ 2500 ਬੀ. ਸੀ. ਤੋਂ ਵੀ ਪਹਿਲਾਂ ਚੀਨ 'ਚ ਸ਼ੁਰੂ ਹੋਈ ਸੀ।

– ਸੁਮਨ ਰਾਣੀ

# ਯੋਗਪੈਥੀ ਰਾਹੀਂ ਪ੍ਰਾਪਤ ਕਰੋ ਸੁਡੌਲ ਸਰੀਰ

ਮਾਰਜਰੀ ਭਾਲ ਬਿੱਲੀ, ਜਿਸ ਤਰ੍ਹਾਂ ਬਿੱਲੀ ਆਕੜ ਭੰਨ ਕੇ ਆਪਣੀ ਸਾਰੀ ਥਕਾਵਟ ਲਾਹੁੰਦਿਆਂ ਤਰੋ-ਤਾਜ਼ਾ ਮਹਿਸੂਸ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਤੁਸੀਂ ਵੀ ਮਾਰਜਰੀ-ਆਸਣ ਦੇ ਅਭਿਆਸ ਨਾਲ ਨਾ ਸਿਰਫ ਤਰੋ-ਤਾਜ਼ਾ ਮਹਿਸੂਸ ਕਰੋਗੇ, ਸਗੋਂ ਸਰੀਰ ਦੀ ਥਕਾਵਟ ਅਤੇ ਦਰਦਾਂ ਤੋਂ ਵੀ ਮੁਕਤੀ ਪ੍ਰਾਪਤ ਕਰੋਗੇ ਅਤੇ ਖੁਦ ਨੂੰ ਹਰ ਵੇਲੇ ਤੰਦਰੁਸਤ ਮਹਿਸੂਸ ਕਰੋਗੇ।

ਵਿਧੀ : ਜ਼ਮੀਨ 'ਤੇ ਯੋਗਾ ਮੈਟ ਵਿਛਾ ਕੇ ਗੋਡਿਆਂ ਪਰਨੇ ਖੜ੍ਹੇ ਹੋ ਕੇ ਸਰੀਰ ਦਾ ਉਪਰਲਾ ਹਿੱਸਾ ਅੱਗੇ ਵੱਲ ਝੁਕਾਓ ਅਤੇ ਹੱਥਾਂ ਦੀਆਂ ਮੁੱਠੀਆਂਬਣਾ ਕੇ ਉਂਗਲੀਆਂ ਦੀਆਂ ਗੰਢਾਂ ਨੂੰ ਜ਼ਮੀਨ ਨਾਲ ਸਪਰਸ਼ ਕਰੋ।

ਇਹ ਆਸਣ ਦੋ ਹਿੱਸਿਆ 'ਚ ਵੰਡਿਆ ਹੋਇਆ ਹੈ।

ਪਹਿਲਾ ਹਿੱਸਾ : ਗਰਦਨ ਨੂੰ ਹੇਠਾਂ ਵੱਲ ਝੁਕਾਉਂਦਿਆਂ Chin ਨੂੰ ਗਲੇ ਦੇ Pit ਨਾਲ ਜੋੜੋ ਅਤੇ ਪੱਟਾਂ ਨੂੰ ਅੰਦਰ ਵੱਲ ਧੱਕੋ, ਅਜਿਹਾ ਕਰਨ ਨਾਲ ਤੁਹਾਡੀ ਪਿੱਠ 'ਚ ਇਕ ਮਹਿਰਾਬ ਦੀ ਸ਼ੇਪ ਬਣੇਗੀ।

ਦੂਜਾ ਹਿੱਸਾ : ਲੰਬਾ ਸਾਹ ਭਰੋ। ਆਕੜ ਭੰਨਦਿਆਂ ਗਰਦਨ ਉਪਰ ਵੱਲ ਅਤੇ ਪੱਟ ਬਾਹਰ ਵੱਲ ਧੱਕਦਿਆਂ ਜਿੰਨੀ ਦੇਰ ਸਾਹ ਰੋਕ ਸਕੋ, ਇਸ ਸਥਿਤੀ 'ਚ ਰਹੋ। ਅਜਿਹਾ ਕਰਨ ਵੇਲੇ ਤੁਹਾਡਾ ਗੀੜ੍ਹ ਅੰਦਰ ਵੱਨ ਮੁੜ ਜਾਵੇਗੀ ਅਤੇ ਇਕ ਕਰਵ ਬਣੇਗਾ।

ਫਿਰ ਸਾਹ ਛੱਡਦਿਆਂ ਵਾਪਸ ਪਹਿਲਾਂ ਵਾਲੀ ਅਵਸਥਾ 'ਚ ਆ ਜਾਓ, ਅਜਿਹਾ ਪੰਜ ਤੋਂ ਸੱਤ ਵਾਰ ਦੁਹਰਾਓ।

ਲਾਭ : (1) ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਇਹ ਆਸਣ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ।
(2) ਬਾਂਹ ਦੇ ਉਪਰਲੇ ਹਿੱਸੇ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ।
(3) ਪੇਟ ਦੀਆਂ ਮਾਸਪੇਸ਼ੀਆਂ 'ਚ ਖਿਚਾਅ ਆਉਣ ਨਾਲ ਪੇਟ ਨੂੰ ਸਹੀ ਆਕਾਰ ਮਿਲਦਾ ਹੈ।
(4) ਸਰੀਰ ਨੂੰ ਚੁਸਤ-ਦਰੁਸਤ ਕਰਕੇ ਤੁਰੰਤ ਊਰਜਾ ਭਰ ਦਿੰਦਾ ਹੈ।
(5) ਕੋਮਲ ਸਰੀਰ ਦੇ ਚਾਹਵਾਨਾਂ ਲਈ ਇਹ ਆਸਣ ਇਕ ਵਰਦਾਨ ਹੈ।

ਸਾਵਧਾਨੀਆਂ : ਇਸ ਆਸਣ ਨੂੰ ਕਰਨ ਵੇਲੇ ਲੱਤਾਂ ਨੂੰ ਹਿੱਲਣ ਨਹੀਂ ਦੇਣਾ ਚਾਹੀਦਾ, ਸਿਰਫ ਗਰਦਨ ਦੀ ਮਦਦ ਨਾਲ ਹੀ ਪਹਿਲੇ ਅਤੇ ਦੂਜੇ ਹਿੱਸੇ ਦਾ ਅਭਿਆਸਸ ਕਰੋ।

ਖਾਸ ਕਰ : ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਜੋ ਹਰ ਤਰ੍ਹਾਂ ਦਾ ਆਸਣ ਨਹੀਂ ਕਰ ਸਕਦੇ, ਇਸ ਆਸਣ ਅਭਿਆਸ ਨਾਲ ਦਰਦਾਂ ਤੋਂ ਮੁਕਤੀ ਦੇ ਨਾਲ-ਨਾਲ ਉਹ ਆਪਣੇ ਸਰੀਰ 'ਚ ਲਚਕੀਲਾ, ਸੁਡੌਲਤਾ ਅਤੇ ਸਹੀ ਆਕਾਰ ਵੀ ਪ੍ਰਾਪਤ ਕਰੋਗੇ।

ਨੋਟ : ਕਿਸੇ ਵੀ ਤਰ੍ਹਾਂ ਦੀ ਕਸਰਤ ਜਾਂ ਯੋਗ ਅਭਿਆਸ ਕਰਨ ਤੋਂ ਪਹਿਲਾਂ ਆਪਦੇ ਡਾਕਟਰ ਤੋਂ ਸਲਾਹ ਜ਼ਰੂਰ ਲਓ।

– ਯੋਗ ਥੈਰੇਪਿਸਟ ਅਨੁਪ੍ਰਿਯਾ



# ਕਾਵਿ ਕਿਆਰੀ

## ਕੈਸਾ ਹੈ ਧੀਆਂ ਦਾ ਸੰਸਾਰ

ਪਹਿਲਾਂ ਬਾਬਲ ਦਾ ਦਰ
ਫੇਰ ਪਤੀ ਦਾ ਦਰਬਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਧੀਆਂ ਕੋਲ ਘਰ ਨਹੀਂ ਟਿਕਾਣਾ ਹੁੰਦਾ
ਚਾਹਤ ਨਹੀਂ ਭਾਣਾ ਹੁੰਦਾ
ਘਰ ਤੋਂ ਦਫ਼ਤਰ
ਤੇ ਦਫ਼ਤਰ ਤੋਂ ਘਰ ਜਿੱਡੀ ਪਰਵਾਜ਼ ਹੁੰਦੀ
ਨਿਮਰ ਤੇ ਨੀਵੀਂ ਆਵਾਜ਼ ਹੁੰਦੀ
ਬੋਲਣ ਤਾਂ ਡੋਲਦੀ ਹੈ ਧਰਤੀ
ਤ੍ਰਭਕਦਾ ਹੈ ਆਸਮਾਨ
ਕੁਤਰ ਦਿੱਤੀ ਜਾਂਦੀ ਹੈ ਜ਼ੁਬਾਨ
ਤੋਏ ਤੋਏ ਕਰਦੇ ਨੇ ਦੁਨੀਆਦਾਰ
ਅਤੇ ਖ਼ਾਮੋਸ਼ ਵੇਖਦਾ ਰਹਿੰਦਾ ਹੈ
ਪਾਕ ਪਰਵਦਗਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਫ਼ਰਜ਼ਾਂ ਤੇ ਫ਼ਿਕਰਾਂ 'ਚ ਕੱਟ ਦਿੰਦੀਆਂ ਨੇ ਜੂਨ
ਰਹਿਣ ਸੁਕਾਉਂਦੀਆਂ ਆਪਣਾ ਹੀ ਖ਼ੂਨ
ਕਦੇ ਪਤੀ ਦੇ ਜਾਣ ਦਾ ਫ਼ਿਕਰ
ਕਦੇ ਬੱਚਿਆਂ ਦੇ ਆਉਣ ਦੀ ਉਡੀਕ
ਸੱਸ ਸਹੁਰੇ ਦੀ ਬੀਮਾਰੀ
ਆਏ ਗਏ ਦੀ ਤੀਮਾਰਦਾਰੀ
ਦਿਲ ਦੇ ਚਾਵਾਂ ਨੂੰ ਅੱਗੇ ਪਾਉਂਦੇ ਪਾਉਂਦੇ
ਮਰ ਮੁੱਕ ਜਾਂਦੇ ਨੇ ਸੁਪਨੇ
ਤੇ ਲੰਘ ਜਾਂਦੇ ਨੇ ਤਿੱਥਾਂ ਤੇ ਤਿਉਹਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਤਨਖ਼ਾਹ ਵੀ ਲਿਆਉਂਦੀਆਂ
ਜ਼ਿੰਮੇਵਾਰੀਆਂ ਵੀ ਨਿਭਾਉਂਦੀਆਂ
ਭਾਰ ਵੀ ਵੰਡਾਉਂਦੀਆਂ
ਐਪਰ ਫਿਰ ਵੀ
ਪਰਾਈਆਂ ਅਖਵਾਉਂਦੀਆਂ
ਕਦੇ ਦਾਜ ਲਈ ਮਰਦੀਆਂ
ਕਦੇ ਲਾਜ ਲਈ ਮਰਦੀਆਂ
ਅੜਨ ਤਾਂ ਟੁੱਟਦਾ ਹੈ ਘਰ
ਲੜਨ ਤਾਂ ਡਰਾਉਂਦੀਆਂ ਨੇ ਕਚਹਿਰੀਆਂ
ਬਾਬਲ ਘਬਰਾਉਂਦਾ ਹੈ
ਦਿਨ ਕਟੀ ਲਈ ਦਬਕਾਉਂਦਾ ਹੈ
ਇਕੱਲੀਆਂ ਦੇਖ ਦੇਖ
ਲਲਚਾਉਂਦਾ ਹੈ ਜ਼ਮਾਨਾ
ਤੇ ਘੂਰਦਾ ਹੈ ਬਾਜ਼ਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਸਿਰਾਂ 'ਤੇ ਚੁੱਕੀ ਫਿਰਨ
ਖ਼ੌਰੇ ਕਿੰਨੀਆਂ ਕੁ ਧਰਤੀਆਂ ਦਾ ਭਾਰ ?
ਕੈਸਾ ਹੈ ਧੀਆਂ ਦਾ ਸੰਸਾਰ ?



**- ਪ੍ਰੋ. ਕੁਲਵੰਤ ਔਜਲਾ**
ਸੰਪਰਕ: 01822-235343

# ਗ਼ਜ਼ਲ

ਜੰਗਲ ਬੀਆਬਾਨ ਘਣਾ ਸੀ, ਛਾਇਆ ਘੁੱਪ ਹਨੇਰਾ,
ਚਾਰੇ ਪਾਸੇ ਭਾਂਅ ਭਾਂਅ ਪਸਰੀ, ਚੁੱਪੀ ਪਾਇਆ ਘੇਰਾ।
ਘੂਕ ਨੀਂਦਰੇ ਪਸ਼ੂ ਤੇ ਪੰਛੀ, ਰਾਤ ਸੀ ਕਾਲ਼ੀ ਬੋਲੀ,
ਕਿਸੇ ਪਿੱਪਲ ਦੀ ਟਾਹਣੀ ਬੈਠੀ, ਇੱਕ ਭੂਤਾਂ ਦੀ ਟੋਲੀ।
ਡਰਦੇ-ਡਰਦੇ ਓਸੇ ਰੁੱਖ ਦੇ, ਥੱਲਿਓਂ 'ਬੰਦੇ' ਲੰਘੇ,
ਏਧਰ-ਓਧਰ ਬਿਟ-ਬਿਟ ਝਾਕਣ, ਨਾ ਕੂਏ ਨਾ ਖੰਘੇ।
ਦੇਖ ਕੇ 'ਬੰਦੇ' ਤ੍ਰਭਕ ਕੇ ਉਠਿਆ, ਇੱਕ ਭੂਤਾਂ ਦਾ ਬੱਚਾ,
ਦੇਖ ਕੇ ਟੋਲੀ ਇਨਸਾਨਾਂ ਦੀ, ਰਹਿ ਗਿਆ ਹੱਕਾ ਬੱਕਾ।
ਹੱਥਾਂ ਦੇ ਵਿੱਚ ਬਰਛੇ ਟਕੂਏ, ਤੇ ਨੰਗੀਆਂ ਤਲਵਾਰਾਂ,
ਲੱਥ ਪੱਥ ਕੱਪੜੇ ਲਹੂ 'ਚ ਰੰਗੇ, ਇਹ ਡਾਰਾਂ ਦੀਆਂ ਡਾਰਾਂ।
ਝੱਟ ਭੂਤਣੀ ਪੁੱਛਣ ਲੱਗੀ, 'ਕਿਸ ਗੱਲੋਂ ਪ੍ਰੇਸ਼ਾਨ ?
ਕਿਹੜੀ ਗੱਲੋਂ ਸਹਿਮਿਆ ਫਿਰਦੈਂ, ਸੌਂ ਜਾ ਲੰਮੀਆਂ ਤਾਣ।'
ਥੱਲੇ ਸਾਰਾ ਦੇਖ ਨਜ਼ਾਰਾ, ਰੋਂਦਿਆਂ ਨਿੱਕਲੀ ਕੂਕ,
'ਡਰ ਲੱਗਦੈ, ਇਨਸਾਨ ਨੇ ਫਿਰਦੇ,' ਬੋਲਿਆ ਨਿੱਕਾ ਭੂਤ।
ਮਾਂ ਭੂਤਣੀ ਹਿੱਕ ਨਾਲ ਲਾ ਕੇ, ਹੱਸ ਕੇ ਆਖਣ ਲੱਗੀ,
'ਚੱਲ ਉੱਠ ਮਿਰਚਾਂ ਵਾਰਾਂ ਤੈਥੋਂ, ਹਵਾ ਓਪਰੀ ਲੱਗੀ।
ਕੁਝ ਨਹੀਂ ਹੋਇਆ, ਡਰ ਨਾ ਐਵੇਂ, ਸੁਪਨੇ ਨੀਂਦ 'ਚ ਦੇਖੇ,
ਬੰਦੇ ਬੁੰਦੇ ਕੁਝ ਨਹੀਂ ਹੁੰਦੇ, ਇਹ ਸਭ ਭਰਮ ਭੁਲੇਖੇ।'

**ਜਸਵਿੰਦਰ ਜਲੰਧਰੀ**
ਸੰਪਰਕ: 98768-07218

# ਗ਼ਜ਼ਲ

ਮੁੜ ਕੇ ਦੁਰਕਾਰਿਆ ਜਾਂਦਾ ਨਹੀਂ,
ਇੱਕ ਵਾਰ ਜੀਹਨੂੰ ਅਪਣਾ ਲਈਏ।
ਸੋਚਣ ਦੀ ਕਾਈ ਥਾਂ ਨਾ ਰਹੇ,
ਪਿਆਰ ਜਦੋਂ ਵੀ ਪਾ ਲਈਏ।
ਸਭ ਦੁਨੀਆਂ ਮਤਲਬਖ਼ੋਰੀ ਏ,
ਖ਼ੁਦਗਰਜ਼ੀ ਹੈ ਕਿਰਦਾਰ ਇਹਦਾ,
ਚੰਗਾ ਹੈ ਆਪਣੇ ਮਨ ਤਾਈਂ,
ਇਹ ਰਮਜ਼ ਅਸੀਂ ਸਮਝਾ ਲਈਏ।
ਹੁਸਨ ਇਸ਼ਕ ਦਾ ਚੱਕਰ ਇਹ,
ਚੱਲਦਾ ਹੈ ਮੁੱਢ ਕਦੀਮਾਂ ਤੋਂ,
ਅੱਖ ਲੱਗਣੀ ਔਖੀ ਹੋ ਜਾਂਦੀ,
ਜਦ ਅੱਖੀਆਂ ਕਿਧਰੇ ਲਾ ਲਈਏ।
ਤੁਸੀਂ ਭਲਾ ਸੋਚਦੇ ਲੋਕਾਂ ਦਾ,
ਪਰ ਉਹ ਵੀ ਹਨ ਜੋ ਬੁਰਾ ਚਾਹੁਣ,
ਵੱਖੋ ਵੱਖ ਕਿਰਦਾਰ ਜੋ ਹਨ,
ਅਸੀਂ ਮਨ ਤਾਈਂ ਸਮਝਾ ਲਈਏ।
ਖੁੱਲ੍ਹਦਿਲੀਆਂ ਦੀ ਕਾਈ ਕਦਰ ਨਹੀਂ,
ਤੰਗਦਿਲ ਜਿਹੀ ਫ਼ਿਜ਼ਾ ਅੰਦਰ,
ਬਿਹਤਰ ਹੈ ਗੱਲ ਸਮਝ ਲਵੋ,
ਚੁੱਪ ਕਰ ਕੇ ਵਕਤ ਲੰਘਾ ਲਈਏ।
ਅਮਨ ਮਨੁੱਖ ਦਾ ਖ਼ਾਸਾ ਹੈ,
ਤੇ ਜੰਗ ਸ਼ੈਤਾਨੀ ਫ਼ਿਤਰਤ ਹੈ,
ਇਸ ਤੱਤ ਨੂੰ ਪੱਕਾ ਕਰ ਲਈਏ,
ਤਨ ਮਨ ਵਿੱਚ ਰਚਾ ਲਈਏ।
ਖਾ ਖਾ ਕੇ ਠੇਡੇ ਸੰਭਲ ਗਏ,
ਹੁਣ ਮੰਜ਼ਿਲ ਨੇੜੇ ਆ ਗਈ ਏ,
'ਨਵਰਾਹੀ' ਬੜੀ ਤਸੱਲੀ ਏ,
ਸੋ ਗੀਤ ਖ਼ੁਸ਼ੀ ਦੇ ਗਾ ਲਈਏ।





**ਨਵਰਾਹੀ ਘੁਗਿਆਣਵੀ**
ਸੰਪਰਕ: 98150-02302

# ਕਹਾਣੀ: ਮੇਰੇ ਮਰਨ ਪਿੱਛੋਂ

ਮੂਲ ਲੇਖਕ: ਲਤੀਫ਼ ਘੋਂਗ
ਪੰਜਾਬੀ ਅਨੁਵਾਦ: ਕਾਂਤਾ ਸ਼ਰਮਾ

ਇਹ ਮੇਰੀ ਬਦਕਿਸਮਤੀ ਸੀ ਕਿ ਮੈਂ ਮਰਿਆ ਵੀ ਤਾਂ ਐਤਵਾਰ ਦੇ ਦਿਨ। ਬੇਕਾਰ ਹੀ ਇੱਕ ਛੁੱਟੀ ਖਰਾਬ ਹੋ ਗਈ। ਮੁਹੱਲੇ ਦੀਆਂ ਔਰਤਾਂ ਜਮ੍ਹਾਂ ਹੋ ਗਈਆਂ। ਮੈਨੂੰ ਬੜਾ ਦੁੱਖ ਹੋਇਆ ਜਿਉਂਦੇ ਜੀਅ ਜਿਨ੍ਹਾਂ ਔਰਤਾਂ ਦੇ ਦਰਸ਼ਨ ਨਹੀਂ ਸੀ ਕਰ ਸਕਿਆ, ਅੱਜ ਉਹ ਬੇਪਰਦਾ ਮੇਰੇ ਸਾਹਮਣੇ ਖੜ੍ਹੀਆਂ ਸਨ। ਮੇਰੀ ਪਤਨੀ ਜਨਾਜ਼ਾ ਦੇਖ ਕੇ ਰੋਣ ਲੱਗੀ। ਮੁਹੱਲੇ ਦੀਆਂ ਜਵਾਨ ਔਰਤਾਂ ਨੇ ਸਮਝਾਇਆ, ਪਾਗਲ ਹੋ ਗਈ ਏ। ਮਰਨ ਵਾਲੇ ਦੇ ਪਿਛੇ ਰੋਈਦਾ ਨਹੀਂ। ਹਾਲੇ ਤੇਰੀ ਉਮਰ ਹੀ ਕੀ ਹੈ।' ਮੇਰੀ ਪਤਨੀ ਨੇ ਪਾਣੀ ਪੀਤਾ ਫ਼ਿਰ ਆਦਤ ਅਨੁਸਾਰ ਮੇਰੀਆਂ ਜੇਬਾਂ ਫ਼ਰੋਲਣ ਲੱਗੀ। ਕਮੀਜ਼ ਦੇ ਜੇਬ 'ਚੋਂ ਤੀਹ ਪੈਸੇ ਨਿਕਲੇ। ਫ਼ੁਲ ਪੈਂਟ ਦੀ ਜੇਬ ਟੋਹ ਕੇ ਉਸ ਨੇ ਪਾਸ ਬੁਕ ਕੱਢੀ ਬੈਂਕ ਦਾ ਵਿਆਜ ਜੋੜ ਕੇ ਕੁਲ ਪੰਜ ਰੁਪਏ ਬਿਆਲੀ ਪੈਸੇ ਜਮ੍ਹਾਂ ਸਨ। ਉਹ ਧਾਹ ਮਾਰ ਕੇ ਬੇਹੋਸ਼ ਹੋ ਗਈ। ਇੱਕ ਅਧਖੜ ਔਰਤ ਨੇ ਕਿਹਾ, 'ਵਿੱਚਾਰੀ ਤੋਂ ਪਤੀ ਦੀ ਮੌਤ ਦਾ ਸਦਮਾ ਬਰਦਾਸ਼ਤ ਨਹੀਂ ਹੋ ਰਿਹਾ।' ਮੇਰੀ ਮੌਤ ਦਾ ਸਭ ਤੋਂ ਬਹੁਤਾ ਦੁੱਖ ਮੌਲਾਨਾ ਸੈਫ਼ੁਦੀਨ ਦੀ ਲੜਕੀ ਨੂੰ ਹੋਇਆ। ਜਿਸ ਨੂੰ ਮੈਂ ਅੰਗਰੇਜ਼ੀ ਦੀ ਟਿਊਸ਼ਨ ਪੜ੍ਹਾਉਂਦਾ ਸੀ। ਉਹ ਮੈਨੂੰ ਅਕਸਰ ਪੁੱਛਦੀ, 'ਸਰ ਕੀ ਮੈਂ ਮੋਟੀ ਹੋ ਗਈ ਹਾਂ ? ਮੈਂ ਬੇਵਕੂਫ਼ ਮਾਸਟਰ ਦੀ ਤਰ੍ਹਾਂ ਉਸ ਨੂੰ 'ਜੂਲੀਅਸ ਸੀਜ਼ਰ' ਪੜ੍ਹਾਉਣ ਲੱਗਦਾ। ਮੇਰੀ ਮੌਤ ਦੀ ਖ਼ਬਰ ਸੁਣ ਕੇ ਸਭ ਤੋਂ ਪਹਿਲਾਂ ਮੇਰੇ ਘਰ ਪਹੁੰਚਣ ਵਾਲਾ ਵਿਅਕਤੀ ਮੇਰਾ ਹੈਡ ਮਾਸਟਰ ਸੀ। ਉਹ ਖੂਬ ਰੋਇਆ। ਮੈਂ ਉਸ ਤੋਂ ਸੌ ਰੁਪਏ ਉਧਾਰ ਲੈ ਰੱਖੇ ਸਨ। ਗਵਾਂਢੀਆਂ ਨੇ ਬੜਾ ਸਮਝਾਇਆ ਪਰ ਉਹ ਅਖੀਰ ਤਕ ਮੇਰੀ ਲਾਸ਼ ਨਾਲ ਲਿਪਟ ਲਿਪਟ ਕੇ ਰੋਂਦਾ ਰਿਹਾ। ਲੋਕ ਕਹਿ ਰਹੇ ਸਨ, 'ਹੈਡਮਾਸਟਰ ਹੋਵੇ ਤਾਂ ਇਹੋ ਜਿਹਾ ਆਪਣੇ ਮਤਾਹਿਤ ਲਈ ਕਿੰਨੀ ਹਮਦਰਦੀ ਹੈ ਇਸ ਦੇ ਦਿਲ 'ਚ। ਸ਼ਾਇਦ ਇਸ ਤੋਂ ਜ਼ਿਆਦਾ ਸਦਮਾ ਤਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਵੀ ਨਹੀਂ ਹੋਇਆ ਹੋਣਾ। ਇਸ ਤੋਂ ਬਾਅਦ ਧਾਹਾਂ ਮਾਰ ਰੋਣ ਵਾਲਿਆਂ 'ਚ ਮੇਰਾ ਮਕਾਨ ਮਾਲਕ ਤੇ ਉਹ ਦੁਕਾਨਦਾਰ ਸੀ ਜਿਸ ਤੋਂ ਮੈਂ ਕਣਕ ਤੇ ਚੌਲ ਖਰੀਦਦਾ ਸਾਂ। ਮੇਰੇ ਲਈ ਸਵਾ ਰੁਪਏ ਦਾ ਕਫ਼ਨ ਖਰੀਦਿਆ ਗਿਆ। ਪਤਨੀ ਨੇ ਰੋਂਦੇ ਹੋਏ ਕਿਹਾ, 'ਮੇਰੇ ਪਤੀ ਦੀ ਆਖਰੀ ਖਾਹਸ਼ ਸੀ ਕਿ ਉਸ ਨੂੰ ਸਾਦਗੀ ਨਾਲ ਦਫ਼ਨਾਇਆ ਜਾਵੇ।' ਉਹਨੇ ਇਧਰੋਂ ਉਧਰੋਂ ਇੱਕੱਠੇ ਕੀਤੇ ਪੈਸਿਆਂ ਨਾਲ ਕਫ਼ਨ ਦਾ ਬਿੱਲ ਚੁਕਾਇਆ। ਲੋਕਾਂ ਨੇ ਬੜਾ ਸਮਝਾਇਆ ਪਰ ਉਹ ਵਾਲ ਖੋਂਹਦੀ ਤੇ ਰੋਂਦੀ ਰਹੀ। ਕਫ਼ਨ ਦੇ ਬਿੱਲ ਨਾਲ ਉਸ ਦੀ ਹਿੰਮਤ ਟੁੱਟ ਗਈ ਸੀ। ਉਹ ਰੋਂਦੀ ਵਿਲਕਦੀ ਰਹੀ ਤੇ ਮੇਰਾ ਜਨਾਜ਼ਾ ਵਿਹੜੇ 'ਚੋਂ ਬਾਹਰ ਲਿਆ ਕੇ ਸੜਕ 'ਤੇ ਰੱਖ ਦਿੱਤਾ ਗਿਆ। ਜਨਾਜ਼ੇ ਨੂੰ ਮੋਢਾ ਦੇਣ ਵਾਲਿਆਂ 'ਚ ਸਭ ਤੋਂ ਪਹਿਲਾ ਆਦਮੀ ਮੇਰਾ ਧੋਬੀ ਸੀ। ਕਹਿਣ ਲੱਗਾ, 'ਭਾਈ ਹੋਣੀ ਨੂੰ ਕੌਣ ਟਾਲ ਸਕਦਾ ਹੈ। ਮਰਨ ਵਾਲਾ ਤਾਂ ਮਰ ਗਿਆ ਪਰ ਮੈਨੂੰ ਹਮੇਸ਼ਾਂ ਯਾਦ ਰਹੇਗਾ। ਇਸ ਦੀ ਕਮੀਜ਼ ਨੂੰ ਪੂਰੀ ਇੱਕ ਚਾਕੀ ਸਾਬਣ ਲੱਗਦਾ ਸੀ। ਹੁਣ ਇਹ ਸਫ਼ੈਦ ਚਕਾਚਕ ਕਫ਼ਨ ਦੇਖਕੇ ਮੈਨੂੰ ਰੋਣਾ ਆ ਰਿਹਾ ਹੈ।' ਮੋਢਾ ਦੇਣ ਵਾਲਾ ਦੂਸਰਾ ਵਿਅਕਤੀ ਮੇਰੇ ਹੀ ਸਕੂਲ ਦਾ ਮਾਸਟਰ ਸੀ ਜੋ ਦਿਲੋਂ ਮੈਨੂੰ ਗਾਲਾਂ ਦੇ ਰਿਹਾ ਸੀ, 'ਸਾਲੇ ਨੇ ਐਤਵਾਰ ਨੂੰ ਈ ਮਰਨਾ ਸੀ। ਐ ਖ਼ੁਦਾ ਹੋਰ ਜੋ ਮਰਜ਼ੀ ਕਰੀਂ, ਕਿਸੇ ਨੂੰ ਐਤਵਾਰ ਦੀ ਮੌਤ ਨਾ ਦੇਵੀਂ।' ਤੀਜੇ ਮੋਢੇ 'ਤੇ ਮੌਲਾਨਾ ਸੈਫ਼ੁਦੀਨ ਸੀ ਜੋ ਬੀੜੀ ਦਾ ਤੰਬਾਕੂ ਮੂੰਹ 'ਚ ਦਬਾਈ ਜਨਾਜ਼ਾ ਢੋ ਰਹੇ ਸਨ। ਉਹ ਉਤੋਂ ਦੁਖੀ ਪਰ ਅੰਦਰੋਂ ਬਹੁਤ ਖੁਸ਼ ਸਨ। ਮੈਂ ਉਨ੍ਹਾਂ ਤੋਂ ਹਾਲੇ ਇੱਕ ਮਹੀਨੇ ਦੀ ਟਿਊਸ਼ਨ ਦੇ ਪੈਸੇ ਲੈਣੇ ਸਨ। ਚੌਥੇ ਮੋਢੇ ਹੇਠਾਂ ਮੇਰਾ ਇੱਕ ਵਿਦਿਆਰਥੀ ਸੀ। ਉਸ ਨੂੰ ਮੇਰੀ ਮੌਤ



ਦਾ ਕੋਈ ਦੁੱਖ ਨਹੀਂ ਸੀ। ਕਿਉਂਕਿ ਹੋਰ ਕੋਈ ਚੌਥਾ ਹੱਟਾ ਕੱਟਾ ਆਦਮੀ ਮਿਲਿਆ ਨਹੀਂ। ਇਸ ਲਈ ਲੋਕਾਂ ਨੇ ਚੌਥਾ ਮੋਢਾ ਉਸ 'ਤੇ ਟਿਕਾ ਦਿੱਤਾ ਸੀ। ਰੇਲਵੇ ਫ਼ਾਟਕ ਬੰਦ ਸੀ ਇਸ ਲਈ ਜਨਾਜ਼ਾ ਥੋੜ੍ਹੀ ਦੇਰ ਲਈ ਹੇਠਾਂ ਉਤਾਰ ਲਿਆ ਗਿਆ। ਜਨਾਜ਼ੇ 'ਚ ਸ਼ਾਮਲ ਲੋਕਾਂ 'ਚੋਂ ਇੱਕ ਨੇ ਕਿਹਾ, 'ਖ਼ੁਦਾ ਦੀ ਕੁਦਰਤ ਹੈ, ਮਰਨ ਤੋਂ ਬਾਅਦ ਆਦਮੀ ਕਿੰਨਾ ਭਾਰਾ ਹੋ ਜਾਂਦਾ ਹੈ।' ਫ਼ਿਰ ਉਸ ਨੇ ਰੁਮਾਲ ਲੈ ਕੇ ਪਸੀਨਾ ਪੂੰਝਿਆ ਤੇ ਬੋਲਿਆ, 'ਯਾ ਪਰਵਰਦਿਗਾਰ ਮਰਨ ਤੋਂ ਬਾਦ ਕਿਸੇ ਨੂੰ ਐਨਾ ਭਾਰਾ ਵੀ ਨਾ ਕਰ ਦੇਣਾ ਕਿ ਦੂਸਰਿਆਂ ਨੂੰ ਤਕਲੀਫ਼ ਹੋਵੇ।' ਅਰਥੀ ਪਿਛੇ ਇੱਕ ਛੋਟਾ ਜਿਹਾ ਜਲੂਸ ਸੀ ਜਿਸ 'ਚ ਸੌ ਡੇਢ ਸੌ ਸਕੂਲੀ ਵਿਦਿਆਰਥੀ ਸਨ ਜਿਨ੍ਹਾਂ ਨੂੰ ਹੈਡਮਾਸਟਰ ਸਾਬ੍ਹ ਨੇ ਐਕਸਟਰਾ ਕਲਾਸ ਲਈ ਬੁਲਾਇਆ ਸੀ। ਹੁਣ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਸਿਖਿਆ ਵਿਭਾਗ ਦਾ ਜਨਾਜ਼ਾ ਕਿਸੇ ਰਾਜਨੀਤਕ ਜਨਾਜ਼ੇ ਤੋਂ ਘੱਟ ਨਹੀਂ ਹੁੰਦਾ। ਆਪਣੇ ਪਿੱਛੇ ਆਉਂਦਾ ਹੋਇਆ ਜਲੂਸ ਦੇਖਕੇ ਮੈਨੂੰ ਖੁਸ਼ੀ ਹੋਈ। ਇੰਨਾ ਲੰਬਾ ਜਲੂਸ ਤਾਂ ਵੱਡੇ ਵੱਡੇ ਨੇਤਾਵਾਂ ਪਿਛੇ ਵੀ ਨਹੀਂ ਹੁੰਦਾ। ਪੂਰਾ ਕਬਰਸਤਾਨ ਰੇਲ ਦੇ 'ਥਰੀ ਟਾਇਰ' ਡੱਬੇ ਵਾਂਗੂੰ ਖਚਾਖਚ ਭਰਿਆ ਹੋਇਆ ਸੀ। ਕਾਫ਼ੀ ਖੋਜ ਤੋਂ ਬਾਅਦ ਜਿਹੜੀ ਜਗ੍ਹਾ ਪਸੰਦ ਕੀਤੀ ਗਈ ਉਸ ਦੇ ਸੱਜੇ ਹੱਥ ਜਨਾਬ ਇਨਾਇਤ ਅਲੀ ਜ਼ਖ਼ਮੀ ਦੀ ਕਬਰ ਸੀ। 'ਜ਼ਖ਼ਮੀ' ਹਿੰਦੀ ਦੇ ਕਵੀ ਸਨ ਜਿਨ੍ਹਾਂ ਦੀਆਂ ਕਵਿਤਾਵਾਂ ਤੋਂ ਡਰਦਾ ਮੈਂ ਘਰ ਦੇ ਸਭ ਤੋਂ ਪਿਛਲੇ ਕਮਰੇ 'ਚ ਛੁਪ ਜਾਇਆ ਕਰਦਾ ਸੀ। ਪਰ ਲੱਗਦਾ ਹੈ ਹੁਣ ਉਨ੍ਹਾਂ ਦੀਆਂ ਜ਼ੋਰਦਾਰ ਸ਼ੋਰਦਾਰ ਰਚਨਾਵਾਂ ਜਿਨ੍ਹਾਂ ਨੂੰ ਜੀਉਂਦੇ ਜੀਅ ਸੁਣਨ ਦਾ ਸੁਭਾਗ ਮੈਨੂੰ ਨਹੀਂ ਸੀ ਮਿਲਿਆ ਹੁਣ ਵਿਆਖਿਆ ਸਹਿਤ ਸੁਣਨੀਆਂ ਪੈਣਗੀਆਂ। ਉਨ੍ਹਾਂ ਦੀਆਂ ਕਵਿਤਾਵਾਂ ਤਾਂ ਮੈਂ ਮਰਨ ਤੋਂ ਬਾਦ ਵੀ ਸੁਣ ਲੈਂਦਾ ਪਰ ਅਫ਼ਸੋਸ ਸੀ ਕਿ ਮੇਰੀ ਕਬਰ ਦੇ ਖੱਬੇ ਪਾਸੇ ਡਾ. ਜ਼ਾਫ਼ਰ ਅਲੀ ਹੈਦਰੀ ਜੋ ਹਿੰਦੀ ਦੇ ਬੜੇ ਆਲੋਚਕ ਤੇ ਪ੍ਰਗਤੀਸ਼ੀਲ ਸਪਤਾਹਿਕ ਦੇ ਸੰਪਾਦਕ ਸਨ। ਉਹ ਜਦੋਂ ਤਕ ਪਤ੍ਰਿਕਾ ਦੇ ਸੰਪਾਦਕ ਰਹੇ, ਜ਼ਖ਼ਮੀ ਸਾਹਬ ਦੀਆਂ ਰਚਨਾਵਾਂ 'ਧੰਨਵਾਦ ਸਹਿਤ' ਵਾਪਸ ਭੇਜਦੇ ਰਹੇ। ਮੈਨੂੰ ਕੀ ਪਤਾ ਸੀ ਕਿ ਮਰਨ ਤੋਂ ਬਾਦ ਮੈਂ ਦੋ ਉਘੇ ਸਾਹਿਤਕਾਰਾਂ ਵਿੱਚਕਾਰ ਫ਼ਸ ਜਾਵਾਂਗਾ ਜਿਹੜੇ ਮੇਰੀ ਰਾਤਾਂ ਦੀ ਨੀਂਦ ਹਰਾਮ ਕਰਨਗੇ। ਇਸ ਤੋਂ ਇਲਾਵਾ ਮੈਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ ਸੀ ਕਿ ਮੇਰੀ ਕਬਰ 'ਤੇ 'ਫ਼ਾਤਿਹਾ' ਪੜ੍ਹਨ ਵਾਲੇ ਸਾਹਿਤਕਾਰ ਪੂਰੇ ਸ਼ਹਿਰ 'ਚ ਇਹ ਕਹਿੰਦੇ ਫ਼ਿਰਨ ਕਿ ਦੋ ਮੰਨੇ ਪ੍ਰਮੰਨੇ ਵਿਦਵਾਨਾਂ ਵਿੱਚਕਾਰ ਇਹ ਬੇਵਕੂਫ਼ ਮਾਸਟਰ ਕਿਧਰੋਂ ਘੁਸੜ ਗਿਆ। ਕਬਰ ਖੁਦਾਈ ਸਮੇਂ ਉਥੋਂ ਛੋਟਾ ਜਿਹਾ ਹੱਡੀ ਦਾ ਟੁਕੜਾ ਮਿਲਿਆ। ਮੌਲਾਨਾ ਸਾਹਬ ਬੋਲੇ, 'ਬੰਦ ਕਰੋ। ਲੱਗਦਾ ਹੈ ਇਥੇ ਪਹਿਲਾਂ ਹੀ ਕਿਸੇ ਦੀ ਕਬਰ ਹੈ।' ਖ਼ੁਦਾ ਨੇ ਮੇਰੀ ਸੁਣ ਲਈ ਤੇ ਮੈਨੂੰ ਸਾਹਿਤਕ ਗੋਸ਼ਟੀਆਂ ਤੋਂ ਬਚਾ ਲਿਆ। ਲੋਕਾਂ ਕੋਈ ਦੂਜੀ ਜਗ੍ਹਾ ਲੱਭ ਕੇ ਕਬਰ ਪੁਟੀ। ਲੋਕ ਜਨਾਜ਼ੇ ਦੀ ਨਮਾਜ਼ ਲਈ ਕਤਾਰ 'ਚ ਖੜ੍ਹੇ ਹੋ ਗਏ। ਜਲਦੀ ਜਲਦੀ ਨਮਾਜ਼ ਪੜ੍ਹੀ ਗਈ ਤੇ ਮੈਨੂੰ ਕਬਰ 'ਚ ਉਤਾਰਿਆ ਜਾਣ ਲੱਗਾ। ਲੋਕ ਇੰਨੇ ਥੱਕ ਗਏ ਸਨ ਕਿ ਉਨ੍ਹਾਂ ਹੱਥੋਂ ਮੇਰਾ ਮੁਰਦਾ ਹੀ ਛੁੱਟ ਗਿਆ ਤੇ ਮੈਨੂੰ ਤਿੰਨ ਫ਼ੁਟ ਉਪਰੋਂ ਕਬਰ ਵਿੱਚ ਅਮੋਨੀਅਮ ਸਲਫ਼ੇਟ ਦੇ ਬੋਰੇ ਵਾਂਗ ਸੁੱਟ ਦਿੱਤਾ ਗਿਆ। ਮੌਲਾਨਾ ਬੜੇ ਨਾਰਾਜ਼ ਹੋਏ ਕਹਿਣ ਲੱਗੇ, 'ਇਸਲਾਮ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੇ ਮੁਰਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਏ। ਖ਼ੁਦਾ ਸਾਨੂੰ ਸਭ ਨੂੰ ਮੁਆਫ਼ ਕਰੇ।' ਕਫ਼ਨ ਖੋਲ੍ਹ ਕੇ ਮੇਰਾ ਮੂੰਹ ਬਾਹਰ ਕੱਢਿਆ ਗਿਆ। ਮੌਲਾਨਾ ਨੇ ਐਲਾਨ ਕੀਤਾ ਕਿ ਜੋ ਮੇਰਾ ਮੂੰਹ ਆਖਰੀ ਵਾਰੀ ਦੇਖਣਾ ਚਾਹੁੰਦਾ ਹੈ, ਉਹ ਕਬਰ ਦੇ ਨੇੜੇ ਆ ਜਾਏ। ਕੋਈ ਨਹੀਂ ਆਇਆ ਇੱਕ ਬੱਚਾ ਜਿਸ ਨੂੰ ਮੈਂ ਅੰਗਰੇਜ਼ੀ 'ਚੋਂ ਫ਼ੇਲ ਕਰ ਦਿੱਤਾ ਸੀ ਦੌੜਦਾ ਹੋਇਆ ਆਇਆ ਤੇ ਮੈਨੂੰ ਦੇਖ ਕੇ ਖੂਬ ਰੋਇਆ। ਆਪਣੀਆਂ ਨਿੱਕੀਆਂ ਨਿੱਕੀਆਂ ਹਥੇਲੀਆਂ ਨਾਲ ਹੰਝੂ ਪੂੰਝਦਾ ਰਿਹਾ ਅਤੇ ਫ਼ਿਰ ਮੇਰੀ ਕਬਰ 'ਤੇ ਮਿੱਟੀ ਪਾ ਦਿੱਤੀ ਗਈ। ਇੱਕ ਰੋਜ਼ਾਨਾ ਅਖਬਾਰ 'ਚ ਮੇਰੀ ਮੌਤ ਦੀ ਖਬਰ ਕੁਝ ਇਸ ਤਰ੍ਹਾਂ ਛਪੀ ਪਿਛਲੇ ਐਤਵਾਰ ਦਿਲ ਦੀ ਧੜਕਣ ਬੰਦ ਹੋ ਜਾਣ ਕਾਰਨ ਸ੍ਰੀ ਲਤੀਫ਼ ਘੋਂਗੀ ਦਾ ਦੇਹਾਂਤ ਹੋ ਗਿਆ। ਉਹ ਇੰਨੇ ਹਰਮਨ ਪਿਆਰੇ ਸਨ ਕਿ ਜਿਨ੍ਹਾਂ ਕੁੜੀਆਂ ਨੂੰ ਉਹ ਟਿਊਸ਼ਨ ਪੜ੍ਹਾਉਂਦੇ ਸਨ ਉਨ੍ਹਾਂ ਨੇ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਵੱਡੀ ਗਿਣਤੀ 'ਚ ਵਿਦਿਆਰਥੀ ਉਨ੍ਹਾਂ ਦੀ ਅਰਥੀ ਨਾਲ ਗਏ। ਉਹ ਆਪਣੇ ਪਿਛੇ ਪੰਜ ਰੁਪਏ ਪ੍ਰਾਵੀਡੈਂਟ ਫ਼ੰਡ ਅਤੇ ਇੱਕ ਖੂਬਸੂਰਤ ਬੀਵੀ ਛੱਡ ਗਏ ਹਨ।

# ਪਾਣੀ ਦਾ ਸੋਕਾ ਵੀ ਮਾੜਾ ਤੇ ਡੋਬਾ ਵੀ ਮਾੜਾ

**ਗੁਰਦੇਵ ਸਿੰਘ ਜੌਹਲ**



ਪਿੰਡ ਸਾਡੇ ਪਰਿਵਾਰ ਨਾਲ ਇਕ ਕਹਾਣੀ ਜੁੜੀ ਹੋਈ ਸੁਣਦੇ ਆਏ ਹਾਂ। ਸਾਡੇ ਪੜਦਾਦੇ ਦੀ ਇਕ ਕੁੜੀ ਦਾ ਰਿਸ਼ਤਾ ਕਿਸੇ ਪਿੰਡ ਹੋਇਆ ਸੀ। ਵਿਆਹ ਤੋਂ ਪਹਿਲਾਂ ਮੁੰਡੇ ਵਾਲਿਆਂ ਦਾ ਲਾਗੀ ਪੁੱਛਣ ਆਇਆ ਕਿ ਬਰਾਤ 'ਚ ਕਿੰਨੇ ਕੁ ਬੰਦੇ ਆਉਣ ਤਾਂ ਸਾਡੇ ਬਜ਼ੁਰਗ ਨੇ ਸਰ੍ਹੋਂ ਦੇ ਬੀਜਾਂ ਦੀ ਮੁੱਠ ਭਰ ਕੇ ਦੇ ਦਿੱਤੀ। ਵਿਆਹ ਵੇਲੇ ਸੱਚੀਂ ਬਰਾਤ ਬਹੁਤ ਆ ਗਈ। ਗਰਮੀਆਂ ਦੇ ਦਿਨ ਸਨ। ਸ਼ਾਮ ਦਾ ਵੇਲਾ ਸੀ। ਬਰਾਤ ਨੂੰ ਠੰਢਾ-ਮਿੱਠਾ ਪਾਣੀ ਪਿਆਉਣਾ ਸੀ। ਕਹਿੰਦੇ ਨੇ ਕਿ ਸਾਡੇ ਬਜ਼ੁਰਗਾਂ ਨੇ ਪਾਣੀ ਨੂੰ ਮਿੱਠਾ ਕਰਨ ਲਈ ਖੂਹ 'ਚ ਖੰਡ ਦੀਆਂ ਬੋਰੀਆਂ ਸੁੱਟ ਦਿੱਤੀਆਂ। ਉਸ ਦਿਨ ਤੋਂ ਸਾਡੇ ਟੱਬਰ ਦਾ ਨਾਂਅ 'ਮਿੱਠੇ ਕਿਆਂ ਦਾ' ਟੱਬਰ ਪੈ ਗਿਆ।

ਸਾਡੇ ਘਰ ਕੋਈ ਪਾਣੀ ਦਾ ਨਲਕਾ ਨਹੀਂ ਸੀ। ਜੁਆਲਾ ਝਿਊਰ ਪਾਣੀ ਦੇ ਦੋ ਘੜੇ ਸਵੇਰੇ ਤੇ ਇਕ ਘੜਾ ਤਿਰਕਾਲ਼ਾਂ ਨੂੰ ਦੇ ਜਾਂਦਾ ਸੀ। ਪਤਾ ਨਹੀਂ ਏਨੇ ਪਾਣੀ ਨਾਲ ਸਾਰੇ ਟੱਬਰ ਦਾ ਕਿਵੇਂ ਸਰਦਾ ਸੀ। ਗਰਮੀਆਂ ਵਿਚ ਤਾਂ ਹੋਰ ਵੀ ਪ੍ਰਬੰਧ ਕਰਨਾ ਪੈਂਦਾ ਸੀ। ਸਾਡੇ ਬਿਲਕੁਲ ਗੁਆਂਢ ਲੰਬੜਾਂ ਦਾ ਘਰ ਹੁੰਦਾ ਸੀ। ਉਨ੍ਹਾਂ ਦੇ ਨਲਕਾ ਲੱਗਾ ਹੋਇਆ ਸੀ, ਪਰ ਸੀ ਗੁਸਲਖਾਨੇ ਵਿਚ। ਜਦੋਂ ਕੋਈ ਨਹਾ ਰਿਹਾ ਹੁੰਦਾ ਤਾਂ ਪਾਣੀ ਲੈਣਾ ਮੁਸ਼ਕਿਲ ਹੋ ਜਾਂਦਾ। ਜੇਕਰ ਉਨ੍ਹਾਂ ਦੇ ਘਰ ਦਾ ਮੁੱਖ ਦਰਵਾਜ਼ਾ ਖੁੱਲ੍ਹਾ ਹੋਵੇ ਤਾਂ ਜਾ ਕੇ ਨਲਕਾ ਗੇੜ ਕੇ ਪਾਣੀ ਭਰ ਲਈਦਾ ਸੀ। ਸਾਡੇ ਹੋਰ ਆਂਢੀ-ਗੁਆਂਢੀ ਵੀ ਉਥੋਂ ਪਾਣੀ ਲੈਂਦੇ ਸਨ। ਪਰ ਕਈ ਵਾਰ ਉਹ ਦਰਵਾਜ਼ਾ ਬੰਦ ਕਰ ਲੈਂਦੇ ਤੇ ਕੁੰਡਾ ਖੜਕਾਉਣ 'ਤੇ ਵੀ ਨਾ ਖੋਲ੍ਹਦੇ। ਫਿਰ ਪਾਣੀ ਲੈਣ ਲਈ ਮੁਸ਼ਕਿਲ ਆਉਂਦੀ। ਕਈ ਵਾਰ ਕਹਿ ਦੇਣਾ ਕਿ ਲੰਬੜਦਾਰ ਸੌਂ ਰਿਹਾ ਹੈ, ਠਹਿਰ ਕੇ ਲੈ ਜਾਇਓ। ਸੋ, ਅਸੀਂ ਸਾਰੇ ਲੰਬੜਦਾਰਨੀ ਦੇ ਰਹਿਮ 'ਤੇ ਹੁੰਦੇ। ਰਿਸ਼ਤੇ ਵਜੋਂ ਪੇਕਿਆਂ ਵੱਲੋਂ ਤਾਂ ਉਹ ਮੇਰੀ ਭੈਣ ਲਗਦੀ ਸੀ। ਸਾਡੇ ਬਾਪੂ ਦੇ ਮਾਮੇ ਦੀ ਪੋਤੀ। ਪਰ ਸ਼ਰੀਕੇ 'ਚੋਂ ਸਾਡੀ ਦਾਦੀ ਲਗਦੀ ਸੀ। ਕਈ ਵਾਰੀ ਜਦੋਂ ਨੂੰਹ-ਸੱਸ ਦੀ ਖੜਕੀ ਹੁੰਦੀ, ਉਦੋਂ ਵੀ ਮੁੱਖ ਦਰਵਾਜ਼ਾ ਬੰਦ ਹੁੰਦਾ। ਓਦਾਂ ਤਾਂ ਸੱਸ ਜਦੋਂ ਸੁਰਾਂ 'ਤੇ ਹੁੰਦੀ ਤਾਂ ਸਾਰਾ ਦਿਨ ਦਰਵਾਜ਼ਾ ਖੁੱਲ੍ਹਾ ਰੱਖਦੀ।

ਦੂਜਾ ਘਰ ਜਿਸ 'ਚ ਨਲਕਾ ਲੱਗਾ ਹੋਇਆ ਸੀ, ਉਹ ਸੀ ਭਾਈ ਕਾਬਲ ਸਿੰਘ ਦਾ ਘਰ। ਗਲੀ ਦੇ ਸ਼ੁਰੂ 'ਚ ਹੀ। ਨੀਲੀ ਪੱਗ ਵਾਲਾ ਭਾਈ ਪੱਕਾ ਅਕਾਲੀ ਸੀ। ਉਸ ਦੀਆਂ ਦੋ ਤੀਵੀਆਂ ਸਨ। ਵੱਡੀ ਬਿਸ਼ਨੋ ਤੇ ਛੋਟੀ ਕਰਤਾਰ ਕੌਰ। ਸੌਂਕਣਾਂ। ਬਿਸ਼ਨੋ ਦੇ ਬੱਚਾ ਨਹੀਂ ਸੀ। ਕਰਤਾਰ ਕੌਰ ਮਾਲਵੇ ਤੋਂ ਸੀ, ਉਹਦੇ ਇਕ ਮੁੰਡਾ ਸੀ। ਸੌਂਕਣਾਂ ਦੀ ਲੜਾਈ, ਤੌਬਾ-ਤੌਬਾ। ਪਤਾ ਨਹੀਂ ਉਨ੍ਹੀਂ ਕੀ ਵੰਡਣਾ ਹੁੰਦਾ ਸੀ। ਬਹੁਤੀ ਵਾਰੀ ਤਾਂ ਉਨ੍ਹਾਂ ਦਾ ਬਾਹਰਲਾ ਬੂਹਾ ਬਾਹਰੋਂ ਹੀ ਖੋਲ੍ਹ ਲਈਦਾ ਸੀ। ਅੰਦਰ ਮੱਝਾਂ ਬੱਝੀਆਂ ਹੁੰਦੀਆਂ ਸਨ। ਕੁੱਕੜੀਆਂ ਵੀ ਅੰਦਰ ਚੁਗਦੀਆਂ ਫਿਰਦੀਆਂ ਹੁੰਦੀਆਂ। ਪਾਣੀ ਲੈਣ ਵਾਲਿਆਂ 'ਚੋਂ ਕੋਈ ਨਾ ਕੋਈ ਬਾਹਰਲਾ ਦਰਵਾਜ਼ਾ ਖੁੱਲ੍ਹਾ ਛੱਡ ਜਾਂਦਾ। ਮੁਰਗੀਆਂ ਬਾਹਰ ਨਿਕਲ ਜਾਂਦੀਆਂ। ਛੋਟੀ ਬੀਬੀ ਨੂੰ ਚੜ੍ਹ ਜਾਂਦਾ ਗੁੱਸਾ ਤੇ ਦਰਵਾਜ਼ਾ ਅੰਦਰੋਂ ਬੰਦ ਕਰ ਦਿੰਦੀ। ਓਦਾਂ ਤਾਂ ਉਹ ਦੁੱਧ ਤੇ ਆਂਡੇ ਵੀ ਵੇਚਦੀ ਸੀ। ਗਾਹਕ ਵੀ ਆਉਂਦੇ-ਜਾਂਦੇ ਰਹਿੰਦੇ। ਭਾਈ ਜੀ ਉਨ੍ਹਾਂ ਦੀ ਲੜਾਈ 'ਚ ਬਹੁਤਾ ਦਖ਼ਲ ਨਾ ਦਿੰਦੇ। ਅਖੀਰ ਥੱਕ-ਟੁੱਟ ਕੇ ਆਪੇ ਹੀ ਚੁੱਪ ਕਰ ਜਾਂਦੀਆਂ।

ਸਾਡੀ ਬੀਹੀ ਦੇ ਸਾਹਮਣੇ ਵਾਲੀ ਬੀਹੀ ਨੂੰ 'ਪੁਰਾਣੇ ਕਿਆਂ ਦੀ' ਬੀਹੀ ਕਹਿੰਦੇ ਸੀ। ਉਥੇ ਵੀ ਇਕ ਨਲਕਾ ਲੱਗਾ ਹੋਇਆ ਸੀ। ਮੈਂ ਤੇ ਮੇਰੀ ਭੈਣ ਨੇ ਉਥੋਂ ਵੀ ਹਨੇਰੇ ਸਵੇਰੇ ਪਾਣੀ ਦੀਆਂ ਬਾਲਟੀਆਂ ਲਿਆਉਣੀਆਂ, ਜਿਸ ਵਿਹੜੇ 'ਚ ਨਲਕਾ ਲੱਗਾ ਸੀ, ਉਹਦਾ ਦਰਵਾਜ਼ਾ ਤਾਂ ਹਰ ਵੇਲੇ ਖੁੱਲ੍ਹਾ ਹੀ ਰਹਿੰਦਾ ਸੀ। ਜਦੋਂ ਮਰਜ਼ੀ ਪਾਣੀ ਲੈ ਲਓ। ਮੁਸ਼ਕਿਲ ਸਿਰਫ਼ ਇਹ ਸੀ ਕਿ ਉਹ ਸਾਡੇ ਘਰੋਂ ਦੂਰ ਪੈਂਦਾ ਸੀ। ਰਾਹ 'ਚ ਪਾਣੀ ਦੀ ਭਰੀ ਬਾਲਟੀ ਰੱਖ ਕੇ ਸਾਹ ਲੈਣਾ ਪੈਂਦਾ ਸੀ। ਮੈਂ ਵੀ ਅਜੇ ਛੋਟਾ ਜਿਹਾ ਸੀ। ਮੇਰੀ ਭੈਣ ਮੈਥੋਂ ਵੱਡੀ ਸੀ। ਉਸ ਵਿਹੜੇ 'ਚ ਇਕ ਚਕੂੰਦਰ (ਘੀਸ) ਵੀ ਫਿਰਦੀ ਹੁੰਦੀ ਸੀ, ਜਿਸ ਤੋਂ ਮੈਨੂੰ ਬਹੁਤ ਡਰ ਲਗਦਾ ਸੀ। ਜਾਂ ਫਿਰ ਉਸ ਗਲੀ 'ਚ ਇਕ ਸ਼ਰਾਬੀ ਵੀ ਰਹਿੰਦਾ ਸੀ, ਜਿਹੜਾ ਸ਼ਾਮ ਵੇਲੇ ਅਵਾ-ਤਵਾ ਬੋਲਦਾ ਵੀ ਸੁਣਦਾ ਸੀ।

ਚੌਥਾ ਘਰ ਜਿਥੋਂ ਅਸੀਂ ਪਾਣੀ ਲੈਂਦੇ ਸਾਂ ਜਾਂ ਲੋੜ ਵੇਲੇ ਲੈ ਸਕਦੇ ਸਾਂ, ਉਹ ਸਰਦਾਰ ਮਿਲਖਾ ਸਿੰਘ ਦਾ ਘਰ ਸੀ। ਉਨ੍ਹਾਂ ਦੇ ਘਰ ਪਾਣੀ ਦੀ ਖੂਹੀ ਸੀ। ਉਹ ਪਰਿਵਾਰ ਤਾਂ ਮਕਾਨ ਦੇ ਉਪਰਲੇ ਹਿੱਸੇ 'ਚ ਰਹਿੰਦਾ ਸੀ। ਪੂਰਨ ਝਿਊਰ ਜਾਂ ਉਹਦੀਆਂ ਕੁੜੀਆਂ ਉਸ ਖੂਹੀ ਤੋਂ ਡੋਲ ਰਾਹੀਂ ਪਾਣੀ ਕੱਢ ਕੇ ਉਨ੍ਹਾਂ ਦਾ ਦਿਨ ਭਰ ਦਾ ਪਾਣੀ ਭਰ ਜਾਂਦੀਆਂ। ਜੇ ਵੇਲੇ-ਕੁਵੇਲੇ ਸਾਨੂੰ ਪਾਣੀ ਦੀ ਲੋੜ ਹੁੰਦੀ ਤਾਂ ਅਸੀਂ ਵੀ ਖੂਹੀ ਤੋਂ ਪਾਣੀ ਭਰ ਲੈਂਦੇ। ਉਨ੍ਹਾਂ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਘਰ ਦੇ ਵਿਹੜੇ ਦੇ ਦੋ ਦਰਵਾਜ਼ੇ ਸਨ। ਇਕ ਸਾਡੀ ਬੀਹੀ 'ਚ ਖੁੱਲ੍ਹਦਾ ਸੀ ਤੇ ਦੂਜਾ ਸੜਕ ਵੱਲ। ਮਿਲਖਾ ਸਿੰਘ ਘਰਾਂ 'ਚੋਂ ਮੇਰਾ ਬਾਬਾ ਲਗਦਾ ਸੀ ਜਾਂ ਫਿਰ ਜਦੋਂ ਸਾਰੇ ਦਰਵਾਜ਼ੇ ਬੰਦ ਹੁੰਦੇ ਤਾਂ ਖਾਰੇ ਖੂਹ ਤੋਂ ਜਾਂ ਉੱਚੀ ਧਰਮਸ਼ਾਲਾ ਦੇ ਖੂਹ ਤੋਂ ਪਾਣੀ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ। ਸਵੇਰ ਵੇਲੇ ਤਾਂ ਖਾਰੇ ਖੂਹ ਤੋਂ ਜੁਆਲਾ ਅਤੇ ਝੰਡਿਆਂ ਵਾਲੇ ਚੌਕ ਤੋਂ ਸੇਮ ਤੇ ਸੋਹਣ ਪਾਣੀ ਭਰਦੇ ਤੇ ਲੋਕਾਂ ਦੇ ਘਰੀਂ ਦੇ ਆਉਂਦੇ। ਕਿਉਂਕਿ ਮਕਾਨਾਂ ਦੀ, ਵੰਡ ਵੰਡਾਈ 'ਚ ਮੇਰੇ ਬਾਪ ਦੇ ਹਿੱਸੇ ਉੱਪਰ ਵਾਲਾ ਚੁਬਾਰਾ ਆਇਆ ਸੀ ਤੇ ਨਲਕਾ ਲਾਉਣ ਦੀ ਥਾਂ ਨਹੀਂ ਸੀ। ਜਦ ਅਸੀਂ ਨਾਲ ਵਾਲਾ ਘਰ ਮੁੱਲ ਲੈ ਲਿਆ ਤਾਂ ਫਿਰ ਉਸ ਦੀ ਡਿਉੜੀ 'ਚ ਨਲਕਾ ਲਾਇਆ। ਮੇਰੇ ਇੰਗਲੈਂਡ ਰਹਿੰਦੇ ਭਰਾ ਨੇ 1965 'ਚ ਆਉਣਾ ਸੀ। ਉਸ ਨੇ ਪਹਿਲਾਂ ਹੀ ਪੈਸੇ ਭੇਜ ਦਿੱਤੇ ਕਿ ਮੇਰੇ ਆਉਂਦੇ ਨੂੰ ਨਲਕਾ ਲੱਗਾ ਹੋਵੇ। ਇਕ ਵੱਡੇ ਸਾਰੇ ਲੋਹੇ ਦੇ ਟੱਬ ਦਾ ਵੀ ਪ੍ਰਬੰਧ ਕਰਿਓ। ਦਿਨ ਵੇਲੇ ਮੇਰੀ ਮਾਂ ਡਿਉੜੀ ਦਾ ਦਰਵਾਜ਼ਾ ਖੁੱਲ੍ਹਾ ਰੱਖਦੀ। ਉਸ ਨੇ ਕਹਿਣਾ ਕਿ ਅਸੀਂ ਪਾਣੀ ਲਈ ਦਰ-ਦਰ ਘੁੰਮੇ। ਸਾਨੂੰ ਉਹ ਦਿਨ ਭੁੱਲਣੇ ਨਹੀਂ ਚਾਹੀਦੇ। ਜਦੋਂ ਕੋਈ ਮਰਜ਼ੀ ਆਂਢੀ-ਗੁਆਂਢੀ ਪਾਣੀ ਲੈ ਲਵੇ। ਮਾਂ ਨੇ ਕਹਿਣਾ, 'ਬੜੀ ਤੰਗੀ ਦੇਖੀ ਪਾਣੀ ਦੀ, ਪਾਣੀ ਨੂੰ ਕਿਸੇ ਨੂੰ ਨਾਂਹ ਨਾ ਕਰਿਓ। ਲੋਕੀਂ ਤਾਂ ਰਾਹਾਂ 'ਚ, ਸਕੂਲਾਂ 'ਚ, ਸਿਵਿਆਂ 'ਚ ਨਲਕੇ ਲੁਆਉਂਦੇ ਹਨ। ਪਾਣੀ ਦੇ ਪੁੰਨ ਵਰਗਾ ਕੋਈ ਪੁੰਨ ਨਹੀਂ। ਅਸੀਂ ਸਿਰਫ਼ ਰਾਤ ਨੂੰ ਹੀ ਡਿਉੜੀ ਦਾ ਦਰਵਾਜ਼ਾ ਬੰਦ ਕਰਦੇ। ਫਿਰ ਤਾਂ ਹੌਲੀ-ਹੌਲੀ ਇਕ ਅੱਧਾ ਘਰ ਛੱਡ ਕੇ ਸਾਰਿਆਂ ਦੇ ਘਰੀਂ ਨਲਕੇ ਲੱਗ ਗਏ। ਜਦੋਂ ਸ਼ਹਿਰ ਰਹਿਣ ਲੱਗੇ ਤਾਂ ਗਰਮੀਆਂ ਨੂੰ ਪਾਣੀ ਦੀ ਬਹੁਤ ਸਮੱਸਿਆ ਆਉਂਦੀ। ਲੋਕਾਂ ਨੇ ਸਿੱਧੀਆਂ ਮੋਟਰਾਂ ਚਲਾ ਲੈਣੀਆਂ, ਪਾਣੀ ਦਾ ਦਬਾਅ ਘੱਟ ਜਾਣਾ। ਪਾਣੀ ਨੂੰ ਸੰਜਮ ਨਾਲ ਵਰਤਣਾ। ਪਾਣੀ ਦੀ ਮਹੱਤਤਾ ਦਾ ਪਤਾ ਲੱਗਾ, ਕਿਉਂਕਿ ਪਾਣੀ ਮੁਫ਼ਤ ਨਹੀਂ, ਮੁੱਲ ਮਿਲਦਾ ਸੀ। ਪਾਣੀ ਦਾ ਸੋਕਾ ਵੀ ਮਾੜਾ ਤੇ ਡੋਬਾ ਵੀ ਮਾੜਾ।

ਵਿਅੰਗ

# ਸੈਂਸਰ ਲੱਗਿਆ ਚਾਬੀਆਂ ਦਾ ਛੱਲਾ

**ਰਮੇਸ਼ ਕੁਮਾਰ ਸ਼ਰਮਾ**



"ਮਖਿਆ ਜੀ, ਸੁਣਦੇ ਨਹੀਂ," ਪਤਨੀ ਨੇ ਪਤੀ ਨੂੰ ਕਿਹਾ। "ਭਾਗਵਾਨ, ਕੁਝ ਬੋਲੇਂਗੀ ਤਾਂ ਫਿਰ ਹੀ ਸੁਣਾਂਗਾ।" "ਮੈਨੂੰ ਲੱਗਦਾ ਹੈ ਜਾਂ ਤਾਂ ਇਨਸਾਨ ਦੇ ਬੁੱਢਾ ਹੋਣ 'ਤੇ ਉਸ ਦੀ ਯਾਦ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ, ਜੋ ਇੱਕ ਕੁਦਰਤੀ ਵਰਤਾਰਾ ਹੈ ਜਾਂ ਫਿਰ ਨਸ਼ੇੜੀ ਆਦਮੀ ਭੁਲੱਕੜ ਹੋ ਸਕਦਾ ਹੈ। ਨਾ ਤਾਂ ਤੁਸੀਂ ਅਜੇ ਇੰਨੇ ਬਜ਼ੁਰਗ ਹੋਏ ਹੋ ਅਤੇ ਨਾ ਹੀ ਨਸ਼ੇੜੀ ਹੋ, ਫਿਰ ਪਤਾ ਨਹੀਂ ਕਿਉਂ ਹਰ ਰੋਜ਼ ਆਪਣੇ ਸਕੂਟਰ ਦੀਆਂ ਚਾਬੀਆਂ ਰੱਖ ਕੇ ਭੁੱਲ ਜਾਂਦੇ ਹੋ ? ਕੋਈ ਇੱਕ ਦਿਨ ਦੀ ਗੱਲ ਹੋਵੇ ਤਾਂ ਸਮਝ ਆਉਂਦੀ ਹੈ," ਪਤਨੀ ਨੇ ਕਿਹਾ। "ਅਰੇ ਓ ਬੀਵੀ, ਤੁਸੀਂ ਤਾਂ ਐਵੇਂ ਰਾਈ ਦਾ ਪਹਾੜ ਬਣਾ ਦਿੰਦੇ ਹੋ। ਇਕੱਲਾ ਮੈਂ ਹੀ ਨਹੀਂ ਹਾਂ ਜਿਸ ਨਾਲ ਇਸ ਤਰ੍ਹਾਂ ਹੁੰਦਾ ਹੋਵੇਗਾ। ਮੇਰੇ ਵਰਗੇ ਹੋਰ ਵੀ ਬਹੁਤ ਹੋਣਗੇ।" "ਮੈਂ ਹੋਰਾਂ ਤੋਂ ਕੀ ਲੈਣਾ ਹੈ, ਮੈਨੂੰ ਤਾਂ ਸਿਰਫ਼ ਤੁਹਾਡੇ ਨਾਲ ਮਤਲਬ ਹੈ। ਮੈਨੂੰ ਤਾਂ ਕਈ ਵਾਰ ਇਸ ਤਰ੍ਹਾਂ ਭਾਸਦਾ ਹੈ ਕਿ ਤੁਹਾਡੇ ਬਚਪਨ 'ਚ ਸਿਰ ਵਿੱਚ ਕੋਈ ਜ਼ਰੂਰ ਕੋਈ ਸੱਟ ਲੱਗੀ ਹੋਵੇਗੀ ਜਿਸ ਕਾਰਨ ਯਾਦਦਾਸ਼ਤ ਇਸ ਤਰ੍ਹਾਂ ਦੀ ਹੈ।" ਅਸਲ 'ਚ ਪਤਨੀ ਮੇਰਾ ਬਹੁਤ ਫ਼ਿਕਰ ਕਰਦੀ ਸੀ। ਉਹ ਕਈ ਵਾਰ ਬੱਚਿਆਂ ਨਾਲ ਸਲਾਹ ਕਰਦੀ ਕਿ ਕਿਉਂ ਨਾ ਤੁਹਾਡੇ ਪਾਪਾ ਨੂੰ ਕਿਸੇ ਮਨੋਵਿਗਿਆਨੀ ਕੋਲੋਂ ਚੈੱਕ ਕਰਵਾ ਲਿਆ ਜਾਵੇ, ਪਰ ਬੱਚੇ ਬੜੇ ਸਿਆਣੇ ਹੁੰਦੇ ਹਨ। ਉਨ੍ਹਾਂ ਕਿਹਾ, "ਮੰਮੀ, ਤੁਸੀਂ ਐਵੇਂ ਫ਼ਿਕਰ ਕਰ ਰਹੇ ਹੋ। ਇੰਨੀ ਵੱਡੀ ਗੱਲ ਨਹੀਂ ਜਿੰਨੀ ਤੁਸੀਂ ਸੋਚਦੇ ਹੋ। ਪਾਪਾ ਨੂੰ ਕੋਈ ਦਫ਼ਤਰੀ ਬੋਝ ਜਾਂ ਤਣਾਅ ਵੀ ਹੋ ਸਕਦਾ ਹੈ।"

ਪਰ ਪਤਨੀ ਦੀ ਸੰਤੁਸ਼ਟੀ ਨਾ ਹੋਈ। ਉਸ ਨੇ ਇਸ ਵਿਸ਼ੇ 'ਚ ਆਪਣੀਆਂ ਸਹੇਲੀਆਂ ਤੋਂ ਸਲਾਹ ਲੈਣੀ ਵੀ ਮੁਨਾਸਬ ਸਮਝੀ। ਜ਼ਿਆਦਾਤਰ ਔਰਤਾਂ ਦੀ ਮੱਤ ਇੱਕੋ ਜਿਹੀ ਹੁੰਦੀ ਹੈ। ਇੱਕ ਨੇ ਕਿਹਾ, "ਮੈਨੂੰ ਤੁਹਾਡੀ ਭਰਾ ਜੀ ਨੂੰ ਡਾਕਟਰ ਨੂੰ ਦਿਖਾਉਣ ਵਾਲੀ ਸਲਾਹ ਉੱਚਿਤ ਲੱਗਦੀ ਹੈ।" "ਮੈਨੂੰ ਲੱਗਦਾ ਹੈ ਭਰਾ ਜੀ ਨੂੰ ਕਿਸੇ ਨੇ ਕੁਝ ਕਰਾਇਆ ਹੋਇਆ ਵੀ ਹੋ ਸਕਦਾ ਹੈ। ਆਪਾਂ ਨੂੰ ਇਸ ਪਾਸੇ ਵੀ ਥੋੜ੍ਹਾ ਵਿਚਾਰ ਕਰ ਲੈਣਾ ਚਾਹੀਦਾ ਹੈ।"

ਉਨ੍ਹਾਂ ਵਿੱਚੋਂ ਇੱਕ ਔਰਤ ਬਹੁਤ ਸਿਆਣੀ ਅਤੇ ਸੁਲਝੀ ਹੋਈ ਸੀ। ਉਸ ਨੇ ਕਿਹਾ, "ਐਵੇਂ ਨਾ ਊਲ-ਜਲੂਲ ਗੱਲਾਂ ਕਰੋ। ਜੇ ਸਮੱਸਿਆ ਸਿਰਫ਼ ਇੰਨੀ ਕੁ ਹੈ ਕਿ ਉਹ ਚਾਬੀਆਂ ਦਾ ਛੱਲਾ ਰੱਖ ਕੇ ਭੁੱਲ ਜਾਂਦੇ ਹਨ ਤਾਂ ਇਹ ਕੋਈ ਵੱਡਾ ਮਾਮਲਾ ਨਹੀਂ। ਇਸ ਦਾ ਬਹੁਤ ਹੀ ਆਸਾਨ ਹੱਲ ਹੈ। ਤੁਹਾਨੂੰ ਪਤਾ ਹੈ ਕਿ ਸਾਡਾ ਜਨਰਲ ਸਟੋਰ ਹੈ, ਮੈਂ ਆਪਣੇ ਪਤੀ ਨੂੰ ਕਹਿ ਕੇ ਉਨ੍ਹਾਂ ਲਈ ਇੱਕ ਸੈਂਸਰ ਲੱਗਿਆ ਚਾਬੀਆਂ ਦਾ ਛੱਲਾ ਮੰਗਵਾ ਦੇਵਾਂਗੀ। ਉਸ ਨੂੰ ਤੁਸੀਂ ਕਿਤੇ ਵੀ ਰੱਖ ਕੇ ਭੁੱਲ ਜਾਵੋ ਤਾਂ ਜ਼ਰਾ ਮੂੰਹ ਨਾਲ ਵਿਸਲ (ਸੀਟੀ) ਮਾਰ ਦੇਣਾ। ਛੱਲਾ 30-40 ਫੁੱਟ ਦੇ ਖੇਤਰ 'ਚ ਕਿਤੇ ਵੀ ਹੋਵੇਗਾ ਤਾਂ ਉੱਥੋਂ ਸੰਗੀਤ ਦੀ ਆਵਾਜ਼ ਆਉਣੀ ਸ਼ੁਰੂ ਹੋ ਜਾਵੇਗੀ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਛੱਲਾ ਕਿੱਥੇ ਹੈ।" ਅਗਲੇ ਦਿਨ ਮੇਰੇ ਲਈ ਚਾਬੀਆਂ ਦਾ ਖ਼ਾਸ ਛੱਲਾ ਆ ਗਿਆ।

ਹੁਣ ਤਾਂ ਮੌਜਾਂ ਲੱਗ ਗਈਆਂ। ਜੇ ਛੱਲਾ ਏਧਰ-ਓਧਰ ਹੋ ਜਾਂਦਾ ਤਾਂ ਮੇਰਾ ਬੇਟਾ ਸੀਟੀ ਮਾਰਦਾ ਅਤੇ ਛੱਲਾ ਲੱਭ ਜਾਂਦਾ। ਪਤਨੀ ਨੇ ਮਨ ਹੀ ਮਨ 'ਚ ਆਪਣੀ ਸਹੇਲੀ ਦਾ ਧੰਨਵਾਦ ਕੀਤਾ।

ਮੈਨੂੰ ਆਪ ਤਾਂ ਸੀਟੀ ਮਾਰਨੀ ਨਹੀਂ ਆਉਂਦੀ ਸੀ। ਚਾਬੀਆਂ ਦੇ ਛੱਲੇ ਕਾਰਨ ਸਾਰਾ ਟੱਬਰ ਸੀਟੀਆਂ ਮਾਰਨਾ ਸਿੱਖ ਗਿਆ। ਪਤਨੀ ਤਾਂ ਜੀਭ ਹੇਠਾਂ ਦੋ ਉਂਗਲਾਂ ਰੱਖ ਕੇ ਇੰਨੀ ਤੇਜ਼ ਅਤੇ ਕਰਾਰੀ ਸੀਟੀ ਮਾਰਿਆ ਕਰੇ ਕਿ ਕਈ ਵਾਰ ਤਾਂ ਰਾਹ ਜਾਂਦੇ ਰਾਹੀ ਰੁਕ ਰੁਕ ਕੇ ਦੇਖਣ ਲੱਗ ਜਾਂਦੇ ਸਨ। ਮੈਂ ਕਿਹਾ, "ਮੈਡਮ ਜੀ, ਤੁਹਾਡੀ ਸੀਟੀ ਸਭ ਤੋਂ ਤਿੱਖੀ ਅਤੇ ਤੇਜ਼ ਹੁੰਦੀ ਹੈ। ਕਿੱਥੋਂ ਸਿੱਖੀ ਹੈ ਤੁਸੀਂ ਇਹ ?" "ਅਭਿਆਸ, ਮੇਰੇ ਪ੍ਰਾਣਨਾਥ ਸਿਰਫ਼ ਦੋ ਦਿਨਾਂ ਦਾ ਅਭਿਆਸ।" ਕਈ ਵਾਰ ਉਹ ਕੋਠੇ 'ਤੇ ਹੁੰਦੀ, ਉੱਥੋਂ ਸੀਟੀ ਮਾਰਦੀ ਤੇ ਮੈਂ ਹੇਠਾਂ ਛੱਲਾ ਲੱਭ ਲੈਂਦਾ। ਗੱਲ ਕੀ ਅਸੀਂ ਸਾਰੇ ਛੱਲੇ ਨਾਲ ਲੁਕਣਮੀਟੀ ਖੇਡਦੇ ਰਹਿੰਦੇ। ਕੁਝ ਦਿਨ ਤਾਂ ਇਹ ਸਭ ਕੁਝ ਸੁਹਾਵਣਾ ਲੱਗਿਆ, ਪਰ ਹੱਦ ਤਾਂ ਉਸ ਦਿਨ ਹੋ ਗਈ ਜਦੋਂ ਦੋ ਅਜਨਬੀ ਆਦਮੀਆਂ ਨੇ ਮੇਰੇ ਤੋਂ ਹੀ ਪੁੱਛਿਆ, "ਭਾਈ ਸਾਹਿਬ, ਇੱਥੇ ਜਵਾਨ ਜਿਹੀ ਔਰਤ ਰਹਿੰਦੀ ਹੈ ਜੋ ਆਪ ਸੀਟੀਆਂ ਮਾਰ ਮਾਰ ਕੇ ਬੁਲਾਉਂਦੀ ਹੈ।" ਮੈਂ ਕਿਹਾ, "ਜੀ, ਮੈਨੂੰ ਨਹੀਂ ਪਤਾ। ਮੈਂ ਇਸ ਜਗ੍ਹਾ ਨਵਾਂ ਆਇਆ ਹਾਂ।" "ਚੰਗਾ ਬੰਦਾ ਹੈਂ ਯਾਰ, ਇਹੋ ਜਿਹੀ ਚੀਜ਼ ਦੀ ਬਿੜਕ ਰੱਖੀਦੀ ਹੈ।"

ਮੇਰੀ ਪਤਨੀ ਦੀ ਸੀਟੀਆਂ ਮਾਰਨ ਦੀ ਆਦਤ ਇੰਨੀ ਵਧ ਗਈ ਕਿ ਬੱਚਿਆਂ ਨੂੰ ਵੀ ਸੀਟੀਆਂ ਮਾਰ ਕੇ ਬੁਲਾਉਣ ਲੱਗ ਪਈ। ਫਿਰ ਸਾਹਮਣੇ ਵਾਲੀ ਲਾਈਨ ਤੋਂ ਕੁਝ ਸਟਾਫ ਮੈਂਬਰ ਵੀ ਆ ਗਏ ਅਤੇ ਉਨ੍ਹਾਂ ਨੇ ਕਿਹਾ, "ਸ਼ਰਮਾ ਜੀ, ਮੈਡਮ ਨੂੰ ਕੋਈ ਪ੍ਰੌਬਲਮ ਹੈ ? ਵੇਖੋ ਜੀ, ਸਭ ਤੋਂ ਪਹਿਲਾਂ ਗੁਆਂਢੀ ਹੀ ਕੰਮ ਆਉਂਦੇ ਹਨ। ਜੇ ਕਿਸੇ ਤਰ੍ਹਾਂ ਦੇ ਸਹਿਯੋਗ ਦੀ ਜ਼ਰੂਰਤ ਹੋਵੇ ਤਾਂ ਬਿਨਾਂ ਸੰਕੋਚ ਸਾਨੂੰ ਕਹਿ ਸਕਦੇ ਹੋ।" ਇੱਕ ਹੋਰ ਨੇ ਕਿਹਾ, "ਇੱਕ ਮਨੋਵਿਗਿਆਨੀ ਡਾਕਟਰ ਮੇਰਾ ਬੜਾ ਅੱਛਾ ਦੋਸਤ ਹੈ, ਜਦੋਂ ਹੁਕਮ ਕਰੋਗੇ ਚੱਲ ਪਵਾਂਗੇ।"

ਮੈਂ ਉਨ੍ਹਾਂ ਦੇ ਜਾਣ ਤੋਂ ਬਾਅਦ ਆਪਣਾ ਸਿਰ ਫੜ ਕੇ ਬੈਠ ਗਿਆ ਅਤੇ ਸੋਚਾਂ ਦੇ ਸਾਗਰ 'ਚ ਡੁੱਬ ਗਿਆ ਕਿ ਅੱਜਕੱਲ੍ਹ ਇਲੈਕਟ੍ਰੌਨਿਕ ਚੀਜ਼ਾਂ ਦੇ ਜੇ ਫ਼ਾਇਦੇ ਹਨ ਤਾਂ ਨਾਲ ਨਾਲ ਕੁਝ ਨੁਕਸਾਨ ਵੀ ਬਹੁਤ ਹਨ।

ਅਗਲੀ ਸਵੇਰ ਸਭ ਤੋਂ ਪਹਿਲਾਂ ਮੈਂ ਛੱਲੇ ਨੂੰ ਘਰ ਤੋਂ ਬਾਹਰ ਸੁੱਟਿਆ ਜੋ ਇਸ ਸਾਰੇ ਫਸਾਦ ਦੀ ਜੜ੍ਹ ਸੀ।

ਕੌਮੀ ਪੱਤ੍ਰਿਕਾ

# ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਅਤੇ ਦੀਵਾਨ ਟੋਡਰ ਮੱਲ ਜੀ



ਲੇਖਕ:ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ, ਤਰਨ ਤਾਰਨ



ਦੀਵਾਨ ਟੋਡਰ ਮੱਲ ਜੀ ਨੂੰ ਇੰਨ੍ਹਾਂ ਸ਼ਹੀਦੀ ਹਫਤਿਆਂ ਦੌਰਾਨ ਬੜੀ ਹੀ ਸ਼ਰਧਾ ਭਾਵਨਾ ਨਾਲ ਯਾਦ ਕਰਨਾ ਬਣਦਾ ਹੈ। ਜਿਵੇਂ ਸ਼ੇਰ ਮੁਹੰਮਦ ਖਾਨ ਨੇ ਸਾਹਿਬਜ਼ਾਦਿਆਂ ਲਈ ਹਾਅ ਦਾ ਨਾਅਰਾ ਮਾਰਿਆ ਸੀ ਤੇ ਸਿੱਖ ਕੌਮ ਅੱਜ ਵੀ ਉਹਨੂੰ ਸਤਿਕਾਰ ਦੇਂਦੀ ਹੈ। ਦੀਵਾਨ ਟੋਡਰ ਮੱਲ ਨੇ ਵੀ ਬੜੇ ਹੀ ਮਹਿੰਗੇ ਮੁੱਲ ਜ਼ਮੀਨ ਖ੍ਰੀਦ ਕੇ ਸਤਿਕਾਰਯੋਗ ਮਾਤਾ ਗੁੱਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਦਾ ਸਸਕਾਰ ਕੀਤਾ ਸੀ।ਜਿਸਨੂੰ ਸਿੱਖ ਦੁਨੀਆਂ ਦੀ ਸਭ ਤੋਂ ਮਹਿੰਗੇ ਮੁੱਲ ਦੀ ਜ਼ਮੀਨ ਆਖਦੇ ਹਨ।ਦੀਵਾਨ ਟੋਡਰ ਮੱਲ ਇੱਕ ਬਹੁਤ ਹੀ ਭਲੇ ਤੇ ਨੇਕ ਦਿਲ ਇਨਸਾਨ ਸਨ। ਪ੍ਰਮਾਤਮਾ ਦੇ ਭੈਅ ਵਿੱਚ ਰਹਿਣ ਵਾਲੇ ਦੀਵਾਨ ਟੋਡਰ ਮੱਲ ਪ੍ਰਤੀ ਲਿੱਖਤੀ ਇਤਿਹਾਸ ਬਹੁਤ ਹੀ ਘੱਟ ਮਿਲਦਾ ਹੈ ਤੇ ਜੋ ਮਿਲਦਾ ਵੀ ਹੈ, ਉਸ ਨਾਲ ਵਿਦਵਾਨ ਇੱਕ ਮੱਤ ਨਹੀ ਹਨ।

ਕਈ ਇਤਿਹਾਸਕਾਰਾਂ ਅਨੁਸਾਰ ਇੱਕ ਦੀਵਾਨ ਟੋਡਰ ਮੱਲ ਨੂੰ ਅਕਬਰ ਬਾਦਸ਼ਾਹ ਦੇ ਸਮੇਂ ਦਾ ਦੱਸਦੇ ਹਨ ਤੇ ਕਈ ਬਾਦ ਵਿੱਚ ਦੂਜਾ ਟੋਡਰ ਮੱਲ ਹੋਇਆ ਮੰਨਦੇ ਹਨ। ਭਾਈ ਕਾਹਨ ਸਿੰਘ ਨਾਭਾ ਦੀ ਲਿੱਖਤ ਦੇਖਦੇ ਹਾਂ। ਉਹ ਲਿੱਖਦੇ ਹਨ ਕਿ ਦੀਵਾਨ ਟੋਡਰ ਮੱਲ ਦਾ ਜਨਮ ਸੰਨ 1523 ਵਿੱਚ ਪਿਤਾ ਭਗਵਤੀ ਦਾਸ ਪਿੰਡ ਚੂਹਣੀਆਂ ਜਿਲ੍ਹਾ ਲਾਹੌਰ ਵਿੱਚ ਹੋਇਆ। ਇਹ ਆਪਣੀ ਲਿਆਕਤ ਨਾਲ ਵੱਧਦਾ-ਵੱਧਦਾ ਅਕਬਰ ਬਾਦਸ਼ਾਹ ਦਾ ਦੀਵਾਨ ਬਣਿਆ।ਇਸ ਦੇ ਬਣਾਏ ਹੋਏ ਮਾਲ ਦੇ ਨਿਯਮ ਅਕਬਰ ਨੂੰ ਬਹੁਤ ਪਸੰਦ ਆਏ। ਸਭ ਤੋਂ ਪਹਿਲਾਂ ਟੋਡਰ ਮੱਲ ਨੇ ਹੀ ਹਿੰਦੀ ਤੋਂ ਫ਼ਾਰਸੀ ਵਿੱਚ ਦਫਤਰ ਕੀਤਾ। ਟੋਡਰ ਮੱਲ ਇੱਕ ਬਹਾਦਰ ਜਰਨੈਲ ਵੀ ਸੀ। ਇਸ ਨੇ ਬੰਗਾਲ ਦੀ ਮੁਹਿੰਮ ਵਿੱਚ ਵੱਡੀ ਵੀਰਤਾ ਦਿਖਾਈ ਸੀ। ਅਕਬਰ ਦੇ ਸਨ ਜਲੂਸੀ 34 ਵਿੱਚ ਲਾਹੌਰ ਦਾ ਹਾਕਿਮ ਬਣਿਆ। ਇਸ ਦਾ ਨਿਵਾਸ ਬਜ਼ਾਰ ਹਕੀਮਾਂ (ਦਰਵਾਜ਼ਾ ਭਾਟੀ) ਵਿੱਚ ਸੀ। ਦੀਵਾਨ ਟੋਡਰ ਮੱਲ ਦੀ ਅਕਬਰ ਦੇ ਨੌਂ ਰਤਨਾਂ ਵਿੱਚ ਗਿਣਤੀ ਆਉਂਦੀ ਹੈ। ਕਈ ਲੇਖਕਾਂ ਨੇ ਇਸ ਨੂੰ ਕਾਯਸਥ(ਕਾਇਥ) ਅਤੇ ਬਾਣੀਆਂ ਭੀ ਲਿਖਿਆ ਹੈ। ਦੀਵਾਨ ਟੋਡਰ ਮੱਲ ਫ਼ਾਰਸੀ ਤੋਂ ਛੁੱਟ ਹਿੰਦੀ ਦਾ ਵੀ ਉੱਤਮ ਕਵੀ ਸੀ। ਉਸਦੀਆਂ ਕਈ ਰਚਨਾਵਾਂ ਹਨ। ਉਹਨਾਂ ਵਿੱਚੋਂ ਇੱਕ ਰਚਨਾ ਇਹ ਹੈ।

ਗੁਣ ਬਿਨ ਜਯੋਂ ਕਮਾਨ, ਗੁਰ ਬਿਨ ਜੈਸੇ ਗਯਾਨ।
ਮਾਨ ਬਿਨ ਦਾਨ ਜੈਸੇ, ਜਲ ਬਿਨ ਸਰ ਹੈ।
ਕੰਠ ਬਿਨ ਗੀਤ ਜੈਸੇ, ਹਿਤੁ ਬਿਨ ਪ੍ਰੀਤਿ ਜੈਸੇ।
ਵੇਸ਼ਯਾ ਰਸਗੀਤਿ ਜੈਸੇ, ਫਲ ਬਿਨ ਤਰ ਹੈ।
ਤਾਰ ਬਿਨ ਯੰਤ੍ਰ ਜੈਸੇ, ਸਯਾਨੇ ਬਿਨ ਮੰਤ੍ਰ ਜੈਸੇ।
ਪਤਿ ਬਿਨ ਨਾਰ ਜੈਸੇ, ਪੁਤ੍ਰ ਬਿਨ ਘਰ ਹੈ।
'ਟੋਡਰ' ਸੁ ਕਵਿ ਤੈਸੇ, ਮਨ ਮੇ ਵਿਚਾਰ ਦੇਖੋ।
ਧਰਮ ਵਿਹੀਨ ਧਨ ਪਕੀ ਬਿਨ ਪਰ ਹੈ।

ਪਰ ਇਸ ਟੋਡਰ ਮੱਲ ਦਾ ਦੇਹਾਂਤ ਉਹ ਸੰਨ 1589 ਵਿੱਚ ਹੋਇਆ ਵੀ ਦੱਸਦੇ ਹਨ। ਨਾਲ ਹੀ ਅੱਗੇ ਦੂਜਾ ਲਿੱਖਦੇ ਹਨ ਕਿ ਸਰਹਿੰਦ ਦਾ ਵਸਨੀਕ ਇੱਕ ਸ਼ਾਹੂਕਾਰ, ਜਿਸਨੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਪਿੱਛੋਂ ਮਾਤਾ ਗੁਜਰੀ ਜੀ ਦੀ ਸੇਵਾ ਕੀਤੀ ਅਤੇ ਧੀਰਜ ਦਿੱਤਾ। ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ, ਮਾਤਾ ਗੁੱਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਇਸ ਨੇ ਕੀਤਾ ਹੈ।ਅੱਗੇ ਸਭ ਤੋਂ ਪੁਰਾਣੀ ਤੇ ਸ਼ਾਇਦ ਸਾਕਾ ਸਰਹੰਦ ਬਾਰੇ ਪਹਿਲੀ ਲਿੱਖਤ 'ਕਥਾ ਗੁਰੂ ਜੀ ਕੇ ਸੁਤਨ ਕੀ' ਕ੍ਰਿਤ ਭਾਈ ਦੁੱਨਾ ਸਿੰਘ ਹੰਡੂਰੀਆ ਜੋ ਆਪਣੇ ਆਪ ਨੂੰ ਉਸ ਵੇਲੇ ਦਾ ਚਸ਼ਮਦੀਦ ਗਵਾਹ ਦੱਸਦੇ ਹਨ ਤੇ ਅੱਖੀਂ ਡਿੱਠਾ ਹਾਲ ਬਿਆਨਦੇ ਹਨ। ਦੀਵਾਨ ਟੋਡਰ ਮੱਲ ਬਾਰੇ ਇਉਂ ਲਿੱਖਦੇ ਹਨ।

ਚੌਪਈ:
ਟੋਡਰ ਮੱਲ ਐਸੇ ਫੁਨ ਕਹੈ। ਤੁਰਕ ਨ ਤੁਮਕੋ ਛੋਡੈ ਅਹੈ।
ਮਾਤਾ ਜੀ ਤਬ ਯਹੈ ਪੁਕਾਰੀ। ਕੂਪ ਮਾਂਝ ਮੁਝ ਦੇਵਹੁ ਢਾਰੀ।

ਪਰਹਾ:
ਟੋਡਰ ਮੱਲ ਯੌਂ ਕਹਯੋ, ਬਾਤ ਸੁਨ ਲੀਜੀਐ।
ਹੀਰਾ ਤੁਮ ਕੋ ਦੇਉਂ, ਇਹੈ ਨਿਗਲੀਜੀਐ।
ਲਯੋ ਸੁ ਜੌਹਰ ਖਾਇ, ਪਯਾਨੋ ਤਬਿ ਭਯੋ।
ਜੋਤੀ ਜੋਤਿ ਸਮਾਇ, ਆਪ ਮੈਂ ਮਿਲ ਗਯੋ।

ਸੋਰਠਾ:
ਗਏ ਪਠਾਨਹਿ ਪਾਸ, ਟੋਡਰ ਨਾਗਰ ਮੱਲ ਜਬ।
ਕਹਯੋ ਸੁ ਝੂਠੇ ਪਾਸ, 'ਲੋਥਾ' ਅਬ ਸਿਸਕਾਰੀਏ।

ਇਸ ਗੱਲ ਤੋਂ ਵੀ ਗਵਾਹੀ ਮਿਲਦੀ ਹੈ ਕਿ ਸਸਕਾਰ ਦੀਵਾਨ ਟੋਡਰ ਮੱਲ ਨੇ ਕੀਤਾ ਸੀ।

ਪ੍ਰਸਿੱਧ ਇਤਿਹਾਸਕਾਰ ਗਿ. ਸੋਹਣ ਸਿੰਘ ਸੀਤਲ ਵੀ ਲਿੱਖਦੇ ਹਨ ਕਿ ਸਰਹੰਦ ਦੇ ਜੌਹਰੀ ਟੋਡਰ ਮੱਲ ਨੇ ਨਵਾਬ ਵਜ਼ੀਰ ਖਾਂ ਪਾਸੋਂ ਸਾਹਿਬਜ਼ਾਦਿਆਂ ਦਾ ਅੰਤਿਮ ਸਸਕਾਰ ਕਰਨ ਦੀ ਆਗਿਆ ਮੰਗੀ। ਨਵਾਬ ਨੇ ਕਿਹਾ ਕਿ ' ਜ਼ਮੀਨ ਮੁੱਲ ਲੈ ਕੇ ਸਸਕਾਰ ਕਰ ਸਕਦੇ ਹੋ ਤੇ ਜ਼ਮੀਨ ਮੁੱਲ ਮਿਲੇਗੀ, ਉਹ ਵੀ ਸੋਨੇ ਦੀਆਂ ਮੋਹਰਾਂ ਖੜੇ ਰੁੱਖ ਕਰਕੇ ਵਿਛਾਉਣੀਆਂ ਪੈਣਗੀਆਂ'। ਟੋਡਰ ਮੱਲ ਨੇ ਸੂਬੇ ਦੀ ਇਹ ਸ਼ਰਤ ਵੀ ਪੂਰੀ ਕਰ ਦਿੱਤੀ। ਉਸਨੇ ਖੜੇ ਰੁੱਖ ਸੋਨੇ ਦੀਆ ਮੋਹਰਾਂ ਵਿਛਾ ਕੇ ਅੰਗੀਠੇ ਜੋਗੀ ਥਾਂ ਪ੍ਰਾਪਤ ਕੀਤੀ ਤੇ ਅਗਲੇ ਦਿਨ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਉਸ ਥਾਂ ਤੇ ਗੁ. ਜੋਤੀ ਸਰੂਪ ਸਾਹਿਬ ਸਥਿੱਤ ਹੈ।

ਇੱਕ ਹੋਰ ਪ੍ਰਸਿੱਧ ਵਿਦਵਾਨ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਵੀ ਕਹਿੰਦੇ ਹਨ ਕਿ ਕਿਲਾ ਸਰਹੰਦ ਦਾ ਉਹ ਸਥਾਨ ਹੈ, ਜਿੱਥੇ ਛੋਟੇ ਸਾਹਿਬਜ਼ਾਦੇ ਕਤਲ ਕੀਤੇ ਗਏ ਸਨ।ਹੁਣ ਗੁ. ਫਤਹਿਗੜ੍ਹ ਸਾਹਿਬ ਦੇ ਨਾਂ ਨਾਲ ਮਸ਼ਹੂਰ ਹੈ। ਮਾਤਾ ਗੁੱਜਰੀ ਜੀ ਸਮੇਤ ਦੋਵੇਂ ਛੋਟੇ ਸਾਹਿਬਜ਼ਾਦਿਆਂ ਦਾ, ਦੀਵਾਨ ਟੋਡਰ ਮੱਲ ਦੇ ਹੱਥੀਂ ਸਸਕਾਰ ਹੋਇਆ।ਉਹ ਸਥਾਨ ਗੁ. ਜੋਤੀ ਸਰੂਪ ਦੇ ਨਾਂ ਨਾਲ ਪ੍ਰਸਿੱਧ ਹੈ।

ਸ੍ਰ. ਜੋਗਿੰਦਰਪਾਲ ਸਿੰਘ ਰਾਮਾ ਬਠਿੰਡਾ ਦੱਸਦੇ ਹਨ ਕਿ ਜਦ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਸ਼ਹਾਦਤ ਹੋਈ ਤਾਂ ਦੀਵਾਨ ਟੋਡਰ ਮੱਲ ਨੇ ਜਮੀਨ ਖ੍ਰੀਦ ਲਈ ਤੇ ਭਾਈ ਰਾਮਾ ਤੇ ਤ੍ਰਿਲੋਕਾ ਜੀ, ਜੋ ਸਰਹੰਦ ਮਾਮਲਾ ਦੇਣ ਆਏ ਸਨ, ਨੂੰ ਨਾਲ ਲੈ ਕੇ ਦੋਨਾਂ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ, ਜਿੱਥੇ ਜੋਤੀ ਸਰੂਪ ਗੁ. ਹੈ।ਡਾ: ਹਰਚੰਦ ਸਿੰਘ ਸਰਹਿੰਦੀ ਵੀ ਲਿੱਖਦੇ ਹਨ ਕਿ ਦੀਵਾਨ ਟੋਡਰ ਮੱਲ ਨੇ ਇਹ ਸੋਗਮਈ ਖਬਰ ਮਾਤਾ ਗੁਜਰੀ ਜੀ ਨੂੰ ਸੁਣਾਈ। ਟੋਡਰ ਮੱਲ ਨੇਕ ਦਿਲ ਇਨਸਾਨ ਸੀ ਅਤੇ ਅਸਰ ਰਸੂਖ ਵਾਲਾ ਸਰਕਾਰੀ ਅਧਿਕਾਰੀ ਸੀ। ਦੀਵਾਨ ਟੋਡਰ ਮੱਲ ਨੇ ਤਿੰਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ।

ਸਸਕਾਰ ਲਈ ਜਮੀਨ ਦਾ ਇੱਕ ਟੁਕੜਾ ਉਸਨੇ ਬੜੀ ਭਾਰੀ ਕੀਮਤ ਅਦਾ ਕਰਕੇ ਖ੍ਰੀਦਿਆ ਸੀ। ਅਸ਼ਰਫੀਆਂ ਵਿਛਾ ਕੇ ਮੁੱਲ ਤਾਰਿਆ ਸੀ। ਇਹੋ ਕਾਰਨ ਹੈ ਕਿ ਸਿੱਖ ਜਗਤ ਵਿੱਚ ਸੇਠ ਟੋਡਰ ਮੱਲ ਨੂੰ ਬੜੀ ਹੀ ਸ਼ਰਧਾ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਰਜਿਸਟਰੀਆਂ, ਇੰਤਕਾਲਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਜਾਰੀ




**ਗੁਰਦਾਸਪੁਰ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਜ਼ਿਲ੍ਹੇ ਦੇ ਸਮੂਹ ਤਹਿਸੀਲਦਾਰਾਂ/ਨਾਇਬ ਤਹਿਸੀਲਦਾਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਰਜਿਸਟਰੀਆਂ, ਇੰਤਕਾਲਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ। ਡਿਪਟੀ ਕਮਿਸ਼ਨਰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿੱਚ ਰੈਵੀਨਿਊ ਵਿਭਾਗ ਦੇ ਕੰਮਾਂ ਦਾ ਰੀਵਿਊ ਕਰਨ ਲਈ ਵਿਸ਼ੇਸ਼ ਮੀਟਿੰਗ ਕਰ ਰਹੇ ਸਨ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ ਦੀਨਾਨਗਰ ਸ. ਜਸਪਿੰਦਰ ਸਿੰਘ, ਐੱਸ.ਡੀ.ਐੱਮ. ਬਟਾਲਾ ਵਿਕਰਮਜੀਤ ਸਿੰਘ, ਐੱਸ.ਡੀ.ਐੱਮ. ਕਲਾਨੌਰ ਸ੍ਰੀਮਤੀ ਜਿਯੋਤਸਨਾ ਸਿੰਘ, ਐੱਸ.ਡੀ.ਐੱਮ. ਫ਼ਤਹਿਗੜ੍ਹ ਚੂੜੀਆਂ ਸ੍ਰੀਮਤੀ ਵੀਰਪਾਲ ਕੌਰ ਅਤੇ ਜ਼ਿਲ੍ਹੇ ਦੇ ਸਮੂਹ ਤਹਸੀਲਦਾਰ ਅਤੇ ਨਾਇਬ ਤਹਿਸੀਲਦਾਰ ਹਾਜ਼ਰ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝਗੜਾ ਰਹਿਤ ਇੰਤਕਾਲਾਂ ਦਾ ਫ਼ੈਸਲਾ 45 ਦਿਨਾਂ ਦੇ ਅੰਦਰ ਕਰਨਾ ਲਾਜ਼ਮੀ ਹੈ। ਉਨ੍ਹਾਂ ਜ਼ਿਲ੍ਹੇ ਦੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਅਤੇ ਇੱਕ ਮਹੀਨੇ ਅੰਦਰ ਅਜਿਹੇ ਸਾਰੇ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ 45 ਦਿਨ ਦੀ ਸਮਾਂ ਸੀਮਾ ਤੋਂ ਵੱਧ ਕੋਈ ਝਗੜਾ ਰਹਿਤ ਇੰਤਕਾਲ ਕਿਸੇ ਤਹਿਸੀਲ/ਸਬ-ਤਹਿਸੀਲ ਵਿੱਚ ਪੈਂਡਿੰਗ ਪਾਇਆ ਜਾਂਦਾ ਹੈ ਤਾਂ ਇਸ ਲਈ ਜ਼ਿੰਮੇਵਾਰੀ ਸਬੰਧਿਤ ਅਧਿਕਾਰੀ/ਕਰਮਚਾਰੀ ਦੀ ਹੋਵੇਗੀ।

ਮੀਟਿੰਗ ਦੌਰਾਨ ਰਿਕਵਰੀ ਆਫ ਲੈਂਡ ਰੈਵੀਨਿਊ, ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਆਮ ਨਾਗਰਿਕ ਨੂੰ ਰੈਵੀਨਿਊ ਨਾਲ ਸਬੰਧਤ ਸੇਵਾਵਾਂ ਲੈਣ ਵਿੱਚ ਕੋਈ ਦਿੱਕਤਾਂ ਪੇਸ਼ ਨਹੀਂ ਆਉਣੀਆਂ ਚਾਹੀਦੀ।

# ਡੱਲੇਵਾਲ ਦਾ ਮਰਨ ਵਰਤ ਦੂਜੇ ਮਹੀਨੇ 'ਚ ਦਾਖ਼ਲ



**ਪਾਤੜਾਂ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ ਦੂਜੇ ਮਹੀਨੇ 'ਚ ਦਾਖ਼ਲ ਹੋ ਗਿਆ ਹੈ। ਉਨ੍ਹਾਂ ਬੀਤੇ 31 ਦਿਨਾਂ ਤੋਂ ਕੁਝ ਵੀ ਨਹੀਂ ਖਾਧਾ ਹੈ ਜਿਸ ਕਾਰਨ ਰੋਗਾਂ ਨਾਲ ਲੜਨ ਦੀ ਅੰਦਰੂਨੀ ਤਾਕਤ (ਪ੍ਰਤੀਰੋਧਕ ਸ਼ਕਤੀ) ਬਹੁਤ ਕਮਜ਼ੋਰ ਹੋ ਗਈ ਹੈ ਅਤੇ ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ। ਇਥੋਂ ਤੱਕ ਕਿ ਅੱਜ ਤਾਂ ਉਨ੍ਹਾਂ ਨੇ ਪਾਣੀ ਦੀ ਘੁੱਟ ਵੀ ਨਹੀਂ ਭਰੀ ਕਿਉਂਕਿ ਪਾਣੀ ਪੀਣ ਕਾਰਨ ਬੁੱਧਵਾਰ ਸ਼ਾਮ ਤੋਂ ਹੀ ਉਨ੍ਹਾਂ ਨੂੰ ਉਲਟੀ ਆਉਣ ਲੱਗ ਪਈ ਸੀ। ਇਥੇ ਤਾਇਨਾਤ ਡਾ. ਸਵੈਮਾਨ ਸਿੰਘ ਦੀ ਟੀਮ ਅਤੇ ਹੋਰ ਸਰਕਾਰੀ-ਗੈਰ ਸਰਕਾਰੀ ਡਾਕਟਰ ਪਹਿਲਾਂ ਹੀ ਦੱਸ ਚੁੱਕੇ ਹਨ ਕਿ ਡੱਲੇਵਾਲ ਦੇ ਅੰਗਾਂ 'ਤੇ ਗੰਭੀਰ ਅਸਰ ਪੈ ਰਿਹਾ ਹੈ। ਅੱਜ ਦੇ ਮੈਡੀਕਲ ਬੁਲੇਟਿਨ ਮੁਤਾਬਕ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਅਤੇ ਪਲਸ ਵੀ ਘੱਟ ਰਹੇ। ਇਸ ਦੌਰਾਨ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਦੋ ਵਿਧਾਇਕਾਂ ਨਰਿੰਦਰ ਕੌਰ ਭਰਾਜ ਅਤੇ ਗੁਰਲਾਲ ਘਨੌਰ ਨੇ ਅੱਜ ਇਥੇ ਪਹੁੰਚ ਕੇ ਡੱਲੇਵਾਲ ਦਾ ਹਾਲ-ਚਾਲ ਜਾਣਿਆ।

# ਸੰਯੁਕਤ ਕਿਸਾਨ ਮੋਰਚੇ ਨੇ ਰਾਸ਼ਟਰਪਤੀ ਤੋਂ ਮੁਲਾਕਾਤ ਲਈ ਸਮਾਂ ਮੰਗਿਆ

## ਕਿਸਾਨੀ ਮੁੱਦਿਆਂ ਤੇ ਡੱਲੇਵਾਲ ਦੇ ਮਰਨ ਵਰਤ ਬਾਰੇ ਕੀਤੀ ਜਾਵੇਗੀ ਵਿਚਾਰ-ਚਰਚਾ

**ਚੰਡੀਗੜ੍ਹ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਢਾਬੀ ਗੁਜਰਾਂ ਬਾਰਡਰ 'ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਆਗੂਆਂ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਪੱਤਰ ਲਿਖ ਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਤੇ ਹੋਰ ਕਿਸਾਨੀ ਮੁੱਦਿਆਂ ਬਾਰੇ ਵਿਚਾਰ-ਚਰਚਾ ਲਈ ਸਮਾਂ ਮੰਗਿਆ ਹੈ। ਮੋਰਚੇ ਨੇ ਇਸ ਪੱਤਰ ਰਾਹੀਂ ਮਹੀਨੇ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜ ਰਹੀ ਸਿਹਤ ਬਾਰੇ ਜਾਣੂੰ ਕਰਵਾਇਆ ਅਤੇ ਸਾਰੀਆਂ ਫ਼ਸਲਾਂ 'ਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਕੀਤੀ। ਇਸ ਤੋਂ ਇਲਾਵਾ ਹੋਰਨਾਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਅਤੇ ਕੇਂਦਰ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਨਵੀਂ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਕਰਕੇ ਪੈਦਾ ਹੋਏ ਖਦਸ਼ਿਆਂ ਬਾਰੇ ਗੱਲਬਾਤ ਕਰਨ ਲਈ ਸਮਾਂ ਮੰਗਿਆ।

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਤੇ ਹੋਰਨਾਂ ਮੁੱਦਿਆਂ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ, ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ 23 ਦਸੰਬਰ ਨੂੰ ਵੀ ਦੇਸ਼ ਭਰ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਰੋਸ ਮੁਜ਼ਾਹਰੇ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਭੇਜੇ ਸਨ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਕਿਸਾਨੀ ਮਸਲਿਆਂ ਦੇ ਹੱਲ ਲਈ ਦਖਲ ਦੇ ਕੇ ਇਸ ਨੂੰ ਹੱਲ ਕਰਵਾਉਣਾ ਚਾਹੀਦਾ ਹੈ।ਸੰਯੁਕਤ ਕਿਸਾਨ ਮੋਰਚਾ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ। ਉਧਰ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ 13 ਫਰਵਰੀ ਨੂੰ ਦਿੱਲੀ ਕੂਚ ਦੀ ਕੋਸ਼ਿਸ਼ ਕੀਤੀ ਗਈ ਤਾਂ ਹਰਿਆਣਾ ਪੁਲੀਸ ਨੇ ਕਿਸਾਨਾਂ ਨੂੰ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਹੀ ਰੋਕ ਦਿੱਤਾ। ਇਸ ਦੌਰਾਨ ਕਿਸਾਨਾਂ ਵੱਲੋਂ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਅੰਦੋਲਨ ਕੀਤਾ ਜਾ ਰਿਹਾ ਹੈ।

**ਵੱਖ ਵੱਖ ਜਥੇਬੰਦੀਆਂ ਨੇ 30 ਦੇ ਬੰਦ ਲਈ ਕਿਸਾਨਾਂ ਨੂੰ ਦਿੱਤੀ ਹਮਾਇਤ**

ਟਰੇਡ ਯੂਨੀਅਨਾਂ ਸਮੇਤ ਵਪਾਰਕ, ਸੱਭਿਆਚਾਰਕ, ਸਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਢਾਬੀਗੁੱਜਰਾਂ ਬਾਰਡਰ 'ਤੇ ਪਹੁੰਚ ਕੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ 30 ਦਸੰਬਰ ਦੇ ਬੰਦ ਲਈ ਹਮਾਇਤ ਦਿੱਤੀ।

ਪ੍ਰਬੰਧਕਾਂ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਅੱਜ ਮੀਟਿੰਗ 'ਚ ਪੀਡੀਏ ਐਂਪਲਾਈਜ਼ ਯੂਨੀਅਨ ਪਟਿਆਲਾ, ਟੀਐੱਸਯੂ (ਸੋਢੀ ਗਰੁੱਪ), ਆਸ਼ਾ ਵਰਕਰ ਯੂਨੀਅਨ (ਸ਼ੁਤਰਾਣਾ ਬਲਾਕ), ਲੋਕ ਸੰਗਰਾਮ ਮੋਰਚਾ, ਕ੍ਰਾਂਤੀਕਾਰੀ ਪੇਂਡੂ ਵਰਕਰ ਯੂਨੀਅਨ, ਟੌਲ ਪਲਾਜ਼ਾ ਵਰਕਰ ਯੂਨੀਅਨ ਪੰਜਾਬ, ਪਬਲਿਕ ਐਕਸ਼ਨ ਕਮੇਟੀ, ਕਾਲਾ ਪਾਣੀ ਮੋਰਚਾ, ਪੰਜਾਬ ਡੈਂਟਲ ਸਰਜਨ ਫਰੰਟ, ਪੰਜਾਬ ਰੋਡਵੇਜ਼, ਪੀਆਰਟੀਸੀ, ਪਨਬੱਸ ਕੰਟਰੈਕਟਰ ਵਰਕਰਜ਼ ਯੂਨੀਅਨ, ਪੈਨਸ਼ਨਰਜ਼ ਐਸੋਸੀਏਸ਼ਨ, ਜਲ ਸਪਲਾਈ ਸੈਨੀਟੇਸ਼ਨ ਮੁਲਾਜ਼ਮ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ, ਸਾਬਕਾ ਸੈਨਿਕ ਸਾਂਝਾ ਮੋਰਚਾ, ਪੰਜਾਬ ਨੰਬਰਦਾਰ ਯੂਨੀਅਨ, ਪੰਜਾਬ ਰੋਡਵੇਜ਼ ਪਨਬੱਸ ਸਟੇਟ ਟਰਾਂਸਪੋਰਟ ਵਰਕਰ ਯੂਨੀਅਨ, ਆਈਟੀਆਈ ਮੁਲਾਜ਼ਮ ਯੂਨੀਅਨ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਦੋਧੀ ਡੇਅਰੀ ਯੂਨੀਅਨ ਪੰਜਾਬ, ਚੀਫ਼ ਪੈਟਰਨ ਨੰਬਰਦਾਰ ਯੂਨੀਅਨ, ਐਂਪਲਾਈਜ਼ ਫੈਡਰੇਸ਼ਨ ਪੰਜਾਬ, ਵਪਾਰ ਮੰਡਲ ਪਟਿਆਲਾ, ਹਿੰਦੁਸਤਾਨ ਪੈਟਰੋਲ ਪੰਪ ਯੂਨੀਅਨ, ਪੀਆਰਟੀਸੀ ਇਨਟੈਕ ਯੂਨੀਅਨ, ਪੀਆਰਟੀਸੀ ਏਟਕ ਯੂਨੀਅਨ ਅਤੇ ਡੀਲਰਜ਼ ਐਸੋਸੀਏਸ਼ਨ ਪੰਜਾਬ ਆਦਿ ਨੇ ਸ਼ਿਰਕਤ ਕੀਤੀ। ਫੋਰਮ ਵੱਲੋਂ ਮੀਟਿੰਗ 'ਚ ਸੁਰਜੀਤ ਫੂਲ, ਕਾਕਾ ਸਿੰਘ ਕੋਟੜਾ, ਸੁਖਜੀਤ ਹਰਦੋਝੰਡੇ, ਸਰਵਣ ਪੰਧੇਰ, ਅਭਿਮੰਨਿਊ, ਬਲਦੇਵ ਸਿਰਸਾ, ਮਨਜੀਤ ਰਾਏ ਤੇ ਮਨਜੀਤ ਨਿਆਲ ਆਦਿ ਕਿਸਾਨ ਆਗੂ ਹਾਜ਼ਰ ਸਨ।

# ਨਾਬਾਲਗ ਨੂੰ ਵਰਗਲਾਉਣ ਦੇ ਦੋਸ਼ ਹੇਠ ਕੇਸ ਦਰਜ

**ਦੇਵੀਗੜ੍ਹ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਜੁਲਕਾਂ ਦੀ ਪੁਲੀਸ ਨੇ ਇੱਕ ਨਾਬਾਲਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ ਹੇਠ ਇੱਕ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਥਾਣਾ ਜੁਲਕਾਂ ਪਾਸ ਮੁੱਦਈ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਅਤੇ ਉਸ ਦੀ ਪਤਨੀ ਆਪਣੇ ਕੰਮ 'ਤੇ ਗਏ ਸਨ। ਸ਼ਾਮ ਨੂੰ ਜਦੋਂ ਘਰ ਆ ਕੇ ਦੇਖਿਆ ਤਾਂ ਉਨ੍ਹਾਂ ਦੀ 17 ਸਾਲਾ ਲੜਕੀ ਘਰੋਂ ਗਾਇਬ ਸੀ।

ਉਨ੍ਹਾਂ ਉਸ ਦੀ ਕਾਫ਼ੀ ਭਾਲ ਕੀਤੀ ਪਰ ਪਤਾ ਲੱਗਾ ਕਿ ਪਿੰਡ ਹਾਜੀਪੁਰ ਦਾ ਲਵਪ੍ਰੀਤ ਸਿੰਘ ਉਨ੍ਹਾਂ ਦੀ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਕਿਤੇ ਲੈ ਗਿਆ ਹੈ।

# ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਦੇ ਖਰੜੇ ਵਿੱਚ ਐਮ.ਐਸ.ਪੀ. ਬਾਰੇ ਸਪੱਸ਼ਟਤਾ ਨਹੀਂ

## ਗੁਰਮੀਤ ਸਿੰਘ ਖੁੱਡੀਆਂ ਵੱਲੋਂ ਨੀਤੀ ਦੇ ਖਰੜੇ ਬਾਰੇ ਆੜ੍ਹਤੀਆਂ, ਸ਼ੈੱਲਰਾਂ ਮਾਲਕਾਂ ਨਾਲ ਵਿਚਾਰ ਵਟਾਂਦਰਾ

**ਚੰਡੀਗੜ੍ਹ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਦੇ ਖਰੜੇ ਦੇ ਕਿਸੇ ਵੀ ਪੱਖ ਨੂੰ ਅਣਗੌਲਿਆ ਨਾ ਕਰਦਿਆਂ ਇਸ ਦੇ ਹਰ ਪਹਿਲੂ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਤੇ ਖੇਤੀਬਾੜੀ ਮਾਹਿਰਾਂ ਦੀ ਟੀਮ ਇਸ ਖਰੜੇ ਪਿਛਲੀ ਸੋਚ ਤੇ ਮਕਸਦ ਬਾਰੇ ਜਾਨਣ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਅਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਸਮੇਤ ਸੂਬੇ ਦੇ ਆੜ੍ਹਤੀਆਂ, ਰਾਈਸ ਮਿੱਲਰਾਂ ਨਾਲ ਇਸ ਨੀਤੀ ਦੇ ਖਰੜੇ ਬਾਰੇ ਉਨ੍ਹਾਂ ਦੇ ਸੁਝਾਅ ਤੇ ਵਿਚਾਰ ਲੈਣ ਲਈ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ।

ਦੋ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਇਸ ਗੰਭੀਰ ਚਰਚਾ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਖਰੜੇ ਵਿੱਚ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ, ਜੋ ਕਿ ਸੂਬੇ ਦੇ ਕਿਸਾਨਾਂ ਲਈ ਸਭ ਤੋਂ ਜ਼ਰੂਰੀ ਹੈ ਅਤੇ ਪ੍ਰਾਈਵੇਟ ਮੰਡੀਆਂ ਨੂੰ ਉਤਸ਼ਾਹਿਤ ਕਰਨ ਸਬੰਧੀ ਧਾਰਾਵਾਂ ਖੇਤੀਬਾੜੀ ਉਤਪਾਦਨ ਮਾਰਕੀਟ ਕਮੇਟੀ (ਏ.ਪੀ.ਐਮ.ਸੀ.) ਮਾਰਕੀਟਾਂ ਨੂੰ ਪ੍ਰਭਾਵਿਤ ਕਰਨਗੀਆਂ। ਉਹਨਾਂ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਏ.ਪੀ.ਐਮ.ਸੀ. ਦੀਆਂ ਮੰਡੀਆਂ ਵਿੱਚ ਗੜਬੜ ਪੈਦਾ ਹੋਣ ਨਾਲ ਕਿਸਾਨਾਂ ਅਤੇ ਰਵਾਇਤੀ ਵਪਾਰੀ ਵਰਗ ਦਾ ਸ਼ੋਸ਼ਣ ਹੋਵੇਗਾ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਆਰ.ਡੀ.ਐਫ. ਅਤੇ ਐਮ.ਡੀ.ਐਫ ਪੰਜਾਬ ਦੇ ਵਿਆਪਕ ਖੇਤੀਬਾੜੀ ਬੁਨਿਆਦੀ ਢਾਂਚੇ ਖਾਸ ਕਰਕੇ ਮੰਡੀਆਂ ਦੇ ਢਾਂਚੇ ਅਤੇ ਇਹਨਾਂ ਮੰਡੀਆਂ ਨੂੰ ਪਿੰਡਾਂ ਨਾਲ ਜੋੜਨ ਵਾਲੀਆਂ ਸੜਕਾਂ ਦੀ ਸਾਂਭ-ਸੰਭਾਲ ਲਈ ਬੇਹੱਦ ਜ਼ਰੂਰੀ ਹੈ।

ਖੇਤੀਬਾੜੀ ਮੰਤਰੀ ਨੇ ਸ੍ਰੀ ਵਿਜੈ ਕਾਲੜਾ ਅਤੇ ਸ. ਰਵਿੰਦਰ ਸਿੰਘ ਚੀਮਾ ਦੀ ਅਗਵਾਈ ਵਾਲੇ ਆੜ੍ਹਤੀਆਂ ਅਤੇ ਤਰਸੇਮ ਸੈਣੀ ਦੀ ਅਗਵਾਈ ਵਾਲੇ ਰਾਈਸ ਮਿੱਲਰਾਂ ਨੂੰ ਅਪੀਲ ਕੀਤੀ ਕਿ ਇਸ ਨੀਤੀ ਬਾਰੇ ਉਹ ਆਪਣੇ ਸੁਝਾਅ ਅਤੇ ਚਿੰਤਾਵਾਂ ਪੰਜਾਬ ਮੰਡੀ ਬੋਰਡ ਨੂੰ ਭੇਜਣ ਤਾਂ ਜੋ ਕੇਂਦਰ ਸਰਕਾਰ ਨੂੰ ਭੇਜੇ ਜਾਣ ਵਾਲੇ ਜਵਾਬ ਵਿੱਚ ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਜਾ ਸਕੇ।

ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਵਿਚਾਰ-ਵਟਾਂਦਰੇ ਦੌਰਾਨ ਵਧੀਕ ਮੁੱਖ ਸਕੱਤਰ ਖੇਤੀਬਾੜੀ ਅਤੇ ਕਿਸਾਨ ਭਲਾਈ ਸ੍ਰੀ ਅਨੁਰਾਗ ਵਰਮਾ, ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ, ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਸ੍ਰੀ ਵਿਕਾਸ ਗਰਗ, ਸਕੱਤਰ ਪੰਜਾਬ ਮੰਡੀ ਬੋਰਡ ਸ੍ਰੀ ਰਾਮਵੀਰ, ਵਿਸ਼ੇਸ਼ ਸਕੱਤਰ ਖੇਤੀਬਾੜੀ ਸ੍ਰੀ ਹਰਬੀਰ ਸਿੰਘ, ਡਾਇਰੈਕਟਰ ਬਾਗਬਾਨੀ ਸ੍ਰੀਮਤੀ ਸ਼ੈਲੇਂਦਰ ਕੌਰ, ਡਾਇਰੈਕਟਰ ਖੇਤੀਬਾੜੀ ਸ੍ਰੀ ਜਸਵੰਤ ਸਿੰਘ, ਡਾਇਰੈਕਟਰ ਖੋਜ, ਪੀ.ਏ.ਯੂ. ਲੁਧਿਆਣਾ ਡਾ. ਅਜਮੇਰ ਸਿੰਘ ਢੱਟ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਰਿਫਰੈਸ਼ਰ ਕੋਰਸ ਸਮਾਪਤ

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿੱਚ ਯੂ.ਜੀ.ਸੀ. ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਵੱਲੋਂ ਅਧਿਆਪਕਾਂ ਦੀ ਸਮਰੱਥਾ ਦੇ ਨਿਰਮਾਣ ਲਈ ਕਰਵਾਇਆ ਗਿਆ ਲਾਈਫ਼ ਸਾਇੰਸਜ਼ ਦੇ ਖੇਤਰ ਨਾਲ ਸਬੰਧਤ ਰਿਫਰੈਸ਼ਰ ਕੋਰਸ ਸਫ਼ਲਤਾਪੂਰਵਕ ਸਮਾਪਤ ਹੋ ਗਿਆ। ਸੈਂਟਰ ਦੇ ਡਾਇਰੈਕਟਰ ਪ੍ਰੋ. ਰਮਨ ਮੈਣੀ ਨੇ ਦੱਸਿਆ ਕਿ ਇਹ ਕੋਰਸ ਆਫਲਾਈਨ ਵਿਧੀ ਰਾਹੀਂ ਕਰਵਾਇਆ ਗਿਆ। ਵਿਦਾਇਗੀ ਸੈਸ਼ਨ ਦੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸਿੰਘ ਸੈਣੀ ਨੇ ਕਿਹਾ ਕਿ ਅਧਿਆਪਕਾਂ ਨੂੰ ਆਪਣੇ ਖੇਤਰ ਵਿੱਚ ਅਪਡੇਟ ਰਹਿਣ ਲਈ ਅਤੇ ਗਿਆਨ ਦੇ ਨਵੇਂ ਰੁਝਾਨਾਂ ਨਾਲ ਜੁੜਨ ਲਈ ਅਜਿਹੇ ਰਿਫਰੈਸ਼ਰ ਕੋਰਸ ਲਗਾਉਣਾ ਬਹੁਤ ਜ਼ਰੂਰੀ ਹੈ। ਵਿਸ਼ੇਸ਼ ਮਹਿਮਾਨ ਵਿੱਤ ਅਫ਼ਸਰ ਡਾ. ਪ੍ਰਮੋਦ ਕੁਮਾਰ ਅਗਰਵਾਲ ਨੇ ਵੀ ਵਿਚਾਰ ਪੇਸ਼ ਕੀਤੇ। ਕੋ-ਆਰਡੀਨੇਟਰ ਪ੍ਰੋ. ਹਿਮੇਂਦਰ ਭਾਰਤੀ ਨੇ ਵੱਖ-ਵੱਖ ਗਤੀਵਿਧੀਆਂ ਬਾਰੇ ਦੱਸਿਆ।

# ਬਾਗਬਾਨੀ ਵਿਭਾਗ ਪੰਜਾਬ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਕਿਸਾਨ ਵੱਧ ਤੋਂ ਵੱਧ ਲਾਭ ਲੈਣ : ਡਾ. ਚਤੁਰਜੀਤ ਸਿੰਘ ਰਤਨ

## ਵਧੇਰੇ ਜਾਣਕਾਰੀ ਲਈ ਬਲਾਕ ਦੇ ਬਾਗਬਾਨੀ ਵਿਕਾਸ ਅਫਸਰ ਜਾਂ ਜ਼ਿਲ੍ਹਾ ਬਾਗਬਾਨੀ ਦਫਤਰ ਨਾਲ ਕੀਤਾ ਜਾ ਸਕਦਾ ਹੈ ਤਾਲਮੇਲ

**ਚੰਡੀਗੜ੍ਹ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਖੇਤੀ ਵਿੰਭਿਨਤਾਂ ਲਿਆਉਣ ਲਈ ਕਈ ਪ੍ਰਕਾਰ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਬਾਗਬਾਨੀ ਨੂੰ ਉਤਸ਼ਾਹਤ ਕਰਨ ਲਈ ਬਾਗਬਾਨੀ ਖੇਤਰ ਵਿੱਚ ਵੱਖ-ਵੱਖ ਸਬਸਿਡੀ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਗਬਾਨੀ ਵਿਕਾਸ ਅਫਸਰ ਰੂਪਨਗਰ ਡਾ. ਚਤੁਰਜੀਤ ਸਿੰਘ ਰਤਨ ਵੱਲੋਂ ਦੱਸਿਆ ਗਿਆ ਕਿ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਬਾਹਰ ਨਿਕਲ ਕੇ ਸਾਨੂੰ ਖੇਤੀ ਵਿੰਭਿਨਤਾ ਅਪਣਾਉਂਦੇ ਹੋਏ ਦੂਜੀਆਂ ਮੁਨਾਫ਼ੇਕਾਰ ਫਸਲਾਂ ਵੱਲ ਧਿਆਨ ਦੇਣ ਦੀ ਲੋੜ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਅਤੇ ਲੁਪਤ ਹੋ ਰਹੇ ਹੋਰ ਕੁਦਰਤੀ ਸਰੋਤਾਂ ਨੂੰ ਬਚਾਇਆ ਜਾ ਸਕੇ। ਖੇਤੀ ਵਿੰਭਿਨਤਾ ਵਿੱਚ ਬਾਗਬਾਨੀ ਫਸਲਾਂ ਦੀ ਕਾਸ਼ਤ ਸਭ ਤੋਂ ਵਧੀਆਂ ਵਿਕਲਪ ਹੈ। ਬਾਗਬਾਨੀ ਨੂੰ ਉਤਸ਼ਾਹਿਤ ਕਰਨ ਲਈ ਵਿਭਾਗਾਂ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਤਹਿਤ ਬਾਗਬਾਨਾਂ ਨੂੰ ਸਮੇਂ ਸਮੇਂ ਤੇ ਤਕਨੀਕੀ ਜਾਣਕਾਰੀ ਦੇ ਨਾਲ-ਨਾਲ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਅਧੀਨ ਸਬਸਿਡੀ ਦੇ ਲਾਭ ਵੀ ਦਿੱਤੇ ਜਾ ਰਹੇ ਹਨ।



ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਸਕੀਮ ਅਧੀਨ ਨਵੇਂ ਬਾਗ ਲਗਾਉਣ, ਹਾਈਬ੍ਰਿਡ ਸਬਜੀਆਂ ਦੀ ਕਾਸ਼ਤ, ਫੁੱਲਾਂ ਦੀ ਕਾਸ਼ਤ, ਖੁੰਬ ਪੈਦਾਵਾਰ ਯੂਨਿਟ ਸਥਾਪਿਤ ਕਰਨ, ਵਰਮੀ ਕੰਮਪੋਸਟ ਬੈੱਡ/ਯੂਨਿਟ, ਸੁਰੱਖਿਅਤ ਖੇਤੀ ਲਈ ਪੋਲੀ ਹਾਊਸ/ਨੈੱਟ ਹਾਊਸ ਯੂਨਿਟ ਸਥਾਪਿਤ ਕਰਨ ਅਤੇ ਇਸ ਯੂਨਿਟ ਅਧੀਨ ਫੁੱਲਾਂ ਅਤੇ ਸਬਜੀਆਂ ਦੀ ਕਾਸ਼ਤ, ਸ਼ਹਿਦ ਮੱਖੀ ਪਾਲਣ, ਬਾਗਾਂ ਲਈ ਛੋਟਾ ਟਰੈਕਟਰ, ਪਾਵਰ ਟਿੱਲਰ, ਬਾਗਾਂ/ਸਬਜੀਆਂ ਤੇ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਟਰੈਕਟਰ ਨਾਲ ਚੱਲਣ ਵਾਲੇ ਸਪਰੇ ਪੰਪ, ਨੈਪ ਸੈਕ ਪਾਵਰ ਸਪਰੇ ਪੰਪ, ਆਦਿ ਗਤੀਵਿਧੀਆਂ ਤੇ ਬਾਗਬਾਨੀ ਵਿਭਾਗ ਵੱਲੋਂ 40-50 ਫ਼ੀਸਦੀ ਤੱਕ ਸਬਸਿਡੀ ਦਿੱਤੀ ਜਾਂਦੀ ਹੈ।

ਬਾਗਬਾਨੀ ਵਿਕਾਸ ਅਫਸਰ ਰੂਪਨਗਰ ਨੇ ਦੱਸਿਆਂ ਕਿ ਫਲਾਂ ਅਤੇ ਸਬਜੀਆਂ ਦੀ ਤੁੜਾਈ ਉਪਰੰਤ ਸਾਂਭ-ਸੰਭਾਲ (ਪੋਸਟ ਹਾਰਵੈਸਟ ਮਨੈਜਮੈਂਟ) ਅਧੀਨ ਖੇਤ ਵਿੱਚ ਪੈਕ ਹਾਊਸ ਤਿਆਰ ਕਰਨ ਲਈ 50 ਫ਼ੀਸਦ ਦੇ ਹਿਸਾਬ ਨਾਲ 2 ਲੱਖ ਰੁਪਏ ਸਬਸਿਡੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਕੋਲਡ ਸਟੋਰ, ਰਾਈਪਨਿੰਗ ਚੈਂਬਰ, ਕੋਲਡ ਰੂਮ, ਇੰਟੀਗਰੇਟਿੰਡ ਪੈਕ ਹਾਊਸ, ਰੈਫਰੀਜਰੇਟਿਡ ਵੈਨ, ਪਿਆਜਾਂ ਲਈ ਸਟੋਰੇਜ ਯੂਨਿਟ, ਆਦਿ ਗਤੀਵਿਧੀਆਂ ਤੇ 35 ਫ਼ੀਸਦੀ ਸਬਸਿਡੀ ਦੀ ਸਹੂਲਤ ਹੈ। ਉਨ੍ਹਾਂ ਇਹ ਵੀ ਦੱਸਿਆਂ ਕਿ ਇਨ੍ਹਾਂ ਪੋਸਟ ਹਾਰਵੈਸਟ ਯੂਨਿਟਾਂ ਨੂੰ ਸਥਾਪਿਤ ਕਰਵਾਉਣ ਲਈ ਪਹਿਲਾਂ ਪ੍ਰੋਜੈਕਟ ਰਿਪੋਰਟ ਤਿਆਰ ਕਰਵਾਈ ਜਾਂਦੀ ਹੈ ਅਤੇ ਇਨ੍ਹਾਂ ਯੂਨਿਟਾਂ ਨੂੰ ਸਥਾਪਿਤ ਕਰਨ ਲਈ ਬੈਂਕ ਤੋਂ ਲੋਨ ਜਰੂਰੀ ਹੈ ਅਤੇ ਵਿਭਾਗ ਵੱਲੋਂ ਸਬਸਿਡੀ ਸਿੱਧੇ ਤੌਰ ਤੇ ਬੈਂਕ ਨੂੰ ਹੀ ਜਾਰੀ ਕੀਤੀ ਜਾਂਦੀ ਹੈ।

ਡਾ. ਚਤੁਰਜੀਤ ਸਿੰਘ ਰਤਨ ਵੱਲੋਂ ਅੱਗੇ ਦੱਸਿਆ ਗਿਆ ਕਿ ਇਨ੍ਹਾਂ ਮੌਜੂਦਾ ਸਕੀਮਾਂ ਤੋ ਇਲਾਵਾ ਸਰਕਾਰ ਵੱਲੋਂ ਕੁੱਝ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਬਾਗਬਾਨ ਸਬਸਿਡੀ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆਂ ਕਿ ਬਾਗਾਂ ਅਧੀਨ ਰਕਬਾ ਵਧਾਉਣ ਲਈ ਬਾਗਬਾਨ ਨੂੰ ਤੁਪਕਾ ਸਿੰਚਾਈ ਅਧੀਨ ਨਵੇਂ ਬਾਗ ਲਗਾਉਣ ਤੇ 10000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਇਨਸੈਂਟਿਵ ਦਿੱਤਾ ਜਾਵੇਗਾ। ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਦੱਸਿਆ ਕਿ ਬਾਗਬਾਨ ਵੱਖ-ਵੱਖ ਸਕੀਮਾਂ ਅਧੀਨ ਸਬਸਿਡੀ ਲੈਣ ਤੋਂ ਬਾਅਦ ਵੀ ਇਸ ਇੰਨਸੈਂਟਿਵ ਦਾ ਲਾਭ ਲੈ ਸਕਦੇ ਹਨ ਅਤੇ ਇਨਸੈਂਟਿਵ ਲਈ ਨਵੇਂ ਬਾਗ ਅਧੀਨ ਰਕਬੇ ਦੀ ਵੱਧ ਤੋਂ ਵੱਧ ਕੋਈ ਸੀਮਾਂ ਨਹੀਂ ਰੱਖੀ ਗਈ ਹੈ। ਦੂਜੀ ਨਵੀਂ ਸਕੀਮ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਿੰਨਾਂ ਬਾਗਬਾਨਾਂ ਵੱਲੋਂ ਸੁਰੱਖਿਤ ਖੇਤੀ ਤਹਿਤ ਪੋਲੀ ਹਾਊਸ ਅਧੀਨ ਹਾਈ ਵੈਲਯੂ ਸਬਜੀਆਂ ਜਾਂ ਫੁੱਲਾਂ ਦੀ ਕਾਸ਼ਤ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਪੋਲੀ ਹਾਊਸ ਦੀ ਸ਼ੀਟ ਫੱਟ ਚੁੱਕੀ ਹੈ ਜਾਂ ਤਿੰਨ ਸਾਲ ਤੋਂ ਜ਼ਿਆਦਾ ਪੁਰਾਣੀ ਹੋ ਚੁੱਕੀ ਹੈ, ਉਨ੍ਹਾਂ ਬਾਗਬਾਨਾਂ ਨੂੰ ਸ਼ੀਟ ਬਦਲਾਉਣ ਤੇ 50 ਫ਼ੀਸਦੀ ਸਬਸਿਡੀ ਜਾਰੀ ਕੀਤੀ ਜਾਵੇਗੀ।

# ਪ੍ਰਧਾਨ ਕਮਲਦੀਪ ਕੌਰ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਸਮੂਹ ਕਾਂਗਰਸੀ ਵਰਕਰਾਂ ਦੀ ਮੀਟਿੰਗ



**ਸ੍ਰੀ ਆਨੰਦਪੁਰ ਸਾਹਿਬ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸ੍ਰੀ ਅਨੰਦਪੁਰ ਸਾਹਿਬ ਦੇ ਸਮੂਹ ਕਾਂਗਰਸੀ ਵਰਕਰਾਂ ਦੀ ਇੱਕ ਮੀਟਿੰਗ ਮੰਡਲ ਪ੍ਰਧਾਨ ਕਮਲਦੀਪ ਕੌਰ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਮੂਹ ਕਾਂਗਰਸੀ ਵਰਕਰ ਵਰਕਰਾਂ ਨੇ ਆਪਣੇ ਆਪਣੇ ਵਿਚਾਰ ਰੱਖੇ ਮੀਟਿੰਗ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਅਤੇ ਸ਼ਰਧਾਂਜਲੀ ਭੇਟ ਕੀਤੀ ਇਸ ਤੋਂ ਬਾਅਦ ਸੰਵਿਧਾਨ ਦੇ ਨਿਰਮਾਤਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੇ ਵਿਰੁੱਧ ਅਪਸ਼ਬਦ ਬੋਲਣ ਵਾਲੇ ਅੰਮ੍ਰਿਤ ਸ਼ਾਹ ਗ੍ਰਿਹ ਮੰਤਰੀ ਭਾਰਤ ਸਰਕਾਰ ਦੇ ਵਿਰੁੱਧ ਮਤਾ ਪਾਸ ਕੀਤਾ ਗਿਆ ਉਹਨਾਂ ਨੂੰ ਸਾਰੇ ਭਾਰਤ ਦੇ ਨਾਗਰਿਕਾਂ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ ਇਸ ਮੀਟਿੰਗ ਵਿੱਚ ਮੰਡਲ ਪ੍ਰਧਾਨ ਤੋਂ ਇਲਾਵਾ ਕੁਲਦੀਪ ਸਿੰਘ ਜੀ ਵਾਈਸ ਪ੍ਰਧਾਨ ਰੋਪੜ ਕਾਂਗਰਸ ਸਰਕਲ ਪ੍ਰਧਾਨ ਅਰੁਣਦੀਪ ਜਗਮੀਤ ਸਿੰਘ ਜੀ ਬੰਗਾ ਮੋਹਣ ਸਿੰਘ ਜੀ ਭਸੀਨ ਤਜਿੰਦਰ ਸਿੰਘ ਜੀ ਰਤਨ ਸੁਰਿੰਦਰ ਸਿੰਘ ਬਾਲੀ ਸਿੰਘ ਪੰਚ ਸ਼ਰਮਾ ਜੀ ਗੰਗੂਵਾਲ ਪੁਸ਼ਪਿੰਦਰ ਸਿੰਘ ਗੰਗੂਵਾਲ ਪ੍ਰੇਮ ਸਿੰਘ ਜੀ ਬਾਸੋਵਾਲ ਪ੍ਰੇਮ ਸਿੰਘ ਜੀ ਸਿੱਧੂ ਪਰਮਪਾਲ ਪਿੰਕਾ ਜੀ ਪ੍ਰਵੇਸ਼ ਕੁਮਾਰ ਮਹਿਤਾ ਰਾਜ ਕੁਮਾਰ ਜੀ ਰਾਜੂ ਨੇ ਨਰਿੰਦਰ ਨਿੰਦਾ ਚੰਦਨ ਸ਼ਰਮਾ ਪਰਮਵੀਰ ਸਿੰਘ ਜੀ ਐਮਸੀ ਦਵਿੰਦਰ ਸਿੰਘ ਗੁਰਮੀਤ ਸਿੰਘ ਤਜਿੰਦਰ ਸਿੰਘ ਚੋਈ ਯਾਰ ਅਮਨਪੁਰੀ ਘੱਲੂ ਜੀ ਅਤੇ ਯੂਥ ਕਾਂਗਰਸ ਦੇ ਲੀਡਰ ਸ਼ਾਮਿਲ ਹੋਏ ਸਟੇਜ ਦੀ ਸੇਵਾ ਗੁਰਿੰਦਰ ਸਿੰਘ ਵਾਲੀਆ ਐਮਸੀ ਅਨੰਦਪੁਰ ਸਾਹਿਬ ਨੇ ਕੀਤੀ

# ਮੌਸਮ ਦਾ ਮਿਜ਼ਾਜ: ਢਾਬੀ-ਗੁੱਜਰਾਂ ਬਾਰਡਰ ’ਤੇ ਉਸਾਰੇ ਜਾਣ ਲੱਗੇ ਸ਼ੈੱਡ

## ਰੋਕਾਂ ਦੇ ਬਾਵਜੂਦ ਮੋਰਚੇ ’ਚ ਪਹੁੰਚ ਰਹੇ ਨੇ ਹਰਿਆਣਾ ਦੇ ਕਿਸਾਨ

**ਪਾਤੜਾਂ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ’ਤੇ ਢਾਬੀ ਗੁਜਰਾਂ ਬਾਰਡਰ ’ਤੇ ਕਿਸਾਨੀ ਮੰਗਾਂ ਮਨਵਾਉਣ ਲਈ ਅੰਦੋਲਨ ਦੇ ਚੱਲਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਸ਼ੁਰੂ ਕੀਤੇ ਮਰਨ ਵਰਤ ਦੌਰਾਨ ਜਿੱਥੇ ਉਨ੍ਹਾਂ ਦੀ ਸਿਹਤ ਵਿਗੜ ਰਹੀ ਹੈ, ਉੱਥੇ ਅੰਦੋਲਨ ਵੀ ਪੂਰੀ ਤਰ੍ਹਾਂ ਭਖ ਗਿਆ ਹੈ। ਕਿਸਾਨਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਪ੍ਰਬੰਧਕਾਂ ਨੂੰ ਅਪੀਲ ਕਰ ਕੇ ਸਪੱਸ਼ਟ ਕਰਨਾ ਪਿਆ ਕਿ ਡੱਲੇਵਾਲ ਠੀਕ ਹਨ। ਇਸ ਦੌਰਾਨ ਪਿੰਡ ਸਧਾਰਨਪੁਰ ਦੇ ਵਾਸੀਆਂ ਨੇ ਬਾਰਡਰ ਉੱਤੇ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਵੱਡਾ ਸ਼ੈੱਡ ਢਾਬੀ ਗੁੱਜਰਾਂ ਬਾਰਡਰ ਉੱਤੇ ਫਿੱਟ ਕਰਵਾ ਦਿੱਤਾ ਹੈ। ਸੋਮਵਾਰ ਨੂੰ ਬਾਰਡਰ ’ਤੇ ਹੋਈ ਬਰਸਾਤ ਮਗਰੋਂ ਪ੍ਰਬੰਧਕਾਂ ਨੇ ਧਰਨੇ ਵਾਲੀ ਥਾਂ ’ਤੇ ਕਿਸਾਨਾਂ ਦੇ ਦਿਨੋਂ-ਦਿਨ ਵਧਦੇ ਇਕੱਠ ਨੂੰ ਦੇਖਦਿਆਂ ਸਟੇਜ ਦੇ ਸਾਹਮਣੇ ਲੋਹੇ ਦਾ ਵੱਡਾ ਸ਼ੈੱਡ ਬਣਾਇਆ ਹੈ ਜਿਸ ਵਿੱਚ 5 ਹਜ਼ਾਰ ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਇਸ ਤੋਂ ਇਲਾਵਾ ਲੰਗਰ ਅਤੇ ਰਾਸ਼ਣ ਰੱਖਣ ਵਾਸਤੇ ਸ਼ੈੱਡ ਉਸਾਰੇ ਜਾ ਰਹੇ ਹਨ। ਇਸ ਦੌਰਾਨ ਸਧਾਰਨਪੁਰ ਵਾਸੀ ਗੁਰਜਿੰਦਰ ਸਿੰਘ, ਗੁਰਜੰਟ ਸਿੰਘ ਸਧਾਰਨਪੁਰ, ਜਸਵਿੰਦਰ ਸਿੰਘ, ਗੋਵਿੰਦਪ੍ਰੀਤ ਸਿੰਘ, ਦਵਿੰਦਰ ਸਿੰਘ ਤੇ ਰਾਜੂ ਸਿੰਘ ਨੇ ਦੱਸਿਆ ਕਿ ਦਿੱਲੀ ਦੇ ਸਿੰਘੂ ਬਾਰਡਰ ਉੱਤੇ ਪਿੰਡ ਵਾਸੀਆਂ ਵੱਲੋਂ ਵਿਸ਼ਾਲ ਪੱਕਾ ਸ਼ੈੱਡ ਤਿਆਰ ਕੀਤਾ ਗਿਆ ਸੀ। ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨ ਵਾਪਸ ਲਏ ਜਾਣ ਤੋਂ ਬਾਅਦ ਉਹ ਸ਼ੈੱਡ ਲਿਆ ਕੇ ਗੁਰਦੁਆਰਾ ਸਾਹਿਬ ਵਿੱਚ ਰੱਖ ਦਿੱਤਾ ਗਿਆ ਸੀ। ਹੁਣ ਢਾਬੀ ਗੁੱਜਰਾਂ ਬਾਰਡਰ ਉੱਤੇ ਕਿਸਾਨਾਂ ਦੀ ਵਧਦੀ ਆਮਦ ਨੂੰ ਦੇਖ ਕੇ ਫਿਟਿੰਗ ਕੀਤੀ ਜਾ ਰਹੀ ਹੈ ਤਾਂ ਕਿ ਬਰਸਾਤ ਤੇ ਹੱਡ ਚੀਰਵੀਂ ਠੰਢ ਵਿੱਚ ਕਿਸਾਨਾਂ ਨੂੰ ਦਿੱਕਤ ਨਾ ਆਵੇ। ਇਸੇ ਦੌਰਾਨ ਕਿਸਾਨ ਆਗੂ ਰਾਜ ਸਿੰਘ ਥੇੜੀ ਤੇ ਦਿਲਬਾਗ ਸਿੰਘ ਹਰੀਗੜ੍ਹ, ਯਾਦਵਿੰਦਰ ਸਿੰਘ ਬੂਰੜ ਨੇ ਸਧਾਰਨਪੁਰ ਵਾਸੀਆਂ ਦਾ ਸਵਾਗਤ ਕੀਤਾ ਹੈ। ਕਿਸਾਨ ਆਗੂ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਹੈ ਕਿ ਹਰਿਆਣਾ ਸਰਕਾਰ ਹਰਿਆਣਾ ਨੇ ਢਾਬੀ ਗੁਜਰਾਂ ਬਾਰਡਰ ’ਤੇ ਪਹੁੰਚਣ ਵਾਲੇ ਕਿਸਾਨਾਂ ਨੂੰ ਰੋਕਣ ਵਾਸਤੇ ਹਰਿਆਣਾ ਨੂੰ ਪੰਜਾਬ ਨਾਲ ਜੋੜਨ ਵਾਲੀਆਂ ਲਿੰਕ ਅਤੇ ਮੁੱਖ ਸੜਕਾਂ ਉੱਤੇ ਸੁਰੱਖਿਆ ਪ੍ਰਬੰਧ ਵਧਾਉਣ ਦੇ ਬਾਵਜੂਦ ਹਰਿਆਣਾ ਤੋਂ ਕਿਸਾਨ ਮੋਰਚੇ ਵਿੱਚ ਸ਼ਮੂਲੀਅਤ ਕਰ ਰਹੇ ਹਨ। ਇਸ ਬਾਰਡਰ ਉੱਤੇ ਪਹੁੰਚ ਰਹੀਆਂ ਔਰਤਾਂ ਵਿੱਚ 80 ਸਾਲਾਂ ਦੀ ਇੱਕ ਬਜ਼ੁਰਗ ਔਰਤ ਨੇ ਸ਼ਮੂਲੀਅਤ ਕਰਕੇ ਦਰ ਸਰਕਾਰ ਖਿਲਾਫ ਆਪਣਾ ਰੋਸ ਜ਼ਾਹਿਰ ਕਰਦਿਆਂ ਕਿਸਾਨ ਆਗੂ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਕੀਤੀ ਹੈ। ਦੋਵੇਂ ਲੱਤਾਂ ਤੋਂ ਅਪਾਹਜ ਇਲੈਕਟ੍ਰਾਨਿਕ ਵਹੀਕਲ ਰਾਹੀਂ ਬਾਰਡਰ ’ਤੇ ਪਹੁੰਚੇ ਵਿਅਕਤੀ ਨੇ ਭਰੇ ਮਨ ਨਾਲ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਸਰਕਾਰ ਵੱਲੋਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਉਹ ਇੱਥੇ ਆਇਆ ਹੈ।



ਬਾਰਡਰ ’ਤੇ ਪੱਕਾ ਸ਼ੈੱਡ ਤਿਆਰ ਕਰਦੇ ਹੋਏ ਸਧਾਰਨਪੁਰ ਵਾਸੀ।

# ਪੀਸੀਐੱਸ ਲਈ ਨੌਜਵਾਨਾਂ ਦੀ ਕੋਚਿੰਗ ਫ਼ੀਸ ਭਰੇਗੀ ਪਿੰਡ ਆਕੜੀ ਦੀ ਪੰਚਾਇਤ



ਸਮਾਗਮ ਦੌਰਾਨ ਆਕੜੀ ਪਿੰਡ ਦੇ ਸਰਪੰਚ ਅਤੇ ਪੰਚਾਂ ਨੂੰ ਸਨਮਾਨਤ ਕਰਦੇ ਹੋਏ ਪਿੰਡ ਵਾਸੀ।

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਘਨੌਰ ਦੇ ਪਿੰਡ ਆਕੜੀ ਦੀ ਪੰਚਾਇਤ ਨੇ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਮੌਕੇ 21 ਹਜ਼ਾਰ ਰੁਪਏ ਸ਼ਗਨ ਸਕੀਮ ਦੀ ਸ਼ੁਰੂਆਤ ਤੋਂ ਬਾਅਦ ਇੱਕ ਹੋਰ ਅਹਿਮ ਫ਼ੈਸਲਾ ਲਿਆ ਹੈ। ਪਿੰਡ ਦੇ ਨਵੇਂ ਬਣੇ ਸਰਪੰਚ ਜਸਵਿੰਦਰ ਸਿੰਘ ਦੀ ਅਗਵਾਈ ਹੇਠਲੀ ਮੀਟਿੰਗ ’ਚ ਲਏ ਗਏ ਇਸ ਨਵੇਂ ਫੈਸਲੇ ਮੁਤਾਬਿਕ ਪੰਜਾਬ ਸਿਵਿਲ ਸਰਵਿਸ (ਪੀਸੀਐੱਸ) ਦੇ ਇਮਤਿਹਾਨ ਦੇਣ ਦੇ ਇੱਛੁਕ ਪਿੰਡ ਦੇ ਹਰ ਨੌਜਵਾਨ ਮੁੰਡੇ ਕੁੜੀ ਦੀ ਕੋਚਿੰਗ ਦੀ ਫ਼ੀਸ ਪੰਚਾਇਤ ਵੱਲੋਂ ਭਰੀ ਜਾਇਆ ਕਰੇਗੀ। ਪੰਚਾਇਤ ਨੇ ਫ਼ੈਸਲਾ ਕੀਤਾ ਹੈ ਕਿ ਅਜਿਹੀ ਕੋਚਿੰਗ ’ਤੇ ਆਉਣ ਵਾਲਾ ਸਾਰਾ ਖਰਚਾ ਪੰਚਾਇਤ ਵੱਲੋਂ ਕੀਤਾ ਜਾਵੇਗਾ। ਇੰਜ, ਪਿੰਡ ਆਕੜੀ ਦੀ ਪੰਚਾਇਤ ਵੱਲੋਂ ਲਏ ਜਾ ਰਹੇ ਇਨ੍ਹਾਂ ਉਸਾਰੂ ਫੈਸਲਿਆਂ ਦੀ ਚੁਫੇਰੇ ਪ੍ਰਸੰਸਾ ਹੋ ਰਹੀ ਹੈ। ਇਸ ਤੋਂ ਪਹਿਲਾਂ ਇਸ ਪੰਚਾਇਤ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਮੌਕੇ ਸ਼ਗਨ ਦੇਣ ਸਬੰਧੀ ਵੀ ਸਕੀਮ ਦੀ ਸ਼ੁਰੂਆਤ ਵੀ ਕੀਤੀ ਜਾ ਚੁੱਕੀ ਹੈ।

# ਰੂਪਨਗਰ ਦੀ ਸਾਨਵੀ ਸੂਦ ਨੂੰ ਮਿਲਿਆ ਕੌਮੀ ਬਾਲ ਪੁਰਸਕਾਰ



**ਰੂਪ ਨਗਰ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ ਦੀ 10 ਸਾਲਾ ਪਰਬਤਾਰੋਹੀ ਸਾਨਵੀ ਸੂਦ ਵੀ ਵੀਰਵਾਰ ਨੂੰ ਨਵੀਂ ਦਿੱਲੀ ’ਚ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਦਰੋਪਦੀ ਮੁਰਮੂ ਤੋਂ ਕੌਮੀ ਬਾਲ ਪੁਰਸਕਾਰ ਪ੍ਰਾਪਤ ਕਰਨ ਵਾਲੇ 17 ਬੱਚਿਆਂ ਵਿਚ ਸ਼ਾਮਲ ਸੀ। ਸਾਨਵੀ ਸੂਦ ਨੂੰ ਵੀਰ ਬਾਲ ਦਿਵਸ ਮੌਕੇ ਇਹ ਪੁਰਸਕਾਰ ਮਹਿਲਾ ਅਤੇ ਬਾਲ ਕਲਿਆਣ ਮੰਤਰਾਲੇ ਰਾਹੀਂ ਦਿੱਤਾ ਗਿਆ। ਸਾਨਵੀ ਸੂਦ ਦੇ ਪਿਤਾ ਦੀਪਕ ਸੂਦ ਨੇ ਦੱਸਿਆ ਕਿ ਪੂਰੇ ਭਾਰਤ ਦੇ 17 ਬੱਚਿਆਂ ਨੂੰ ਵੱਖ ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਬਦਲੇ ਇਹ ਪੁਰਸਕਾਰ ਦਿੱਤਾ ਗਿਆ ਅਤੇ ਪੂਰੇ ਪੰਜਾਬ ਤੋਂ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੀ ਸਾਨਵੀ ਇਕਲੌਤੀ ਬੱਚੀ ਹੈ। ਉਨ੍ਹਾਂ ਦੱਸਿਆ ਕਿ ਸਾਨਵੀ 8 ਸਾਲ ਦੀ ਉਮਰ ਵਿੱਚ ਕੌਮਾਂਤਰੀ ਪੱਧਰ ਦੀਆਂ ਕਈ ਉੱਚੀਆਂ ਚੋਟੀਆਂ ਨੂੰ ਸਰ ਕਰਨ ਤੋਂ ਬਾਅਦ ਚਰਚਾ ਵਿੱਚ ਆਈ ਸੀ। ਸਾਨਵੀ ਉਹ ਹੁਣ ਤੱਕ ਮਾਊਂਟ ਐਵਰੈਸਟ ਪਰਬਤ ਬੇਸ ਕੈਂਪ ਤੋਂ ਇਲਾਵਾ ਅਫਰੀਕਾ, ਰੂਸ, ਆਸਟਰੇਲੀਆ ਅਤੇ ਇਰਾਨ ਦੇ ਕਈ ਪਰਬਤਾਂ ਨੂੰ ਸਰ ਕਰ ਚੁੱਕੀ ਹੈ। ਰੂਪਨਗਰ ਦੀ ਸਾਨਵੀ ਸੂਦ ਇਸ ਸਮੇਂ ਯਾਦਵਿੰਦਰਾ ਪਬਿਲਕ ਸਕੂਲ ਮੁਹਾਲੀ ਤੋਂ ਸਿੱਖਿਆ ਪ੍ਰਾਪਤ ਕਰ ਰਹੀ ਹੈ।

# ਆਮ ਖ਼ਾਸ ਬਾ.ਗ ਵਿਖੇ ‘ਜਿੰਦਾਂ ਨਿੱਕੀਆਂ’ ਸਾਈਟ ਐਂਡ ਸਾਊਂਡ ਸ਼ੋਅ ਦੀ ਭਾਵਪੂਰਨ ਪੇਸ਼ਕਾਰੀ



**ਫਤਹਿਗੜ੍ਹ ਸਾਹਿਬ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਸਮ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਦੀ ਯਾਦ ਵਿੱਚ ਇੱਥੇ ਜੁੜੀ ਸਾਲਾਨਾ ਸ਼ਹੀਦੀ ਸਭਾ ਦੀ ਦੂਜੀ ਸ਼ਾਮ ਮੌਕੇ ਸਥਾਨਕ ਆਮ ਖਾਸ ਬਾਗ ਵਿਖੇ ਇਤਿਹਾਸਕ ਸਾਈਟ ਐਂਡ ਸਾਊਂਡ ਸ਼ੋਅ ’ਜਿੰਦਾਂ ਨਿੱਕੀਆਂ’ ਦੀ ਭਾਵਪੂਰਨ ਵਿਲੱਖਣ ਪੇਸ਼ਕਾਰੀ ਹੋਈ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਆਰਟ ਥੀਏਟਰ ਦੇ ਸਹਿਯੋਗ ਨਾਲ ਸੰਗਤ ਨੂੰ ਸਿੱਖ ਇਤਿਹਾਸ ਦੇ ਰੂਬਰੂ ਕਰਵਾਉਣ ਲਈ ਸਵਰਗੀ ਡਾ. ਹਰਚਰਨ ਸਿੰਘ ਲਾਟਾ ਵੱਲੋਂ ਲਿਖਤ ਨਾਟਕ ’ਤੇ ਅਧਾਰਤ ਪ੍ਰਸਿੱਧ ਨਿਰਦੇਸ਼ਕ ਤੇ ਨਿਰਮਾਤਾ ਡਾ. ਹਰਬਖ਼ਸ਼ ਸਿੰਘ ਲਾਟਾ ਦੀ ਨਿਰਦੇਸ਼ਨਾਂ ਹੇਠ ਇਹ ਸ਼ੋਅ ਸੰਗਤ ਲਈ ਪੇਸ਼ ਕੀਤਾ ਗਿਆ ਹੈ।

ਇਸ ਦੌਰਾਨ ਦੂਰੋਂ-ਨੇੜਿਓਂ ਪੁੱਜੀ ਵੱਡੀ ਗਿਣਤੀ ਸੰਗਤ ਨੇ ਇਸ ਸ਼ੋਅ ਜ਼ਰੀਏ ਸਾਕਾ ਸਰਹਿੰਦ ਦੇ ਇਤਿਹਾਸਕ ਪੱਖਾਂ ਨੂੰ ਜਾਣਿਆ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ ਐੱਸ.ਡੀ.ਐਮ. ਅਮਲੋਹ, ਮਨਜੀਤ ਸਿੰਘ ਰਾਜਲਾ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਰਹਿੰਦੀ ਦੁਨੀਆ ਤੱਕ ਯਾਦ ਰੱਖੀ ਜਾਵੇਗੀ ਕਿਉਂਕਿ ਅਜਿਹੀ ਮਿਸਾਲ ਦੁਨੀਆ ਭਰ ਦੇ ਇਤਿਹਾਸ ਵਿੱਚ ਕਿਤੇ ਹੋਰ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮੁੱਚੀ ਪੰਜਾਬ ਸਰਕਾਰ ਸ਼ਹੀਦਾਂ ਨੂੰ ਸਿਜਦਾ ਕਰਦੀ ਹੈ।

ਇਸ ਸਾਈਟ ਐਂਡ ਸਾਊਂਡ ਸ਼ੋਅ ’ਜਿੰਦਾਂ ਨਿੱਕੀਆਂ’ ’ਚ ਖ਼ਾਲਸਾ ਪੰਥ ਦੀ ਸਾਜਨਾ ਤੋਂ ਲੈ ਕੇ ਗੁਰੂ ਸਾਹਿਬ ਦੇ ਪਰਿਵਾਰ ਵਿਛੋੜੇ ਤੋਂ ਲੈਕੇ ਚਮਕੌਰ ਦੀ ਗੜ੍ਹੀ ਦੀ ਜੰਗ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਗ੍ਰਿਫਤਾਰੀ ਤੇ ਨੀਹਾਂ ਵਿੱਚ ਚਿਣਨ ਦਾ ਬਿਰਤਾਂਤ ਗੁਰੂ ਜੀ ਵੱਲੋਂ ਔਰੰਗਜ਼ੇਬ ਨੂੰ ਲਿਖੇ ਜਿੱਤ ਦੇ ਪੱਤਰ ’ਜ਼ਫ਼ਰਨਾਮਾ’, ਸੂਬਾ ਸਰਹਿੰਦ ਨੂੰ ਸਬਕ ਸਿਖਾਉਣ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਭੇਜਣ ਤੇ ਚਪੜ ਚਿੜੀ ਤੱਕ ਦੇ ਇਤਿਹਾਸ ਨੂੰ ਦਿਲਕਸ਼ ਤੇ ਖ਼ੂਬਸੂਰਤੀ ਨਾਲ ਸੰਗਤ ਦੇ ਰੂਬਰੂ ਕਰਵਾਇਆ ਗਿਆ। ਇਤਿਹਾਸ ਦੀ ਵਿਲੱਖਣ ਪੇਸ਼ਕਾਰੀ ਨੂੰ ਦੇਖਕੇ ਸੰਗਤ ਨੇ ਜੈਕਾਰਿਆਂ ਨਾਲ ਆਪਣੇ ਜੋਸ਼ ਦਾ ਪ੍ਰਗਟਾਵਾ ਕੀਤਾ।

# ਸ਼ਹੀਦੀ ਸਭਾ: ਡੀਜੀਪੀ ਗੌਰਵ ਯਾਦਵ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ

**ਚੰਡੀਗੜ੍ਹ/ਫ਼ਤਹਿਗੜ੍ਹ ਸਾਹਿਬ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਫ਼ਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦੇ ਦੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਭਾ ਦੇ ਚੱਲਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੰਗਤ ਦੇ ਨਿਰਵਿਘਨ ਮੱਥਾ ਟੇਕਣ ਨੂੰ ਯਕੀਨੀ ਬਣਾਉਣ ਲਈ ਮੌਕੇ ’ਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਜ਼ਿਕਰਯੋਗ ਹੈ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਤਿੰਨ ਰੋਜ਼ਾ ਸਾਲਾਨਾ ਸ਼ਹੀਦੀ ਸਮਾਗਮ ਬੁੱਧਵਾਰ ਤੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼ੁਰੂ ਹੋ ਗਿਆ ਹੈ।

ਡੀ.ਜੀ.ਪੀ ਗੌਰਵ ਯਾਦਵ, ਜੋ ਕਿ ਡੀ.ਆਈ.ਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ ਅਤੇ ਐਸ.ਐਸ.ਪੀ. ਫ਼ਤਹਿਗੜ੍ਹ ਸਾਹਿਬ ਡਾ. ਰਵਜੋਤ ਗਰੇਵਾਲ ਦੇ ਨਾਲ ਸਨ, ਨੇ ਸ਼ਹੀਦੀ ਸਭਾ ਦੇ ਸਮਾਗਮ ਨੂੰ ਸੁਚਾਰੂ ਅਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੀਤੇ ਗਏ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਉਨ੍ਹਾਂ ਦੱਸਿਆ ਕਿ 4000 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਹੈ ਅਤੇ ਗਜ਼ਟਿਡ ਅਧਿਕਾਰੀ ਦੀ ਅਗਵਾਈ ਹੇਠ ਸਮੁੱਚੇ ਖੇਤਰ ਨੂੰ ਪੰਜ ਸੈਕਟਰਾਂ ਵਿੱਚ ਵੰਡਿਆ ਗਿਆ ਹੈ ਤਾਂ ਜੋ ਸੰਗਤ ਨੂੰ ਮੱਥਾ ਟੇਕਣ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਇੱਕ ਵਿਸ਼ੇਸ਼ ਰੂਟ ਨੂੰ ਵੀ.ਆਈ.ਪੀ. ਰੂਟ ਵਜੋਂ ਬਣਾਇਆ ਗਿਆ ਹੈ, ਜਿਸ ਨੂੰ ਲੋੜ ਪੈਣ ‘ਤੇ ਐਮਰਜੈਂਸੀ ਲਈ ਵੀ ਵਰਤਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀ ਤਰਜੀਹੀ ਡਿਊਟੀ ਸੰਗਤ ਲਈ ਨਿਰਵਿਘਨ ਰਸਤੇ ਨੂੰ ਯਕੀਨੀ ਬਣਾਉਣਾ ਹੈ ਅਤੇ ਪੰਜਾਬ ਪੁਲਿਸ ਸੁਖਾਵੇਂ ਢੰਗ ਨਾਲ ਸਾਰੀ ਸੰਗਤ ਦੀ ਅਗਵਾਈ ਕਰੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸੰਗਤਾਂ ਪ੍ਰਤੀ ਨਿਮਰਤਾ ਵਾਲਾ ਰਵੱਈਆ ਅਪਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਡੀਜੀਪੀ ਨੇ ਕਿਹਾ ਕਿ ਸਾਰੇ ਰੂਟਾਂ ’ਤੇ ਲੋੜੀਂਦੀ ਗਿਣਤੀ ਵਿੱਚ ਕਲੋਜ਼ਡ ਸਰਕਟ ਟੈਲੀਵਿਜ਼ਨ (ਸੀਸੀਟੀਵੀ) ਕੈਮਰੇ ਲਗਾਏ ਗਏ ਹਨ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਕੰਟਰੋਲ ਰੂਮ ਰਾਹੀਂ ਕਵਰੇਜ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਕੁੱਲ 20 ਪਾਰਕਿੰਗ ਥਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ ਅਤੇ ਸੰਗਤ ਦੀ ਸਹੂਲਤ ਲਈ ਪਾਰਕਿੰਗ ਏਰੀਆ ਅਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਚਕਾਰ ਸ਼ਟਲ ਬੱਸ ਸੇਵਾ ਵਧਾ ਕੇ 100 ਬੱਸਾਂ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਸ਼ਹਿਰ ਨੂੰ ਇੱਕ ਤਰਫਾ ਆਵਾਜਾਈ ਮਾਰਗ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

# ਆਈਏਐੱਸ ਕੇਂਦਰ ਵਿੱਚ ਕਲਾਸਾਂ ਸ਼ੁਰੂ

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਆਈ.ਏ.ਐੱਸ. ਐਂਡ ਅਲਾਈਡ ਸਰਵਿਸਿਜ਼ ਟ੍ਰੇਨਿੰਗ ਸੈਂਟਰ ਵਿੱਚ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਹ ਕਲਾਸਾਂ ਆਈ.ਏ.ਐਸ./ਪੀ.ਸੀ.ਐੱਸ (ਪ੍ਰੀ.)(ਰੈਗੂਲਰ/ਵੀਕਐਂਡ) ਯੂ.ਜੀ.ਸੀ./ਨੈਟ ਅਤੇ ਪੀ.ਸੀ.ਐੱਸ. (ਜੁਡੀਸ਼ਰੀ) ਦੀ ਤਿਆਰੀ ਲਈ ਹਨ। ਡਾਇਰੈਕਟਰ ਡਾ. ਅਮਰਇੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਪਿਛਲੇ ਲੰਬੇ ਸਮੇਂ ਤੋਂ ਵਿਦਿਆਰਥੀਆਂ ਨੂੰ ਬਹੁਤ ਘੱਟ ਫੀਸਾਂ ਉੱਤੇ ਉੱਚ ਸ਼੍ਰੇਣੀ ਦੀ ਸਿਖਲਾਈ ਪ੍ਰਦਾਨ ਕਰਦਾ ਆ ਰਿਹਾ ਹੈ। ਮਾਹਿਰ ਅਧਿਆਪਕ ਇੱਥੇ ਸਿਖਲਾਈ ਦਿੰਦੇ ਹਨ। ਵਿਭਾਗ ਵਿੱਚ ਉਪਲਬਧ ਵੱਡੀ ਲਾਇਬ੍ਰੇਰੀ ਅਤੇ ਹੋਰ ਲੋੜੀਂਦਾ ਸਾਜ਼ੋ-ਸਾਮਾਨ ਵਿਦਿਆਰਥੀਆਂ ਦੀ ਸਿਖਲਾਈ ਲਈ ਮਦਦਗਾਰ ਹੁੰਦਾ ਹੈ।

ਇਨ੍ਹਾਂ ਟੈਸਟਾਂ ਦੀ ਤਿਆਰੀ ਕਰਨ ਦੇ ਚਾਹਵਾਨ ਵਿਦਿਆਰਥੀ ਇਸ ਕੇਂਦਰ ਨਾਲ਼ ਜੁੜ ਕੇ ਲਾਭ ਉਠਾ ਸਕਦੇ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਇਸ ਵਿਭਾਗ ਦੀ ਖਾਸੀਅਤ ਹੈ ਕਿ ਇਹ ਵਿਭਾਗ ਹਫ਼ਤੇ ਵਿੱਚ ਸੱਤ ਦਿਨ ਅਤੇ ਸਾਲ ਵਿੱਚ 365 ਦਿਨ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਇਨ੍ਹਾਂ ਕਲਾਸਾਂ ਵਿੱਚ ਦਾਖ਼ਲਾ ਲੈਣ ਸਬੰਧੀ ਵਿਦਿਆਰਥੀ ਆਪਣੀਆਂ ਅਰਜ਼ੀਆਂ 07-01-2025 ਤੱਕ (ਈ-ਮੇਲ iastrainingcentrepbi@gmail.com ਰਾਹੀਂ ਵੀ) ਭੇਜ ਸਕਦੇ ਹਨ। ਲੋੜਵੰਦ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਦੀ ਸਹੂਲਤ ਉਪਲਬਧ ਹੈ। ਚੁਣੇ ਗਏ ਵਿਦਿਆਰਥੀਆਂ ਨਾਲ ਈ-ਮੇਲ ਅਤੇ ਮੋਬਾਈਲ ਰਾਹੀਂ ਸੰਪਰਕ ਕੀਤਾ ਜਾਵੇਗਾ।

# ਸੜਕ ਕਿਨਾਰਿਓਂ ਨਾਜਾਇਜ਼ ਰੇਹੜੀਆਂ ਹਟਾਈਆਂ

## ਆਵਾਜਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤੀ ਕਾਰਵਾਈ

**ਦੇਵੀਗੜ੍ਹ, 27 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਟਰੈਫਿਕ ਇੰਚਾਰਜ ਤਰਸੇਮ ਕੁਮਾਰ ਨਾਜਾਇਜ਼ ਰੇਹੜੀਆਂ ਹਟਵਾਉਂਦੇ ਹੋਏ।

ਟਰੈਫਿਕ ਇੰਚਾਰਜ ਦਿਹਾਤੀ ਦੇਵੀਗੜ੍ਹ ਦੇ ਇੰਚਾਰਜ ਤਰਸੇਮ ਕੁਮਾਰ ਨੇ ਪੁਲੀਸ ਟੀਮ ਨਾਲ ਡੀ.ਐੱਸ.ਪੀ. ਟਰੈਫਿਕ ਅਛਰੂ ਰਾਮ ਦੀ ਅਗਵਾਈ ਹੇਠ ਕਸਬਾ ਦੇਵੀਗੜ੍ਹ ਵਿੱਚ ਸੜਕ ਕਿਨਾਰੇ ਲੱਗੀਆਂ ਨਾਜਾਇਜ਼ ਰੇਹੜੀਆਂ ਅਤੇ ਕਾਰਾਂ ਪਿੱਛੇ ਹਟਵਾਈਆਂ ਤਾਂ ਕਿ ਆਵਾਜਾਈ ਨੂੰ ਦਰੁਸਤ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾਂ ਵਾਹਨਾਂ ਦੇ ਕਾਗਜ਼ ਨਾ ਬਣਾਉਣ ਵਾਲੇ ਨੌਜਵਾਨਾਂ ਨੂੰ ਤਾੜਨਾ ਕੀਤੀ।

ਇਸ ਮੌਕੇ ਉਨ੍ਹਾਂ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਵੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਿਨਾਂ ਵਜਾ ਮੋਟਰਸਾਈਕਲਾਂ ਨੂੰ ਚਲਾਉਣ ਤੋਂ ਰੋਕਣ। ਇਸ ਦੌਰਾਨ ਉਨ੍ਹਾਂ ਜੁਗਾੜੂ ਰੇਹੜੀ ਵਾਲਿਆਂ ਨੂੰ ਵੀ ਤਾੜਨਾ ਕਰਦਿਆਂ ਕਿਹਾ ਕਿ ਧੁੰਦ ਦੇ ਮੌਸਮ ਦੌਰਾਨ ਰੇਹੜੀਆਂ ਧਿਆਨ ਨਾਲ ਚਲਾਉਣ ਤਾਂ ਕਿ ਕੋਈ ਹਾਦਸਾ ਨਾ ਵਾਪਰ ਸਕੇ। ਇਸ ਮੌਕੇ ਉਨ੍ਹਾਂ ਟਰੱਕਾਂ, ਟਰੈਕਟਰ ਟਰਾਲੀਆਂ ਤੇ ਬੱਸਾਂ ਪਿੱਛੇ ਰਿਫਲੈਕਟਰ ਲਾਉਣ ਦੀ ਵੀ ਅਪੀਲ ਕੀਤੀ।

# ਦਲਿਤ ਜਥੇਬੰਦੀਆਂ ਵੱਲੋਂ ਸ਼ਾਹ ਖ਼ਿਲਾਫ਼ ਮੁਜ਼ਾਹਰਾ; ਗ੍ਰਹਿ ਮੰਤਰੀ ਦੇ ਬਿਆਨ ’ਤੇ ਰੋਸ ਪ੍ਰਗਟਾਇਆ



ਗ੍ਰਹਿ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਮੁਜ਼ਾਹਰਾਕਾਰੀ।

**ਰਾਜਪੁਰਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਅੰਬੇਡਕਰ ਚੌਕ ਵਿੱਚ ਦਲਿਤ ਸਮਾਜ ਦੀਆਂ ਜਥੇਬੰਦੀਆਂ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੀ ਦਲਿਤ ਵਿਰੋਧੀ ਵਿਚਾਰਧਾਰਾ ਦਾ ਵਿਰੋਧ ਕਰਦਿਆਂ ਮੁਜ਼ਾਹਰਾ ਕੀਤਾ ਗਿਆ ਜਿਸ ਦੀ ਅਗਵਾਈ ਸਫ਼ਾਈ ਸੇਵਕ ਪੰਜਾਬ ਦੇ ਕੌਮੀ ਪ੍ਰਧਾਨ ਹੰਸ ਰਾਜ ਬਨਵਾੜੀ ਅਤੇ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਰਾਜਪੁਰਾ ਦੇ ਪ੍ਰਧਾਨ ਰਾਜਿੰਦਰ ਸਿੰਘ ਚਪੜ ਨੇ ਕੀਤੀ।

ਇਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਇਕੱਠ ਨੂੰ ਸਾਂਝੇ ਤੌਰ ’ਤੇ ਸੰਬੋਧਨ ਕਰਦਿਆਂ ਸ੍ਰੀ ਚਪੜ ਨੇ ਕਿਹਾ ਕਿ ਦੇਸ਼ ਆਜ਼ਾਦ ਹੋਣ ਤੋਂ 75 ਸਾਲ ਬਾਅਦ ਵੀ ਸੰਵਿਧਾਨ ਨੂੰ ਬਦਲਣ ਲਈ ਕੋਝੀਆਂ ਚਾਲਾਂ ਚੱਲੀਆਂ ਗਈਆਂ।

ਹੁਣ ਵੀ ਡਾ. ਅੰਬੇਡਕਰ ਦਾ ਲੋਕ ਸਭਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅਪਮਾਨ ਕੀਤਾ ਗਿਆ ਹੈ। ਦਲਿਤ ਆਗੂ ਹੰਸ ਰਾਜ ਨੇ ਕਿਹਾ ਕਿ ਡਾ. ਅੰਬੇਡਕਰ ਨੇ ਦਲਿਤ ਸਮਾਜ ਨੂੰ ਉਨ੍ਹਾਂ ਦੇ ਹੱਕ ਲੈ ਕੇ ਦਿੱਤੇ।

ਡਾ. ਬੀ.ਆਰ. ਅੰਬੇਦਕਰ ਨੇ ਖ਼ੁਦ ਬਹੁਤ ਮੁਸ਼ਕਲਾਂ ਵਿੱਚ ਪੜ੍ਹਾਈ ਲਿਖਾਈ ਕੀਤੀ ਅਤੇ ਸੰਵਿਧਾਨ ਨਿਰਮਾਣ ਵਰਗਾ ਮਹਾਨ ਕਾਰਜ ਕੀਤਾ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨੂੰ ਤੁਰੰਤ ਪ੍ਰਭਾਵ ਨਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਅਸਤੀਫ਼ਾ ਲੈਣਾ ਚਾਹੀਦਾ ਹੈ। ਇਸ ਮੁਜ਼ਾਹਰੇ ਵਿੱਚ ਐਡਵੋਕੇਟ ਜਸਪਾਲ ਸਿੰਘ, ਰਾਜਿੰਦਰ ਬਾਲਮੀਕਨ, ਸੰਜੇ ਬਨਵਾੜੀ, ਕਮਲ ਕੁਮਾਰ, ਸੰਜੂ ਪ੍ਰਧਾਨ, ਰਾਜਨ ਜੀ ਅਤੇ ਰਮਨ ਆਦਿ ਨੇ ਵੀ ਸੰਬੋਧਨ ਕੀਤਾ।

# ਗੁਰਦੁਆਰਾ ਗੁਰੂ ਰਵਿਦਾਸ ’ਚ ‘ਚਾਰ ਸਾਹਿਬਜ਼ਾਦੇ’ ਫ਼ਿਲਮ ਦਿਖਾਈ

**ਸਮਾਣਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੇ ਨੌਜਵਾਨ ਭਾਰਤ ਸਭਾ ਸਮਾਣਾ ਕਮੇਟੀ ਵੱਲੋਂ ਸੂਬਾ ਆਗੂ ਦਵਿੰਦਰ ਛਬੀਲਪੁਰ ਅਤੇ ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਦੀ ਅਗਵਾਈ ਹੇਠ ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ‘ਚਾਰ ਸਾਹਿਬਜ਼ਾਦੇ’ ਫਿਲਮ ਦਿਖਾਈ ਗਈ। ਇਸ ਮੌਕੇ ਸੂਬਾ ਆਗੂ ਦਵਿੰਦਰ ਛਬੀਲਪੁਰ ਤੇ ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਨੇ ਕਿਹਾ ਕਿ ਸਿੱਖ ਇਤਿਹਾਸ ਵਿਚ ਵੱਡੀ ਪੱਧਰ ਤੇ ਕੁਰਬਾਨੀਆਂ ਦੇਣ ਦੇ ਬਾਵਜੂਦ ਅੱਜ ਵੀ ਸਾਨੂੰ ਹੱਕਾਂ ਤੋਂ ਵਾਂਝਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਨੌਜਵਾਨਾਂ ਅੱਗੇ ਰੁਜ਼ਗਾਰ ਦਾ ਸੰਕਟ ਖੜ੍ਹਾ ਹੋਇਆ ਹੈ।

# ਸਟੈਲੇਟੋਜ਼ ਨੇ ਬਠਿੰਡਾ ਵਿੱਚ ਇੱਕ ਨਵੇਂ ਸਟੋਰ ਦੀ ਸ਼ੁਰੂਆਤ ਦੇ ਨਾਲ ਪੰਜਾਬ ਵਿੱਚ ਪੈਰਾਂ ਦੇ ਨਿਸ਼ਾਨ ਦਾ ਵਿਸਥਾਰ ਕੀਤਾ

**ਬਠਿੰਡਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**





ਪੰਜਾਬ ਦੇ ਸੈਂਟਰ ਬਠਿੰਡਾ ਸ਼ਹਿਰ ਵਿੱਚ ਸਟੈਲੇਟੋਜ਼ ਭਾਰਤ ਦੇ ਪ੍ਰਮੁੱਖ ਪਰਿਵਾਰਕ ਫੁੱਟਵੀਅਰ ਬ੍ਰਾਂਡਾਂ ਵਿੱਚੋਂ ਇੱਕ, ਬਠਿੰਡਾ, ਪੰਜਾਬ ਵਿੱਚ ਆਪਣੇ ਨਵੀਨਤਮ ਸਟੋਰ ਖੋਲ੍ਹਣ ਦਾ ਐਲਾਨ ਕਰਨ ਲਈ ਉਤਸ਼ਾਹਿਤ ਹੈ। ਚੰਡੀਗੜ੍ਹ, ਅੰਮ੍ਰਿਤਸਰ, ਪਟਿਆਲਾ, ਪਠਾਨਕੋਟ ਅਤੇ ਲੁਧਿਆਣਾ ਵਿੱਚ ਗਾਹਕਾਂ ਤੋਂ ਅਥਾਹ ਪਿਆਰ ਅਤੇ ਸਮਰਥਨ ਪ੍ਰਾਪਤ ਕਰਨ ਤੋਂ ਬਾਅਦ, ਸਟੇਲਾਟੋਜ਼ ਨੂੰ ਆਰਾਮ, ਸ਼ੈਲੀ ਅਤੇ ਕਿਫਾਇਤੀਤਾ ਦਾ ਇੱਕ ਵਿਲੱਖਣ ਸੁਮੇਲ ਪੇਸ਼ ਕਰਦੇ ਹੋਏ, ਜੀਵੰਤ ਸ਼ਹਿਰ ਬਠਿੰਡਾ ਤੱਕ ਆਪਣੀ ਪਹੁੰਚ ਵਧਾਉਣ ’ਤੇ ਮਾਣ ਹੈ।

ਕੰਪਨੀ ਦੇ ਸੀਈਓ ਹਰਪ੍ਰੀਤ ਸਿੰਘ ਨੇ ਕਿਹਾ, ÷ਦਿੱਲੀ ਤੋਂ ਬਾਅਦ, ਪੰਜਾਬ ਸਟੈਲੇਟੋਜ਼ ਲਈ ਸਹੀ ਜਗ੍ਹਾ ਜਾਪਦਾ ਸੀ।÷ ÷ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਤੋਂ ਭਰਵੇਂ ਹੁੰਗਾਰੇ ਨਾਲ, ਅਸੀਂ ਆਪਣੇ ਬ੍ਰਾਂਡ ਨੂੰ ਬਠਿੰਡਾ ਵਿੱਚ ਲੈ ਕੇ ਬਹੁਤ ਖੁਸ਼ ਹਾਂ।

2004 ਵਿੱਚ ਰਾਜੌਰੀ ਗਾਰਡਨ, ਦਿੱਲੀ ਵਿੱਚ ਪਹਿਲੇ ਸਟੋਰ ਦੇ ਨਾਲ ਇਸਦੀ ਸ਼ੁਰੂਆਤ ਤੋਂ ਬਾਅਦ, ਸਟੈਲੇਟੋਜ਼ ਵਿੱਚ ਕਾਫ਼ੀ ਵਾਧਾ ਹੋਇਆ ਹੈ। ਇੱਕ ਪਰਿਵਾਰਕ ਫੁਟਵੀਅਰ ਬ੍ਰਾਂਡ ਦੇ ਰੂਪ ਵਿੱਚ ਸ਼ੁਰੂ ਹੋਇਆ, ਕਰੋਲ ਬਾਗ, ਲਾਜਪਤ ਨਗਰ, ਕਮਲਾ ਨਗਰ, ਸਰੋਜਨੀ ਨਗਰ, ਅਤੇ ਰਾਣੀ ਬਾਗ ਸਮੇਤ, ਦਿੱਲੀ ਦੇ ਸਭ ਤੋਂ ਪ੍ਰਸਿੱਧ ਬਾਜ਼ਾਰਾਂ ਵਿੱਚ ਕਈ ਸਟੋਰਾਂ ਦੇ ਨਾਲ ਇੱਕ ਪ੍ਰਚੂਨ ਪਾਵਰਹਾਊਸ ਵਿੱਚ ਫੈਲ ਗਿਆ ਹੈ। ਸਟੈਲੇਟੋਜ਼ ਪੂਰੇ ਪਰਿਵਾਰ ਲਈ ਉੱਚ-ਗੁਣਵੱਤਾ, ਫੈਸ਼ਨੇਬਲ ਜੁੱਤੀਆਂ ਦਾ ਸਮਾਨਾਰਥੀ ਬਣ ਗਿਆ ਹੈ.

2024 ਤੱਕ, Stelatoes ਪੂਰੇ ਭਾਰਤ ਵਿੱਚ 26 ਸਟੋਰਾਂ ਦਾ ਸੰਚਾਲਨ ਕਰਦਾ ਹੈ, ਜਿਸ ਵਿੱਚ ਦਿੱਲੀ NCR, ਲਖਨਊ, ਕਾਨਪੁਰ, ਮੁੰਬਈ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਚੰਡੀਗੜ੍ਹ, ਇੰਦੌਰ ਅਤੇ ਦੇਹਰਾਦੂਨ ਦੇ ਸਥਾਨ ਸ਼ਾਮਲ ਹਨ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀਂ ਛੇਤੀ ਹੀ ਚਾਂਦਨੀ ਚੌਕ-ਦਿ ਹਾਰਟ ਆਫ ਦਿੱਲੀ ਵਿਖੇ ਹਾਜ਼ਰ ਹੋਵਾਂਗੇ। ਹਰੇਕ ਸਟੋਰ 6000+ SKUs ਦੇ ਇੱਕ ਵਿਸ਼ਾਲ ਸੰਗ੍ਰਹਿ ਦਾ ਮਾਣ ਕਰਦਾ ਹੈ, ਜਿਸ ਵਿੱਚ ਹਫ਼ਤਾਵਾਰੀ 50 ਤੋਂ ਵੱਧ ਨਵੇਂ ਡਿਜ਼ਾਈਨ ਸ਼ਾਮਲ ਕੀਤੇ ਜਾਂਦੇ ਹਨ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਗਾਹਕਾਂ ਦੀ ਹਮੇਸ਼ਾਂ ਨਵੀਨਤਮ ਜੁੱਤੀਆਂ ਦੇ ਰੁਝਾਨਾਂ ਤੱਕ ਪਹੁੰਚ ਹੁੰਦੀ ਹੈ।

ਵਰਗੇ ਪ੍ਰਮੁੱਖ ਗਲੋਬਲ ਬ੍ਰਾਂਡਾਂ ਦੀ ਪੇਸ਼ਕਸ਼ ਕਰਨ ਤੋਂ ਇਲਾਵਾ, Stelatoes ਨੇ ਨਿਯਮਤ ਅਤੇ ਪ੍ਰੀਮੀਅਮ ਸੰਗ੍ਰਹਿ ਦੀ ਵਿਸ਼ੇਸ਼ਤਾ ਵਾਲੇ ਆਪਣੇ ਅੰਦਰੂਨੀ ਪੁਰਸ਼ਾਂ ਦੇ ਜੁੱਤੇ ਬ੍ਰਾਂਡ ਨੂੰ ਵੀ ਪੇਸ਼ ਕੀਤਾ ਹੈ।

ਪਠਾਨਕੋਟ ਵਿੱਚ ਇਹ ਨਵੀਨਤਮ ਸਟੋਰ ਲਾਂਚ ਸਟੈਲੇਟੋਜ਼ ਦੀ ਸ਼ਾਨਦਾਰ ਯਾਤਰਾ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹੈ। ਬੁਲਾਰੇ ਨੇ ਅੱਗੇ ਕਿਹਾ, ÷ਆਰ ਐਂਡ ਡੀ, ਤਰੱਕੀਆਂ, ਵਿੱਤ ਅਤੇ ਵਿਕਰੀ ਵਿੱਚ ਸਾਡੀਆਂ ਟੀਮਾਂ ਦੀ ਸਖ਼ਤ ਮਿਹਨਤ ਲਈ ਧੰਨਵਾਦ, ਸਟੈਲੇਟੋਜ਼ ਲਗਾਤਾਰ ਵਧਦਾ ਜਾ ਰਿਹਾ ਹੈ,÷ ਬੁਲਾਰੇ ਨੇ ਅੱਗੇ ਕਿਹਾ। ਸੰਸਥਾਪਕ ਸ਼੍ਰੀ ਸੰਜੇ ਅਰੋੜਾ ਅਤੇ ਸ਼੍ਰੀ ਸਚਿਨ ਅਰੋੜਾ ਭਾਰਤੀ ਫੁਟਵੀਅਰ ਮਾਰਕੀਟ ਵਿੱਚ ਸਟੀਲੇਟੋਜ਼ ਨੂੰ ਇੱਕ ਨੇਤਾ ਦੇ ਰੂਪ ਵਿੱਚ ਸਥਾਪਿਤ ਕਰਨ ਲਈ ਵਚਨਬੱਧ ਹਨ।

ਸਟੈਲਾਟੋਜ ਬਠਿੰਡਾ ਦੇ ਲੋਕਾਂ ਨੂੰ ਹਰ ਮੌਕੇ ਲਈ ਜੁੱਤੀਆਂ ਦੀ ਵਿਸ਼ਾਲ ਚੋਣ ਦੇ ਨਾਲ ਬੇਮਿਸਾਲ ਆਰਾਮ, ਸ਼ੈਲੀ ਅਤੇ ਵਿਭਿੰਨਤਾ ਦਾ ਅਨੁਭਵ ਕਰਨ ਲਈ ਸੱਦਾ ਦਿੰਦਾ ਹੈ। ਇਸ ਰੋਮਾਂਚਕ ਯਾਤਰਾ ਸਟੈਲਾਟੋਜ ਵਿੱਚ ਸ਼ਾਮਲ ਹੋਵੋ ਅਤੇ ਜਾਣੋ ਕਿ ਕਿਹੜੀ ਚੀਜ਼ ਇਸ ਨੂੰ ਭਾਰਤ ਦੇ ਸਭ ਤੋਂ ਪਿਆਰੇ ਫੁੱਟਵੀਅਰ ਬ੍ਰਾਂਡਾਂ ਵਿੱਚੋਂ ਇੱਕ ਬਣਾਉਂਦਾ ਹੈ।

# ‘ਪੰਜਾਬ ਬੰਦ’ ਨੂੰ ਸ.ਫਲ ਬਣਾਉਣ ਲਈ ਕਿਸਾਨ ਜਥੇਬੰਦੀਆਂ ਵੱਲੋਂ ਲਾਮਬੰਦੀ

**ਪਟਿਆਲਾ, 30 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਗਰੂਰ ਬਲਾਕ ਦੇ ਪਿੰਡਾਂ ’ਚ ਭਾਕਿਯੂ ਏਕਤਾ ਆਜ਼ਾਦ ਦੀ ਟੀਮ ਲੋਕਾਂ ਨੂੰ ਲਾਮਬੰਦ ਕਰਦੀ ਹੋਈ।

ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ 30 ਦਸੰਬਰ ਨੂੰ ਪੰਜਾਬ ਬੰਦ ਦੇ ਦਿੱਤੇ ਸੱਦੇ ਨੂੰ ਸਫ਼ਲ ਬਣਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਸੰਗਰੂਰ ਬਲਾਕ ਟੀਮ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਹਰ ਵਰਗ ਅਤੇ ਹਰ ਕਿੱਤੇ ਨਾਲ ਸਬੰਧਤ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਅਤੇ ਸਹਿਯੋਗ ਦੀ ਮੰਗ ਕੀਤੀ ਗਈ। ਭਾਕਿਯੂ ਏਕਤਾ ਆਜ਼ਾਦ ਦੇ ਜ਼ਿਲ੍ਹਾ ਕਾਰਜਕਾਰੀ ਕਨਵੀਨਰ ਕੁਲਵਿੰਦਰ ਸਿੰਘ ਸੋਨੀ ਲੌਂਗੋਵਾਲ ਨੇ ਦੱਸਿਆ ਕਿ ਸੰਗਰੂਰ ਬਲਾਕ ਦੀ ਟੀਮ ’ਚ ਸ਼ਾਮਲ ਕਿਸਾਨ ਆਗੂ ਹਰਦੇਵ ਸਿੰਘ ਕੁਲਾਰ, ਗੁਰਪ੍ਰੀਤ ਸਿੰਘ ਕੁਲਾਰਾਂ, ਬਲਦੇਵ ਸਿੰਘ ਮੰਗਵਾਲ ਤੇ ਮਹਿੰਦਰ ਸਿੰਘ ਮੰਗਵਾਲ ਨੇ ਪਿੰਡ ਉਪਲੀ, ਤੁੰਗਾਂ, ਕੁਲਾਰ ਖੁਰਦ, ਥਲੇਸਾਂ, ਮੰਗਵਾਲ, ਘਾਬਦਾਂ, ਭਿੰਡਰਾਂ, ਬਾਲੀਆਂ ਅਤੇ ਗੱਗੜਪੁਰ ਵਿੱਚ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਲੋਕਾਂ, ਬੀਬੀਆਂ ਅਤੇ ਨੌਜਵਾਨਾਂ ਨੂੰ ਮਿਲ ਕੇ ਕਿਸਾਨੀ ਮੋਰਚੇ ਸਬੰਧੀ ਜਾਗਰੂਕ ਕੀਤਾ ਗਿਆ। ਕਿਸਾਨ ਆਗੂਆਂ ਨੇ ਦੱਸਿਆ ਕਿ ਸ਼ੰਭੂ ਅਤੇ ਖਨੌਰੀ ਬਾਰਡਰ ’ਤੇ ਜਿੱਥੇ ਕਿਸਾਨੀ ਮੋਰਚੇ ਚੱਲ ਰਹੇ ਹਨ, ਉੱਥੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਕਿਸਾਨੀ ਮੰਗਾਂ ਮਨਵਾਉਣ ਲਈ ਮਰਨ ਵਰਤ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਅੜੀਅਲ ਰਵੱਈਆ ਅਖਤਿਆਰ ਕੀਤਾ ਹੋਇਆ ਹੈ ਪਰੰਤੂ ਕਿਸਾਨੀ ਮੋਰਚੇ ਪੂਰੀ ਚੜ੍ਹਦੀ ਕਲਾ ਵਿੱਚ ਹਨ ਅਤੇ ਕਿਸਾਨੀ ਮੋਰਚਿਆਂ ’ਤੇ ਡਟੇ ਕਿਸਾਨਾਂ ਦੇ ਹੌਸਲੇ ਬੁਲੰਦ ਹਨ। ਦੋਵੇਂ ਫੋਰਮਾਂ ਵੱਲੋਂ ਸੰਘਰਸ਼ ਤੇਜ਼ ਕਰਨ ਲਈ ਲਗਾਤਾਰ ਪ੍ਰੋਗਰਾਮ ਦਿੱਤੇ ਜਾ ਰਹੇ ਹਨ ਜਿਸ ਤਹਿਤ ‘ਪੰਜਾਬ ਬੰਦ’ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਹਰ ਵਰਗ ਦੇ ਲੋਕਾਂ ਨੂੰ ਅਪੀਲ ਕੀਤੀ ਕਿ 30 ਦਸੰਬਰ ਨੂੰ ਆਪਣੇ ਸਮੁੱਚੇ ਕਾਰੋਬਾਰ ਮੁਕੰਮਲ ਤੌਰ ’ਤੇ ਬੰਦ ਕਰ ਕੇ ‘ਪੰਜਾਬ ਬੰਦ’ ਸਫ਼ਲ ਬਣਾਇਆ ਜਾਵੇ। ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੇ 30 ਤਰੀਕ ਦੇ ਬੰਦ ਦੇ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਬਲਾਕ ਸੰਗਰੂਰ ਦੀ ਟੀਮ ਵੱਲੋਂ ਸੰਗਰੂਰ ਬਲਾਕ ਦੇ ਪਿੰਡਾਂ ਮੰਡੇਰ ਕਲਾਂ, ਲੋਹਾਖੇੜਾ, ਦਿਆਲਗੜ੍ਹ, ਪਿੰਡੀ ਕੇਹਰ ਸਿੰਘ ਵਾਲੀ, ਮੰਡੇਰ ਖੁਰਦ, ਦੁੱਲਟ ਵਾਲਾ, ਲੌਂਗੋਵਾਲ, ਕਿਲ੍ਹਾ ਭਰੀਆਂ ਵਿੱਚ ਬੰਦ ਦੇ ਸੱਦੇ ਨੂੰ ਲਾਗੂ ਕਰਨ ਲਈ ਸਮੁੱਚੇ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰ ਤੇ ਨੌਜਵਾਨਾਂ ਦੀ ਲਾਮਬੰਦੀ ਕੀਤੀ ਗਈ। ਅੱਜ ਦੇ ਲਾਮਬੰਦੀ ਪ੍ਰੋਗਰਾਮ ਵਿੱਚ ਸ਼ਿੰਦਰ ਬਡਰੁੱਖਾਂ, ਸੁਖਦੇਵ ਕਿਲ੍ਹਾ ਭਰੀਆਂ, ਬਲਜਿੰਦਰ ਲੌਂਗੋਵਾਲ ਤੇ ਕਰਨੈਲ ਸਿੰਘ ਲੌਂਗੋਵਾਲ ਨੇ ਸੰਬੋਧਨ ਕੀਤਾ।

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ‘ਪੰਜਾਬ ਬੰਦ’ ਨੂੰ ਸਫ਼ਲ ਬਣਾਉਣ ਲਈ ਪਿੰਡਾਂ ’ਚ ਰੈਲੀਆਂ ਮੀਟਿੰਗਾਂ ਜ਼ਰੀਏ ਲਾਮਬੰਦ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਸ਼ੰਭੂ, ਖਨੌਰੀ ਰਤਨਪੁਰਾ ਬਾਰਡਰਾਂ ’ਤੇ ਚੱਲ ਰਿਹਾ ਮੋਰਚਾ ਹੁਣ ਜਨ ਅੰਦੋਲਨ ਬਣ ਚੁੱਕਾ ਹੈ। ਕਿਸਾਨੀ ਮੰਗਾਂ ਲਈ ਜੂਝ ਰਹੇ ਜਗਜੀਤ ਸਿੰਘ ਡੱਲੇਵਾਲ ਭਾਵੇਂ ਮਰਨ ਵਰਤ ਕਾਰਨ ਕਮਜ਼ੋਰ ਹੋ ਚੁੱਕੇ ਹਨ ਪਰ ਮਾਨਸਿਕ ਤੌਰ ’ਤੇ ਉਹ ਅੱਜ ਵੀ ਪੂਰੇ ਹੌਸਲੇ ਵਿੱਚ ਹਨ।

ਆਗੂਆਂ ਨੇ ‘ਪੰਜਾਬ ਬੰਦ’ ਨੂੰ ਸਫ਼ਲ ਬਣਾਉਣ ਦੀ ਅਪੀਲ ਕਰਦਿਆਂ ਕਿਸਾਨੀ ਮੰਗਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣ ਦਾ ਸੱਦਾ ਵੀ ਦਿੱਤਾ। ਇਸ ਮੌਕੇ ਸੰਤ ਰਾਮ ਛਾਜਲੀ, ਜਸਵੀਰ ਸਿੰਘ ਮੈਦੇਵਾਸ, ਬੂਟਾ ਸਿੰਘ ਝਾੜੋਂ ਅਤੇ ਸਤਿਗੁਰ ਸਿੰਘ ਨਮੋਲ ਮੌਜੂਦ ਸਨ।

# ਅਯੁੱਧਿਆ 'ਚ ਹੋਟਲ ਬੁੱਕ, ਮੰਦਰ ਟਰੱਸਟ ਨੇ ਵਧਾਇਆ ਰਾਮ ਲੱਲਾ ਦੇ ਦਰਸ਼ਨਾਂ ਦਾ ਸਮਾਂ

**ਏਜੰਸੀਆਂ**

ਅਯੁੱਧਿਆ 30 ਦਸੰਬਰ। ਨਵੇਂ ਸਾਲ ਦੀ ਆਮਦ ਦੇ ਨਾਲ ਹੀ ਭਗਵਾਨ ਸ੍ਰੀ ਰਾਮ ਲੱਲਾ ਦੀ ਜਨਮ ਭੂਮੀ ਅਯੁੱਧਿਆ 'ਚ ਆਉਣ ਵਾਲੇ ਸਰਧਾਲੂਆਂ ਅਤੇ ਸੈਲਾਨੀਆਂ ਲਈ ਜ਼ਿਲ੍ਹਾ ਹੈੱਡਕੁਆਰਟਰ ਦੇ ਲਗਭਗ ਸਾਰੇ ਹੋਟਲ ਬੁੱਕ ਹੋ ਗਏ ਹਨ। ਇਸ ਦੌਰਾਨ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਨੇ ਰਾਮ ਮੰਦਰ ਦੇ ਦਰਸਨਾਂ ਦਾ ਸਮਾਂ ਵਧਾ ਦਿੱਤਾ ਹੈ ਅਤੇ ਸੰਭਾਵਿਤ ਭੀੜ ਦੇ ਪ੍ਰਬੰਧਨ ਲਈ ਵਿਆਪਕ ਪ੍ਰਬੰਧ ਕੀਤੇ ਹਨ। ਅਯੁੱਧਿਆ ਦੇ ਇਕ ਸਥਾਨਕ ਹੋਟਲ ਦੇ ਮਾਲਕ ਅੰਕਿਤ ਮਿਸਰਾ ਨੇ ਕਿਹਾ ਕਿ ਅਸੀਂ ਸਰਧਾਲੂਆਂ ਦਾ ਇਸ ਨਵੇਂ ਸਾਲ ਦਾ ਸਵਾਗਤ ਕਰਨ ਲਈ ਉਤਸੁਕ ਹਾਂ। ਸਾਡੇ ਸਾਰੇ ਕਮਰੇ 15 ਜਨਵਰੀ ਤੱਕ ਬੁੱਕ ਹੋ ਚੁੱਕੇ ਹਨ। ਦੱਸ ਦੇਈਏ ਕਿ ਇਸ ਸਾਲ 22 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਮੰਦਰ 'ਚ ਰਾਮ ਲੱਲਾ ਦੀ ਪ੍ਰਾਨ ਪ੍ਰਤਿਸ਼ਠਾ ਕੀਤਾ ਗਈ ਸੀ। ਭੀੜ ਪ੍ਰਬੰਧਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਬਾਰੇ ਅਯੁੱਧਿਆ ਦੇ ਸੀਨੀਅਰ ਪੁਲਸ ਸੁਪਰਡੈਂਟ ਰਾਜਕਰਨ ਨਈਅਰ ਨੇ ਕਿਹਾ ਕਿ ਰਾਮ ਮੰਦਰ, ਹਨੂੰਮਾਨਗੜ੍ਹੀ, ਲਤਾ ਚੌਕ, ਗੁਪਤਾ ਘਾਟ, ਸੂਰਜਕੁੰਡ ਅਤੇ ਹੋਰ ਪ੍ਰਸਿੱਧ ਸਥਾਨਾਂ 'ਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਮੰਦਰ ਟਰੱਸਟ ਨੇ ਵੀ ਵਧਦੀ ਭੀੜ ਨੂੰ ਸੰਭਾਲਣ ਲਈ ਵਿਆਪਕ ਤਿਆਰੀਆਂ ਕੀਤੀਆਂ ਹਨ। ਖਾਸ ਤੌਰ 'ਤੇ 30 ਦਸੰਬਰ ਤੋਂ ਜਨਵਰੀ ਦੇ ਪਹਿਲੇ ਦੋ ਹਫਤਿਆਂ ਵਿਚਕਾਰ। ਸਰਕਾਰ ਨੇ ਕਿਹਾ ਕਿ ਪਿਛਲੇ ਸਾਲ ਜਨਵਰੀ 'ਚ ਸਾਨਦਾਰ ਰਾਮ ਮੰਦਰ ਦੇ ਉਦਘਾਟਨ ਤੋਂ ਬਾਅਦ ਉੱਤਰ ਪ੍ਰਦੇਸ 'ਚ 6 ਮਹੀਨਿਆਂ ਦੇ ਅੰਦਰ ਲਗਭਗ 11 ਕਰੋੜ ਸੈਲਾਨੀਆਂ ਦੀ ਆਮਦ ਹੋਈ। ਸਰਕਾਰ ਨੇ ਕਿਹਾ ਕਿ ਸਿਰਫ ਜਨਵਰੀ 'ਚ ਰਿਕਾਰਡ ਤੋੜ 7 ਕਰੋੜ ਸੈਲਾਨੀਆਂ ਨੇ ਮੰਦਰ 'ਚ ਦਰਸ਼ਨਾਂ ਲਈ ਆਏ, ਜੋ ਇਕ ਮਹੀਨੇ ਵਿਚ ਕਿਸੇ ਵੀ ਸਥਾਨ 'ਤੇ ਆਉਣ ਵਾਲੇ ਸ਼ਰਧਾਲੂਆਂ ਦੀ ਸਭ ਤੋਂ ਵੱਧ ਗਿਣਤੀ ਹੈ।



# ਟਾਂਡਾ ਵਿਖੇ ਮਾਰਕਿਟ ਵਿਚ ਧੜੱਲੇ ਨਾਲ ਵਿਕ ਰਹੀ ਚਾਈਨਾ ਡੋਰ

**ਸਰਦੂਲ ਸਿੰਘ**

ਟਾਂਡਾ ਉੜਮੁੜ 30 ਦਸੰਬਰ। ਪੰਜਾਬ ਭਰ ਵਿੱਚ ਚਾਈਨਾ ਡੋਰ 'ਤੇ ਪਾਬੰਦੀ ਲੱਗਣ ਦੇ ਬਾਵਜੂਦ ਹਰ ਸਾਲ ਸਰੇਆਮ ਇਹ ਡੋਰ ਵਿਕ ਰਹੀ ਹੈ ਅਤੇ ਇਸ ਚਾਈਨਾ ਡੋਰ ਕਾਰਨ ਕਈ ਹਾਦਸੇ ਵਾਪਰ ਚੁੱਕੇ ਹਨ, ਜਿਸ ਵਿੱਚ ਕਈ ਜਖਮੀ ਹੋ ਗਏ ਹਨ ਅਤੇ ਕਈ ਹਾਦਸੇ ਜਾਨਲੇਵਾ ਸਾਬਤ ਹੋ ਚੁੱਕੇ ਹਨ ਪਰ ਅੱਜ ਤੱਕ ਪੁਲਸ ਪ੍ਰਸਾਸਨ ਇਸ ਪਾਬੰਦੀਸੁਦਾ ਚਾਈਨਾ ਡੋਰ ਵੇਚਣ ਵਾਲਿਆਂ 'ਤੇ ਲਗਾਮ ਨਹੀਂ ਲਗਾ ਸਕੀ, ਜਿਸ ਕਾਰਨ ਪੁਲਸ ਪ੍ਰਸਾਸਨ ਦੀ ਨਾਕਾਮੀ 'ਤੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ ਲੱਗ ਰਹੇ ਹਨ। ਕੀ ਇਹ ਚਾਈਨਾ ਡੋਰ ਅਧਿਕਾਰੀਆਂ ਦੀ ਮਿਲੀ ਭਗਤ ਨਾਲ ਵਿਕ ਰਹੀ ਹੈ ਜਾਂ ਫਿਰ ਵੇਚਣ ਵਾਲਿਆਂ ਨੂੰ ਪ੍ਰਸਾਸਨ ਦਾ ਕੋਈ ਖੌਫ ਨਹੀਂ। ਇਸ ਸਬੰਧੀ ਸਹਿਰ ਦੇ ਕਈ ਸਖਸੀਅਤਾਂ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੇ ਆਪਣੇ ਵਿਚਾਰ ਪੇਸ ਕੀਤੇ। ਇਸ ਸਬੰਧ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਚਾਈਨਾ ਡੋਰ ਵੇਚਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਹੋਈ ਹੈ ਅਤੇ ਇਸ ਤੇ ਅਮਲ ਕਰਨ ਲਈ ਜ਼ਿਲ੍ਹਾ ਪ੍ਰਸਾਸਨ ਵੱਲੋਂ ਸਮੇਂ-ਸਮੇਂ ਤੇ ਹਦਾਇਤਾਂ ਵੀ ਜਾਰੀ ਹੁੰਦੀਆਂ ਰਹਿੰਦੀਆਂ ਹਨ ਪਰ ਇਸ ਦੇ ਬਾਵਜੂਦ ਵਾਧੂ ਕਮਾਈ ਕਰਨ ਦੀ ਲਾਲਸਾ ਵਿੱਚ ਦੁਕਾਨਦਾਰ ਆਪਣੇ ਇਸ ਧੰਦੇ ਨੂੰ ਬੇਖੌਫ ਹੋ ਕੇ ਚਲਾ ਰਹੇ ਹਨ, ਜਿਸ 'ਤੇ ਪੁਲਸ ਪ੍ਰਸਾਸਨ ਨਕੇਲ ਪਾਉਣ ਵਿੱਚ ਨਾਕਾਮ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਚਾਈਨਾ ਡੋਰ ਨੂੰ ਖਰੀਦਣ ਲਈ ਜੇਕਰ ਬੱਚਿਆਂ ਨੂੰ ਦੁਕਾਨਾਂ ਦਾ ਪਤਾ ਹੁੰਦਾ ਹੈ ਤਾਂ ਪੁਲਸ ਪ੍ਰਸਾਸਨ ਨੂੰ ਇਨ੍ਹਾਂ ਦੁਕਾਨਦਾਰਾਂ ਬਾਰੇ ਜਾਣਕਾਰੀ ਕਿਉਂ ਨਹੀਂ ਹੈ, ਜੇਕਰ ਸਭ ਪਤਾ ਹੈ ਤਾਂ ਫਿਰ ਕਿਸ ਮਜਬੂਰੀ ਵਿੱਚ ਉਹ ਇਸ ਚਾਈਨਾ ਡੋਰ ਨੂੰ ਵੇਚਣ ਤੇ ਰੋਕ ਕਿਉਂ ਨਹੀਂ ਲਗਾ ਪਾ ਰਹੇ। ਸਨਾਤਨ ਧਰਮ ਸਭਾ ਅਹਿਆਪੁਰ ਦੇ ਪ੍ਰਧਾਨ ਨਿਖਲੇਸ ਜਸਰਾ ਨੈਨੂੰ ਨੇ ਕਿਹਾ ਕਿ ਜਦ ਵੀ ਕੋਈ ਪਤੰਗ ਕੱਟ ਜਾਂਦੀ ਹੈ ਤਾਂ ਉਸ ਦੀ ਡੋਰ ਜਮੀਨ ਵੱਲ ਹੀ ਆਉਂਦੀ ਹੈ ਤਾਂ ਕਈ ਵਾਰ ਉਸ ਰਸਤੇ ਤੋਂ ਗੁਜਰ ਰਹੇ ਦੋ ਪਹੀਆਂ ਵਾਹਨ ਚਾਲਕਾਂ ਦੇ ਗਲੇ ਵਿੱਚ ਇਹ ਚਾਈਨਾ ਡੋਰ ਫਸ ਜਾਂਦੀ ਹੈ, ਜਿਸ ਕਾਰਨ ਜਿੱਥੇ ਵਾਹਨ ਚਾਲਕ ਗੰਭੀਰ ਜਖਮੀ ਹੋ ਜਾਂਦੇ ਹਨ, ਉੱਥੇ ਹੀ ਜਾਨ ਜਾਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਕਈ ਘਟਨਾਵਾਂ ਪਹਿਲਾਂ ਵੀ ਹੋ ਚੁੱਕੀਆਂ ਹਨ ਅਤੇ ਹੁਣ ਲੋਹੜੀ ਅਤੇ ਬਸੰਤ ਪੰਚਮੀ ਦੇ ਤਿਉਹਾਰ ਦੇ ਦਿਨਾਂ ਵਿੱਚ ਜੇਕਰ ਜਲਦ ਇਸ ਚਾਈਨਾ ਡੋਰ ਦੇ ਵੇਚਣ 'ਤੇ ਰੋਕ ਨਾ ਲਗਾਈ ਗਈ ਤਾਂ ਅਜਿਹੀਆਂ ਘਟਨਾਵਾਂ ਵਿੱਚ ਹੋਰ ਵਾਧਾ ਹੋ ਸਕਦਾ ਹੈ। ਵਿਜਨ ਆਊਟ ਫਿਟ ਦੇ ਐੱਮ. ਡੀ. ਸਮਾਜ ਸੇਵੀ ਵਿਵੇਕ ਵਿਜਨ ਨੇ ਕਿਹਾ ਕਿ ਜ਼ਿਲ੍ਹਾ ਡਿਪਟੀ ਕਮਿਸਨਰ ਵੱਲੋਂ ਹਰ ਸਾਲ ਚਾਈਨਾ ਡੋਰ ਨਾ ਵੇਚਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ਪਰ ਉਨ੍ਹਾਂ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਕਈ ਦੁਕਾਨਦਾਰ ਧੜੱਲੇ ਨਾਲ ਇਸ ਚਾਈਨਾ ਡੋਰ ਨੂੰ ਬੇਖੌਫ ਹੋ ਕੇ ਵੇਚ ਰਹੇ ਹਨ ਪਰ ਸਾਇਦ ਉਹ ਇਹ ਜਾਣਦੇ ਕਿ ਪਤੰਗ ਕੱਟਣ ਤੋਂ ਬਾਅਦ ਕੱਲ ਨੂੰ ਇਹ ਡੋਰ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਦੇ ਗਲੇ ਵਿੱਚ ਵੀ ਫਸ ਸਕਦੀ ਹੈ ਇਸ ਲਈ ਇਹ ਧੰਦਾ ਕਰ ਰਹੇ ਦੁਕਾਨਦਾਰਾਂ ਨੂੰ ਵੀ ਇਸ ਚਾਈਨਾ ਡੋਰ ਨੂੰ ਵੇਚਣ 'ਤੇ ਲੱਗੀ ਪਾਬੰਦੀ ਦੀ ਪਾਲਣਾ ਜਰੂਰ ਕਰਨੀ ਚਾਹੀਦੀ ਹੈ। ਕੇ. ਵੀ. ਵੈਡਿੰਗ ਪਲੈਨਰ ਦੇ ਐਮ.ਡੀ ਗਣੇਸ ਵੈਦ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪੁਲਸ ਪ੍ਰਸਾਸਨ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਟਾਂਡਾ ਸਹਿਰ ਵਿੱਚ ਸਰੇਆਮ ਵੇਚੀ ਜਾ ਰਹੀ ਪਾਬੰਦੀਸੁਦਾ ਚਾਈਨਾ ਡੋਰ ਦੇ ਇਸ ਧੰਦੇ 'ਤੇ ਲਗਾਮ ਲਗਾਉਣ ਦੇ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ 'ਤੇ ਸ਼ਿਵ ਸੈਨਾ ਹਿੰਦੋਸਤਾਨ, ਸਹਿਰ ਦੀਆਂ ਸਾਰੀਆਂ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਟਾਂਡਾ ਸਹਿਰ ਵਿੱਚ ਰੋਸ ਪ੍ਰਦਰਸਨ ਤੇ ਸੜਕ ਜਾਮ ਲਗਾਏ ਜਾਂਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪ੍ਰਸਾਸਨ ਦੀ ਹੋਵੇਗੀ।



## ਤਾਮਿਲਨਾਡੂ ਭਾਜਪਾ ਦੇ ਪ੍ਰਧਾਨ ਨੇ ਖੁਦ ਨੂੰ ਮਾਰੇ ਕੋੜੇ

ਚੇਨਈ 30 ਦਸੰਬਰ। ਅੰਨਾ ਯੂਨੀਵਰਸਿਟੀ, ਚੇਨਈ 'ਚ ਇੰਜੀਨੀਅਰਿੰਗ ਦੀ ਇਕ ਵਿਦਿਆਰਥਣ ਨਾਲ ਜਬਰ-ਜਨਾਹ ਦੇ ਮਾਮਲੇ 'ਚ ਪੁਲਸ ਨੇ ਪੀੜਤਾ ਦੀ ਪਛਾਣ ਜਨਤਕ ਕਰ ਦਿੱਤੀ ਹੈ। ਚੇਨਈ ਦੇ ਪੁਲਸ ਕਮਿਸਨਰ ਏ. ਅਰੁਣ ਨੇ ਕਿਹਾ ਕਿ ਨੂੰ ਆਈ. ਪੀ. ਸੀ. ਤੋਂ ਬੀ. ਐੱਨ. ਐੱਸ. 'ਚ ਬਦਲਦੇ ਸਮੇਂ ਤਕਨੀਕੀ ਗੜਬੜ ਕਾਰਨ ਇਹ ਗਲਤੀ ਹੋਈ ਹੈ। ਇਸ ਕੁਤਾਹੀ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਜਲਦੀ ਹੀ ਕੇਸ ਦਰਜ ਕੀਤਾ ਜਾਵੇਗਾ। ਦੂਜੇ ਪਾਸੇ ਭਾਜਪਾ ਦੀ ਤਾਮਿਲਨਾਡੂ ਇਕਾਈ ਦੇ ਮੁਖੀ ਕੇ. ਅੰਨਾਮਲਾਈ ਨੇ ਸਥਾਨਕ ਪੁਲਸ ਦੇ ਰਵੱਈਏ ਨੂੰ ਲੈ ਕੇ ਆਪਣੇ ਆਪ ਨੂੰ ਕੋੜੇ ਮਾਰੇ। ਹਰੇ ਰੰਗ ਦੀ ਧੋਤੀ ਪਹਿਨੇ ਅੰਨਾਮਲਾਈ ਨੇ ਆਪਣੀ ਰਿਹਾਇਸ ਦੇ ਸਾਹਮਣੇ ਆਪਣੀ ਪਾਰਟੀ ਦੇ ਇਕ ਵਰਕਰ ਕੋਲੋਂ ਕੋੜਾ ਲਿਆ ਅਤੇ ਆਪਣੇ ਆਪ ਨੂੰ ਕਈ ਵਾਰ ਮਾਰਿਆ। ਇਸ ਦੌਰਾਨ ਭਾਜਪਾ ਵਰਕਰ ਉਨ੍ਹਾਂ ਦੇ ਆਲੇ-ਦੁਆਲੇ ਖੜ੍ਹੇ ਸਨ। ਉਨ੍ਹਾਂ ਵਿਦਿਆਰਥਣ ਦੀ ਸ਼ਿਕਾਇਤ ਨਾਲ ਸਬੰਧਤ ਨੂੰ ਕਥਿਤ ਤੌਰ 'ਤੇ ਲੀਕ ਕਰਨ ਲਈ ਪੁਲਸ ਦੀ ਨਿੰਦਾ ਕਰਨ ਵਾਲੀਆਂ ਤਖਤੀਆਂ ਫੜੀਆਂ ਹੋਈਆਂ ਸਨ। ਅੰਨਾਮਲਾਈ ਨੇ ਪੁਲਸ 'ਤੇ ਉਕਤ ਵਿਦਿਆਰਥਣ ਦੀ ਪਛਾਣ ਜਾਣਬੁੱਝ ਕੇ ਜਨਤਕ ਕਰਨ ਦਾ ਦੋਸ ਲਾਇਆ। ਦੂਜੇ ਪਾਸੇ ਡੀ. ਐੱਮ. ਕੇ. ਦੇ ਜਥੇਬੰਦਕ ਸਕੱਤਰ ਆਰ. ਐੱਸ. ਭਾਰਤੀ ਨੇ ਅੰਨਾਮਲਾਈ ਦੇ ਐਕਸ਼ਨ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਉਨ੍ਹਾਂ ਦਾ ਵਿਰੋਧ ਮਜਾਕ ਬਣ ਗਿਆ ਹੈ। ਭਾਰਤੀ ਨੇ ਚੇਨਈ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਸੱਕ ਹੈ ਕਿ ਭਾਜਪਾ ਇਸ ਕੋੜੇ ਮਾਰਨ ਵਾਲੇ ਅੰਦੋਲਨ ਨੂੰ ਪਰਵਾਨ ਕਰੇਗੀ। ਉਨ੍ਹਾਂ ਮਜਾਕ ਵਿਚ ਕਿਹਾ ਕਿ ਸਾਇਦ ਕਿਸੇ ਜੋਤਸੀ ਨੇ ਅੰਨਾਮਲਾਈ ਨੂੰ 'ਭਾਜਪਾ ਵਿਚ ਉੱਚਾ ਅਹੁਦਾ ਹਾਸਲ ਕਰਨ ਲਈ' ਇਹ ਉਪਾਅ ਕਰਨ ਲਈ ਕਿਹਾ ਹੋਵੇਗਾ।



## ਦਰਦਨਾਕ ਹਾਦਸਾ; ਕਰੇਨ ਡਿੱਗਣ ਨਾਲ ਦੋ ਮਜਦੂਰਾਂ ਦੀ ਮੌਤ

ਰਾਏਪੁਰ , 30 ਦਸੰਬਰ। ਛੱਤੀਸਗੜ੍ਹ ਦੇ ਰਾਏਪੁਰ ਦੇ ਸਿਲਤਾਰਾ ਸਥਿਤ ਹਿੰਦੁਸਤਾਨ ਕੋਇਲ ਲਿਮਟਿਡ ਫੈਕਟਰੀ 'ਚ ਕਰੇਨ ਡਿੱਗਣ ਕਾਰਨ ਦੋ ਮਜਦੂਰਾਂ ਦੀ ਮੌਤ ਹੋ ਗਈ। ਕਰੇਨ ਡਿੱਗਣ ਨਾਲ ਆਪਰੇਟਰ ਜਤਿੰਦਰ ਸ੍ਰੀਵਾਸ ਅਤੇ ਸੋਨੂੰ ਰਾਏ ਹਜਾਰਾਂ ਟਨ ਲੋਹੇ ਦੇ ਹੇਠਾਂ ਦੱਬ ਗਏ। ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਇਹ ਘਟਨਾ ਹਿੰਦੁਸਤਾਨ ਕੋਇਲਜ ਲਿਮਟਿਡ ਨਾਂ ਦੀ ਫੈਕਟਰੀ 'ਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਬੀਤੀ ਰਾਤ ਵਾਪਰਿਆ। ਘਟਨਾ ਤੋਂ ਬਾਅਦ ਬਚਾਅ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਪੁਲਸ ਪ੍ਰਸਾਸਨ ਨੇ ਮਲਬਾ ਹਟਾਉਣਾ ਸੁਰੂ ਕਰ ਦਿੱਤਾ। ਇਸ ਦੌਰਾਨ ਘਟਨਾ ਨੂੰ ਲੈ ਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਤੇ ਫੈਕਟਰੀ ਕਰਮੀਆਂ ਨੇ ਹੰਗਾਮਾ ਕਰਨਾ ਸੁਰੂ ਕਰ ਦਿੱਤਾ। ਪਰਿਵਾਰਕ ਮੈਂਬਰਾਂ ਦਾ ਦੋਸ ਹੈ ਕਿ ਉਨ੍ਹਾਂ ਨੂੰ ਪ੍ਰਬੰਧਕਾਂ ਵੱਲੋਂ ਦੋਵਾਂ ਦੀ ਮੌਤ ਬਾਰੇ ਸੂਚਿਤ ਨਹੀਂ ਕੀਤਾ ਗਿਆ ਪਰ ਸਾਥੀ ਮੁਲਾਜਮਾਂ ਨੇ ਉਨ੍ਹਾਂ ਨੂੰ ਹਾਦਸੇ ਬਾਰੇ ਪਰਿਵਾਰਕ ਮੈਂਬਰਾਂ ਦਾ ਦੋਸ ਹੈ ਕਿ ਉਨ੍ਹਾਂ ਨੂੰ ਪ੍ਰਬੰਧਕਾਂ ਵੱਲੋਂ ਦੋਵਾਂ ਦੀ ਮੌਤ ਬਾਰੇ ਸੂਚਿਤ ਨਹੀਂ ਕੀਤਾ ਗਿਆ ਪਰ ਸਾਥੀ ਮੁਲਾਜਮਾਂ ਨੇ ਉਨ੍ਹਾਂ ਜਾਣਕਾਰੀ ਦਿੱਤੀ। ਰਾਤ 2 ਵਜੇ ਤੱਕ ਪਰਿਵਾਰਾਂ ਨੂੰ ਮ੍ਰਿਤਕਾਂ ਨੂੰ ਵੇਖਣ ਨਹੀਂ ਦਿੱਤਾ ਗਿਆ। ਦੇਰ ਰਾਤ ਤੱਕ ਪੁਲਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਫੈਕਟਰੀ ਮੁਲਾਜਮਾਂ ਦੇ ਨਾਲ ਮੌਕੇ 'ਤੇ ਮਲਬਾ ਹਟਾਉਣ ਵਿਚ ਜੁੱਟੀਆਂ ਸਨ। ਸਿਟੀ ਦੇ ਅਮਨ ਝਾਅ ਨੇ ਕਿਹਾ ਕਿ ਹਾਦਸੇ ਦੇ ਪਿੱਛੇ ਦਾ ਕਾਰਨ ਜਾਂਚ ਦਾ ਵਿਸਾ ਹੈ। ਦੋ ਲੋਕਾਂ ਦੀ ਮੌਤ ਹੋ ਗਈ ਹੈ। ਪੁਲਸ ਨੇ ਫੈਕਟਰੀ ਪ੍ਰਬੰਧਨ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

# ਮਹਾਕੁੰਭ ਲਈ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਚੱਲੇਗੀ ਸਪੈਸ਼ਲ ਫਲਾਈਟ

**ਕਿਸ਼ਨ ਪਾਲ**

ਚੰਡੀਗੜ੍ਹ 30 ਦਸੰਬਰ। ਭਾਰਤੀ ਸੰਸਕ੍ਰਿਤੀ ਤੇ ਅਧਿਆਤਮਿਕਤਾ ਦੇ ਸੰਗਮ ਦੀਆਂ ਧਾਰਾਵਾਂ 'ਚ ਹੋਣ ਵਾਲੇ ਮਹਾਕੁੰਭ ਲਈ ਹਵਾਈ ਅੱਡਾ ਅਥਾਰਟੀ ਵੱਡੀ ਸਹੂਲਤ ਦੇਣ ਦੀ ਤਿਆਰੀ ਕਰ ਰਿਹਾ ਹੈ। ਇਸ ਨਾਲ ਪੰਜਾਬ, ਹਿਮਾਚਲ, ਹਰਿਆਣਾ ਤੇ ਚੰਡੀਗੜ੍ਹ ਦੇ ਲੋਕਾਂ ਨੂੰ ਕਾਫੀ ਫਾਇਦਾ ਮਿਲੇਗਾ। 15 ਤੋਂ 17 ਘੰਟਿਆਂ ਦਾ ਸਫਰ ਕੁੱਝ ਹੀ ਘੰਟੇ 'ਚ ਤੈਅ ਹੋ ਜਾਵੇਗਾ ਅਤੇ ਧਾਰਮਿਕ ਯਾਤਰਾ ਦਾ ਵੀ ਅਲੱਗ ਤੋਂ ਆਨੰਦ ਮਿਲੇਗਾ। ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਜਨਵਰੀ 'ਚ ਸਪੈਸ਼ਲ ਏ.ਟੀ.ਆਰ.-72 ਸੀਟਰ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਲਾਇੰਸ ਏਅਰ ਨੇ 72 ਸੀਟਰ ਉਡਾਣ ਚਲਾਉਣ ਲਈ ਅਥਾਰਟੀ ਕੋਲ ਇੱਛਾ ਪ੍ਰਗਟਾਈ ਹੈ, ਜਿਸ ਲਈ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਏਅਰਲਾਈਨ ਵੱਲੋਂ ਯਾਤਰੀਆਂ ਦੀ ਗਿਣਤੀ ਨੂੰ ਲੈ ਕੇ ਸਰਵੇਖਣ ਕਰਵਾਇਆ ਗਿਆ ਹੈ, ਜਿਸ ਵਿਚ ਟ੍ਰਾਈਸਿਟੀ ਦੇ ਲੋਕਾਂ ਨੇ ਦਿਲਚਸਪੀ ਦਿਖਾਈ ਹੈ। ਇਹ ਫਲਾਈਟ ਚੰਡੀਗੜ੍ਹ ਤੋਂ ਬਮਰੌਲੀ ਏਅਰਪੋਰਟ ਤੱਕ ਜਾਵੇਗੀ ਅਤੇ ਉੱਥੋਂ ਸੰਗਮ ਦੀ ਦੂਰੀ ਕਰੀਬ 20 ਕਿਲੋਮੀਟਰ ਹੈ। ਪ੍ਰਯਾਗਰਾਜ 'ਚ ਮਹਾਕੁੰਭ 13 ਜਨਵਰੀ ਤੋਂ ਸ਼ੁਰੂ ਹੋਵੇਗਾ ਅਤੇ ਹਾਲੇ 18 ਦਿਨ ਬਾਕੀ ਹਨ ਪਰ ਸ਼ਰਧਾਲੂਆਂ ਦੇ ਹਵਾਈ ਅੱਡਾ ਇਨਕੁਆਇਰੀ 'ਚ ਰੋਜ਼ਾਨਾ ਪ੍ਰਯਾਗਰਾਜ ਦੀ ਫਲਾਈਟਾਂ ਨੂੰ ਲੈ ਕੇ ਕਰੀਬ 20 ਤੋਂ ਵੱਧ ਫੋਨ ਆ ਰਹੇ ਹਨ। ਇਸ ਸਬੰਧੀ ਏਅਰਪੋਰਟ ਅਥਾਰਟੀ ਨੇ ਏਅਰਲਾਈਨ ਨਾਲ ਮੀਟਿੰਗ ਕੀਤੀ, ਜਿਸ 'ਚ ਅਲਾਇੰਸ ਏਅਰ ਨੇ 72 ਸੀਟਰ ਫਲਾਈਟਾਂ ਚਲਾਉਣ ਦੀ ਇੱਛਾ ਪ੍ਰਗਟਾਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਪੈਸ਼ਲ ਫਲਾਈਟਾਂ ਦੇ ਸੰਚਾਲਨ ਲਈ ਜ਼ਿਆਦਾ ਲੰਬਾ ਪ੍ਰੋਸੈੱਸ ਨਹੀਂ ਹੁੰਦਾ, ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਏਅਰਲਾਈਨ ਜਲਦ ਹੀ ਬੁਕਿੰਗ ਸ਼ੁਰੂ ਕਰੇਗਾ। ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਸੀ. ਈ. ਓ. ਅਜੈ ਵਰਮਾ ਨੇ ਕਿਹਾ ਕਿ ਉੱਤਰੀ ਖੇਤਰ 'ਚ ਸਿਰਫ਼ ਦਿੱਲੀ ਤੋਂ 3 ਉਡਾਣਾਂ ਪ੍ਰਯਾਗਰਾਜ ਲਈ ਚਲਾਈਆਂ ਜਾਂਦੀਆਂ ਹਨ, ਜਦੋਂ ਕਿ ਚੰਡੀਗੜ੍ਹ, ਜੰਮੂ ਤੇ ਕਸ਼ਮੀਰ, ਅੰਮ੍ਰਿਤਸਰ, ਧਰਮਸ਼ਾਲਾ, ਸ਼ਿਮਲਾ ਤੇ ਹਿਸਾਰ ਹਵਾਈ ਅੱਡੇ ਤੋਂ ਕੋਈ ਵੀ ਫਲਾਈਟ ਪ੍ਰਯਾਗਰਾਜ ਲਈ ਨਹੀਂ ਹੈ। ਜੇ ਚੰਡੀਗੜ੍ਹ ਤੋਂ ਪ੍ਰਯਾਗਰਾਜ ਲਈ ਫਲਾਈਟਾਂ ਚੱਲਦੀਆਂ ਹਨ ਤਾਂ ਪੂਰੇ ਉੱਤਰ ਖੇਤਰ ਲਈ ਫਾਇਦਾ ਹੋਵੇਗਾ। ਹਾਲੇ ਦਿੱਲੀ ਤੋਂ ਇੰਡੀਗੋ ਦੀ ਇਕ ਫਲਾਈਟ ਤੇ ਅਲਾਇੰਸ ਏਅਰ ਦੀ ਏ.ਟੀ.ਆਰ.-72 ਸੀਟਰ ਦੋ ਫਲਾਈਟਾਂ ਚਲਾਈਆਂ ਜਾ ਰਹੀਆਂ ਹਨ। ਮੀਟਿੰਗ 'ਚ ਅਲਾਇੰਸ ਏਅਰ ਨੇ ਮਹਾਕੁੰਭ ਦੇ ਮੌਕੇ 'ਤੇ ਏ. ਟੀ. ਆਰ.-72 ਸੀਟਰ ਸਪੈਸ਼ਲ ਉਡਾਣਾ ਚਲਾਉਣ ਦੀ ਇੱਛਾ ਪ੍ਰਗਟਾਈ ਹੈ। ਉਮੀਦ ਹੈ ਕਿ ਬੁਕਿੰਗ ਨਵੇਂ ਸਾਲ 'ਤੇ ਸ਼ੁਰੂ ਹੋ ਜਾਵੇਗੀ।



## ਗੋਭੀ ਦੇ ਪੱਤੇ ਤੋੜ ਕੇ ਖਾਣ ਨਾਲ ਬੱਚੀ ਦੀ ਮੌਤ, ਕਿਵੇਂ ਲੈ ਲਈ ਪੱਤਾ ਗੋਭੀ ਨੇ ਜਾਨ?

ਨਵੀਂ ਦਿੱਲੀ 30 ਦਸੰਬਰ। ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਗੋਭੀ ਖਾਣ ਨਾਲ ਕੁੜੀ ਦੀ ਮੌਤ ਹੋ ਜਾਵੇਗੀ ਪਰ ਰਾਜਸਥਾਨ ਦੇ ਗੰਗਾਨਗਰ ਵਿਚ ਗੋਭੀ ਖਾਣ ਨਾਲ 14 ਸਾਲ ਦੀ ਹੋਨਹਾਰ ਲੜਕੀ ਦੀ ਮੌਤ ਹੋ ਗਈ। ਇਸ ਘਟਨਾ ਨਾਲ ਪੂਰਾ ਇਲਾਕਾ ਸਦਮੇ 'ਚ ਹੈ। 18 ਦਸੰਬਰ ਨੂੰ ਉਹ ਆਪਣੇ ਖੇਤ 'ਚ ਸੈਰ ਕਰਨ ਗਈ ਅਤੇ ਉੱਥੇ ਉਸ ਨੇ ਗੋਭੀ ਦੇ ਕੁਝ ਪੱਤੇ ਤੋੜ ਕੇ ਖਾ ਲਏ। ਆਮ ਤੌਰ 'ਤੇ ਗੋਭੀ ਦਾ ਕੋਈ ਨੁਕਸਾਨ ਨਹੀਂ ਹੁੰਦਾ। ਬਰਗਰ, ਨੂਡਲਸ ਵਰਗੀਆਂ ਚੀਜਾਂ 'ਚ ਵੀ ਪੱਤਾ ਗੋਭੀ ਸਾਮਲ ਹੁੰਦੀ ਹੈ ਅਤੇ ਲੱਖਾਂ ਲੋਕ ਇਸ ਨੂੰ ਖਾਂਦੇ ਹਨ। ਸਾਇਦ ਇਹੀ ਸੋਚ ਕੇ ਕੁੜੀ ਨੇ ਪੱਤਾ ਗੋਭੀ ਦੇ ਕੁਝ ਪੱਤੇ ਖਾ ਲਏ। ਉਸ ਨੂੰ ਘੱਟ ਹੀ ਪਤਾ ਸੀ ਕਿ ਇਹ ਉਸ ਦੀ ਜ਼ਿੰਦਗੀ ਦਾ ਆਖਰੀ ਪਲ ਸਾਬਤ ਹੋਵੇਗਾ। ਘਰ ਆ ਕੇ ਲੜਕੀ ਬੇਹੋਸ ਹੋਣ ਲੱਗੀ। ਉਸ ਨੇ ਆਪਣੇ ਮਾਪਿਆਂ ਨੂੰ ਦੱਸਿਆ ਕਿ ਉਸ ਨੇ ਗੋਭੀ ਖਾਧੀ ਹੈ। ਉਸ ਦੀ ਹਾਲਤ ਵਿਗੜਦੀ ਦੇਖ ਕੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਪਰ 7 ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ ਕੁੜੀ ਦੀ ਮੌਤ ਹੋ ਗਈ। ਦਰਅਸਲ, ਇਹ ਗੋਭੀ ਲੜਕੀ ਲਈ ਕਾਲ ਬਣ ਗਈ ਕਿਉਂਕਿ ਉਸ ਦੇ ਚਾਚੇ ਨੇ ਉਸੇ ਖੇਤ 'ਚ ਕੀਟਨਾਸਕ ਦਾ ਛਿੜਕਾਅ ਕੀਤਾ ਸੀ, ਜਿਸ 'ਚ ਉਸ ਨੇ ਗੋਭੀ ਖਾਧੀ ਸੀ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਲੜਕੀ ਨੇ ਉਸੇ ਦਿਨ ਗੋਭੀ ਖਾਧੀ ਸੀ, ਜਿਸ ਦਿਨ ਗੋਭੀ 'ਤੇ ਕੀਟਨਾਸਕਾਂ ਦਾ ਛਿੜਕਾਅ ਕੀਤਾ ਗਿਆ ਸੀ। ਗੋਭੀ ਬਹੁਤ ਜਹਿਰੀਲੀ ਸੀ ਅਤੇ ਇਸ ਨਾਲ ਸਰੀਰ 'ਚ ਜਹਿਰ ਪੈਦਾ ਹੋ ਗਿਆ ਸੀ। ਇਹ ਇੱਕ ਹਕੀਕਤ ਹੈ ਕਿ ਭਾਵੇਂ ਸਬਜੀਆਂ ਹੋਣ ਜਾਂ ਅਨਾਜ, ਉਨ੍ਹਾਂ 'ਚੋਂ ਜ਼ਿਆਦਾਤਰ 'ਚ ਕੀਟਨਾਸਕ ਹੁੰਦੇ ਹਨ। ਜੇਕਰ ਇਨ੍ਹਾਂ ਕੀਟਨਾਸਕਾਂ ਨੂੰ ਪਾਣੀ 'ਚ ਧੋ ਕੇ ਸਹੀ ਢੰਗ ਨਾਲ ਨਾ ਹਟਾਇਆ ਜਾਵੇ ਤਾਂ ਇਨ੍ਹਾਂ ਦੇ ਘਾਤਕ ਮਾੜੇ ਪ੍ਰਭਾਵ ਹੋ ਸਕਦੇ ਹਨ। ਸਭ ਤੋਂ ਪਹਿਲਾਂ, ਜੇਕਰ ਪੱਤੇਦਾਰ ਸਬਜੀਆਂ ਨੂੰ ਧੋਣ ਤੋਂ ਬਾਅਦ ਥੋੜ੍ਹੀ ਜਿਹੀ ਕੀਟਨਾਸਕ ਦੀ ਮਾਤਰਾ ਬਚ ਜਾਵੇ, ਤਾਂ ਇਸ ਨਾਲ ਉਲਟੀਆਂ, ਢਿੱਡ 'ਚ ਛਾਲੇ ਅਤੇ ਦਸਤ ਵਰਗੀਆਂ ਪਾਚਨ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਕਾਰਨ ਢਿੱਡ ਦਾ ਸਾਰਾ ਸਿਸਟਮ ਖਰਾਬ ਹੋ ਸਕਦਾ ਹੈ। ਜੇਕਰ ਕੀਟਨਾਸਕਾਂ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ ਤਾਂ ਇਸ ਨਾਲ ਸਿਰ ਦਰਦ, ਚੱਕਰ ਆਉਣਾ ਅਤੇ ਘਬਰਾਹਟ ਵਰਗੀਆਂ ਨਿਊਰੋਲੋਜੀਕਲ ਸਮੱਸਿਆਵਾਂ ਵੀ ਹੋ ਸਕਦੀਆਂ ਹਨ।

## 2 ਨੌਜਵਾਨਾਂ ਤੋਂ 960 ਨਸ਼ੀਲੇ ਕੈਪਸੂਲ ਤੇ ਨਸ਼ੀਲਾ ਪਦਾਰਥ ਕੀਤਾ ਬਰਾਮਦ

ਦਸੂਹਾ 30 ਦਸੰਬਰ। ਦਸੂਹਾ ਪੁਲਸ ਨੇ ਨਸ਼ਿਆਂ ਵਿਰੁੱਧ ਮੁਹਿਮ ਚਲਾਈ ਹੋਈ ਹੈ। ਇਸ ਸਬੰਧੀ ਥਾਣਾ ਮੁਖੀ ਦਸੂਹਾ ਇੰਸਪੈਕਟਰ ਪ੍ਰਭਜੋਤ ਕੌਰ ਨੇ ਦੱਸਿਆ ਕਿ ਏ. ਐੱਸ. ਆਈ. ਸਰਬਜੀਤ ਸਿੰਘ ਪੁਲਸ ਪਾਰਟੀ ਸਮੇਤ ਦਸੂਹਾ ਸ਼ਹਿਰ ਵਿੱਚ ਗਸ਼ਤ 'ਤੇ ਸਨ। ਗਸ਼ਤ ਦੌਰਾਨ 2 ਨੌਜਵਾਨ ਸਕੂਟਰੀ 'ਤੇ ਆਉਂਦੇ ਵਿਖਾਈ ਦਿੱਤੇ, ਜਿਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਦੇ ਕਬਜੇ ਵਿੱਚੋਂ 960 ਨਸ਼ੀਲੇ ਕੈਪਸੂਲ ਅਤੇ 47 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ। ਇਹ ਨਸ਼ੀਲਾ ਪਦਾਰਥ ਉਨ੍ਹਾਂ ਨੇ ਇਕ ਮੋਮੀ ਲਿਫਾਫੇ ਵਿੱਚ ਰੱਖਿਆ ਹੋਇਆ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਜਾਂਚ ਅਧਿਕਾਰੀ ਏ. ਐੱਸ. ਆਈ. ਸਰਬਜੀਤ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਦੀ ਪਛਾਣ ਕਰਮਦੀਪ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਧਰਮਪੁਰਾ ਦਸੂਹਾ ਅਤੇ ਰਘੂ ਪੁੱਤਰ ਨਰੇਸ਼ ਕੁਮਾਰ ਨਿਵਾਸੀ ਕੈਥਾਂ ਵਜੋਂ ਕੀਤੀ ਗਈ ਅਤੇ ਇਨ੍ਹਾਂ ਵਿਰੁੱਧ ਐੱਨ. ਡੀ. ਪੀ. ਐੱਸ. ਐਕਟ ਅਧੀਨ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

## ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਬਾਹਰ ਕੱਢਿਆ

ਫਿਰੋਜ਼ਪੁਰ 30 ਦਸੰਬਰ। ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਅਤੇ ਕੁੱਟਮਾਰ ਕਰਕੇ ਘਰੋਂ ਬਾਹਰ ਕੱਢਣ ਦੇ ਦੋਸ਼ 'ਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ 7 ਮੈਂਬਰਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਰੁਪਿੰਦਰ ਕੌਰ ਪੁੱਤਰੀ ਸੁਰਿੰਦਰ ਸਿੰਘ ਧਵਨ ਵਾਸੀ ਆਦਰਸ਼ ਨਗਰ ਗੁਰੂਹਰਸਹਾਏ ਨੇ ਦੱਸਿਆ ਕਿ ਉਸ ਦੇ ਮਾਪਿਆਂ ਨੇ ਉਸ ਦਾ ਵਿਆਹ 8 ਦਸੰਬਰ 2022 ਨੂੰ ਦੋਸ਼ੀ ਅਜੇ ਕੁਮਾਰ ਪੁੱਤਰ ਹਰੀ ਚੰਦ ਵਧਵਾ ਨਾਲ ਰੀਤੀ-ਰਿਵਾਜਾਂ ਨਾਲ ਕੀਤਾ ਸੀ। ਵਿਆਹੁਤਾ ਨੇ ਦੱਸਿਆ ਕਿ ਉਸ ਦੇ ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ-ਦਹੇਜ ਦਿੱਤਾ ਸੀ ਪਰ ਉਸ ਦਾ ਪਤੀ ਇਸ ਦਾਜ-ਦਹੇਜ ਤੋਂ ਖੁਸ਼ ਨਹੀਂ ਸੀ। ਵਿਆਹੁਤਾ ਨੇ ਦੱਸਿਆ ਕਿ ਦੋਸ਼ੀਅਨ ਅਜੇ ਕੁਮਾਰ, ਹਰੀ ਚੰਦ ਵਧਵਾ ਪੁੱਤਰ ਕ੍ਰਿਸ਼ਨਾ ਰਾਮ, ਆਸ਼ਾ ਰਾਣੀ ਪਤਨੀ ਹਰੀ ਚੰਦ ਵਧਵਾ, ਰਜਤ ਵਧਵਾ ਪੁੱਤਰ ਹਰੀ ਚੰਦ ਵਧਵਾ, ਪ੍ਰੀਆ ਪਤਨੀ ਰਜਤ ਵਧਵਾ ਵਾਸੀਅਨ ਜ਼ਿਲ੍ਹਾ ਫਤਿਆਬਾਦ (ਹਰਿਆਣਾ), ਗੀਤਾ ਪਤਨੀ ਸੰਜੇ, ਸੰਜੇ ਪੁੱਤਰ ਨਰਾਇਣ ਦਾਸ ਵਾਸੀ ਸਿਰਸਾ (ਹਰਿਆਣਾ) ਉਸ ਕੋਲੋਂ ਹੋਰ ਦਾਜ-ਦਹੇਜ ਦੀ ਮੰਗ ਕਰਦੇ ਹਨ ਤੇ ਉਸ ਵੱਲੋਂ ਇਨਕਾਰ ਕਰਨ 'ਤੇ ਦੋਸ਼ੀਅਨ ਨੇ ਉਸ ਦੀ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਜਾਂਚ ਕਰਤਾ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।

# ਹਲਵਾਰਾ ਤੋਂ ਏਅਰਲਾਈਨ ਨੂੰ ਚਲਾਉਣ ਲਈ ਬੋਲੀ ਦੀ ਪ੍ਰਕਿਰਿਆ ਜਲਦੀ ਸ਼ੁਰੂ ਹੋਵੇਗੀ: ਮੰਤਰੀ ਰਵਨੀਤ ਸਿੰਘ

**ਏਜੰਸੀਆਂ**

ਲੁਧਿਆਣਾ 30 ਦਸੰਬਰ। ਕੇਂਦਰੀ ਰੇਲ ਰਾਜ ਮੰਤਰੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਵਨੀਤ ਸਿੰਘ ਬਿੱਟੂ ਨੇ ਐਲਾਨ ਕੀਤਾ ਹੈ ਕਿ ਹਲਵਾਰਾ ਅੰਤਰਰਾਸਟਰੀ ਹਵਾਈ ਅੱਡੇ ਤੋਂ ਯਾਤਰੀ ਹਵਾਈ ਸੇਵਾਵਾਂ ਨੂੰ ਚਲਾਉਣ ਲਈ ਬੋਲੀ ਦੀ ਪ੍ਰਕਿਰਿਆ ਜਲਦੀ ਸੁਰੂ ਹੋ ਜਾਵੇਗੀ। ਸਟੇਕਹੋਲਡਰਾਂ ਨਾਲ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੌਰਾਨ, ਰਵਨੀਤ ਬਿੱਟੂ ਨੇ ਕਿਹਾ ਕਿ ਹਲਵਾਰਾ ਤੋਂ ਵਪਾਰਕ ਉਡਾਣਾਂ ਛੇ ਮਹੀਨਿਆਂ ਦੇ ਅੰਦਰ ਸੁਰੂ ਹੋਣ ਦੀ ਉਮੀਦ ਹੈ ਅਤੇ ਸਹਿਰੀ ਹਵਾਬਾਜੀ ਮੰਤਰਾਲਾ ਜਲਦੀ ਹੀ ਪ੍ਰਕਿਰਿਆ ਸੁਰੂ ਕਰਨ ਜਾ ਰਿਹਾ ਹੈ। ਉਨ੍ਹਾਂ ਇਸ ਮਾਮਲੇ ਨੂੰ ਜਲਦੀ ਹੱਲ ਕਰਨ ਲਈ ਕੇਂਦਰੀ ਸਹਿਰੀ ਹਵਾਬਾਜੀ ਮੰਤਰੀ ਦੇ ਨਿੱਜੀ ਦਖਲ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਏਅਰ ਫੋਰਸ, ਏਅਰਪੋਰਟ ਅਥਾਰਟੀ ਅਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨਾਲ ਹਵਾਈ ਅੱਡੇ ਦਾ ਮੁਆਇਨਾ ਕਰਨ ਤੋਂ ਬਾਅਦ ਪੁਸਟੀ ਕੀਤੀ ਕਿ ਟਰਮੀਨਲ ਦੀ ਇਮਾਰਤ ਦਾ ਨਿਰਮਾਣ ਫਰਵਰੀ 2025 ਤੱਕ ਮੁਕੰਮਲ ਕਰ ਲਿਆ ਜਾਵੇਗਾ। ਸਾਰੇ ਹਿੱਸੇਦਾਰਾਂ ਨੇ ਇਸ ਡੈੱਡਲਾਈਨ ਦੀ ਪਾਲਣਾ ਕਰਨ ਲਈ ਵਚਨਬੱਧ ਕੀਤਾ ਹੈ। ਚਾਰਦੀਵਾਰੀਆਂ, ਟੈਕਸੀਵੇਅ ਅਤੇ ਰਨਵੇਅ ਸਮੇਤ ਮੁੱਖ ਬੁਨਿਆਦੀ ਢਾਂਚੇ ਦੇ ਕੰਮ ਚੰਗੀ ਤਰ੍ਹਾਂ ਚੱਲ ਰਹੇ ਹਨ। ਸੁਰੱਖਿਆ ਉਪਕਰਨਾਂ ਦੀ ਸਥਾਪਨਾ ਅਤੇ ਅੰਤਿਮ ਸੁਰੱਖਿਆ ਜਾਂਚ ਜਨਵਰੀ 2025 ਲਈ ਤਹਿ ਕੀਤੀਆਂ ਗਈਆਂ ਹਨ। ਨਾਲ ਹੀ ਏਅਰਲਾਈਨ ਆਪਰੇਟਰ ਦੀ ਪਛਾਣ ਕਰਨ ਦੀ ਪ੍ਰਕਿਰਿਆ ਵੀ ਸੁਰੂ ਕੀਤੀ ਜਾਵੇਗੀ। ਇੱਕ ਵਾਰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ, ਮੁੱਖ ਟਰਮੀਨਲ ਦੀ ਇਮਾਰਤ 'ਤੇ 500 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਉਸਾਰੀ ਦਾ ਕੰਮ ਸੁਰੂ ਹੋ ਜਾਵੇਗਾ। ਉਦੋਂ ਤੱਕ ਹਵਾਈ ਅੱਡਾ ਅੰਤਰਿਮ ਟਰਮੀਨਲ ਤੋਂ ਚੱਲੇਗਾ। ਨਿਰਵਿਘਨ ਸੰਪਰਕ ਨੂੰ ਯਕੀਨੀ ਬਣਾਉਣ ਲਈ ਰਵਨੀਤ ਬਿੱਟੂ ਨੇ ਰਾਸਟਰੀ ਰਾਜਮਾਰਗ ਤੋਂ ਹਵਾਈ ਅੱਡੇ ਤੱਕ ਸਿੱਧੀ ਪਹੁੰਚ ਵਾਲੀ ਸੜਕ ਬਣਾਉਣ ਲਈ ਨੈਸਨਲ ਹਾਈਵੇਅ ਅਥਾਰਟੀ ਆਫ ਇੰਡੀਆ () ਨਾਲ ਸੰਪਰਕ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਹਲਵਾਰਾ ਹਵਾਈ ਅੱਡੇ ਦੀ ਰਣਨੀਤਕ ਮਹੱਤਤਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਨੇ ਪੰਜਾਬ ਵਿੱਚ ਇਸ ਦੇ ਕੇਂਦਰੀ ਸਥਾਨ ਦਾ ਜ਼ਿਕਰ ਕੀਤਾ। ਇਹ ਹਵਾਈ ਅੱਡਾ ਸਿਰਫ ਲੁਧਿਆਣਾ ਹੀ ਨਹੀਂ ਸਗੋਂ ਪੂਰੇ ਮਾਲਵਾ ਅਤੇ ਦੋਆਬਾ ਖੇਤਰ ਲਈ ਵੀ ਸੇਵਾ ਕਰੇਗਾ, ਜਿਸ ਨਾਲ ਦੇਸ ਭਰ ਵਿੱਚ ਅਤੇ ਅੰਤਰਰਾਸਟਰੀ ਪੱਧਰ 'ਤੇ ਵਪਾਰ ਅਤੇ ਯਾਤਰੀ ਸੰਪਰਕ ਨੂੰ ਹੁਲਾਰਾ ਮਿਲੇਗਾ। ਇਸ ਤੋਂ ਇਲਾਵਾ ਇਕ ਵੱਡਾ ਕਾਰਗੋ ਟਰਮੀਨਲ ਵਿਕਸਤ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਕਾਰੋਬਾਰਾਂ, ਵਪਾਰੀਆਂ ਅਤੇ ਉਦਯੋਗਾਂ ਨੂੰ ਮਹੱਤਵਪੂਰਨ ਹੁਲਾਰਾ ਮਿਲੇਗਾ। ਮੰਤਰੀ ਦੇ ਨਾਲ ਮਾਲਵਿੰਦਰ ਸਿੰਘ ਜੱਗੀ ਸਹਿਰੀ ਹਵਾਬਾਜੀ ਸਕੱਤਰ ਪੰਜਾਬ ਸਰਕਾਰ, ਐੱਸ. ਗੁਪਤਾ, ਜਨਰਲ ਮੈਨੇਜਰ, ਏ. ਏ. ਆਈ. ਪੰਕਜ ਕੁਮਾਰ, ਐੱਲ. ਆਈ. ਏ. ਐੱਲ. ਦੇ ਸੀ. ਈ. ਓ, ਏਅਰਫੋਰਸ ਹਲਵਾਰਾ ਦੇ ਐੱਸ. ਪੀ. ਸਿਨਹਾ ਅਤੇ ਲੋਕ ਨਿਰਮਾਣ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਸਾਮਲ ਸਨ।



# ਸਭ ਤੋਂ ਪਹਿਲਾਂ ਮੇਅਰ ਦੀ ਚੋਣ ਜਲੰਧਰ 'ਚ ਹੋਵੇਗੀ, ਲਗਭਗ ਨਾਂ ਫਾਈਨਲ

**ਏਜੰਸੀਆਂ**

ਜਲੰਧਰ 30 ਦਸੰਬਰ। ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਹਾਲ ਹੀ ਵਿਚ ਪੰਜਾਬ ਦੇ 5 ਨਗਰ ਨਿਗਮਾਂ ਦੀਆਂ ਚੋਣਾਂ ਮੁਕੰਮਲ ਹੋਈਆਂ ਹਨ। ਇਨ੍ਹਾਂ ਚੋਣਾਂ ਦੌਰਾਨ ਸਿਰਫ ਇਕ ਨਗਰ ਨਿਗਮ ਵਿਚ ਆਮ ਆਦਮੀ ਪਾਰਟੀ ਸਪੱਸ਼ਟ ਬਹੁਮਤ ਪ੍ਰਾਪਤ ਕਰ ਸਕੀ ਸੀ, ਜਿਸ ਕਾਰਨ ਬਾਕੀ 4 ਨਗਰ ਨਿਗਮਾਂ ਵਿਚ ਬਹੁਮਤ ਪ੍ਰਾਪਤ ਕਰਨ ਲਈ ਜੋੜ-ਤੋੜ ਅਤੇ ਚੁੱਕ-ਥੱਲ ਦਾ ਸਿਲਸਿਲਾ ਚੱਲਦਾ ਰਿਹਾ। ਜਲੰਧਰ ਵਿਚ ਆਜਾਦ ਅਤੇ ਵੱਖ-ਵੱਖ ਪਾਰਟੀਆਂ ਤੋਂ ਜਿੱਤੇ ਨਵ-ਨਿਯੁਕਤ 6 ਕੌਂਸਲਰਾਂ ਨੂੰ 'ਆਪ' ਵਿਚ ਸ਼ਾਮਲ ਕਰਕੇ ਬਹੁਮਤ ਦਾ ਅੰਕੜਾ ਜੁਟਾਇਆ ਜਾ ਚੁੱਕਾ ਹੈ ਪਰ ਫਿਰ ਵੀ ਪਾਰਟੀ ਲੀਡਰਸ਼ਿਪ ਜਲਦ ਮੇਅਰ ਦੀ ਚੋਣ ਕਰਨਾ ਚਾਹ ਰਹੀ ਹੈ ਤਾਂ ਕਿ ਸੁਲਝ ਚੁੱਕੇ ਸਿਆਸੀ ਹਾਲਾਤ ਵਿਗੜ ਨਾ ਜਾਣ। ਸੱਤਾ ਧਿਰ ਦੇ ਨਿਰਦੇਸ਼ਾਂ 'ਤੇ ਪਹਿਲਾਂ ਪ੍ਰਸ਼ਾਸਨ ਨੇ 26 ਦਸੰਬਰ ਨੂੰ ਮੇਅਰ ਦੀ ਚੋਣ ਸਬੰਧੀ ਪ੍ਰੋਗਰਾਮ ਲਗਭਗ ਤੈਅ ਕਰ ਲਿਆ ਸੀ ਪਰ ਉਸ ਦੌਰਾਨ ਮੇਅਰ ਦਾ ਨਾਂ ਫਾਈਨਲ ਨਾ ਹੋਣ ਕਰਕੇ ਇਹ ਮੀਟਿੰਗ ਨਹੀਂ ਹੋ ਸਕੀ। ਪਤਾ ਲੱਗਾ ਹੈ ਕਿ ਹੁਣ ਪਾਰਟੀ ਲੀਡਰਸ਼ਿਪ ਨੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਨਾਂ ਲਗਭਗ ਫਾਈਨਲ ਕਰ ਲਏ ਹਨ, ਇਸ ਲਈ ਜਲੰਧਰ ਨਗਰ ਨਿਗਮ ਦੇ ਕੌਂਸਲਰ ਹਾਊਸ ਦੀ ਪਹਿਲੀ ਮੀਟਿੰਗ 30 ਦਸੰਬਰ ਨੂੰ ਬੁਲਾਈ ਜਾ ਸਕਦੀ ਹੈ। ਜਲੰਧਰ ਨਗਰ ਨਿਗਮ ਦੀ ਮੇਨ ਬਿਲਡਿੰਗ ਵਿਚ ਟਾਊਨ ਹਾਲ ਬਣਿਆ ਹੋਇਆ ਹੈ, ਜਿੱਥੇ ਅਕਸਰ ਕੌਂਸਲਰ ਹਾਊਸ ਦੀਆਂ ਮੀਟਿੰਗਾਂ ਹੁੰਦੀਆਂ ਰਹੀਆਂ ਹਨ ਪਰ ਇਹ ਟਾਊਨ ਹਾਲ ਕਾਫੀ ਤੰਗ ਅਤੇ ਛੋਟਾ ਹੈ, ਜਿਸ ਕਾਰਨ ਮੰਨਿਆ ਜਾ ਰਿਹਾ ਹੈ ਕਿ ਹੁਣ ਨਵੇਂ ਕੌਂਸਲਰ ਹਾਊਸ ਦੀ ਪਹਿਲੀ ਮੀਟਿੰਗ ਰੈੱਡ ਕਰਾਸ ਭਵਨ ਵਿਚ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਕੋਰੋਨਾ ਕਾਲ ਦੌਰਾਨ ਅਤੇ ਉਸ ਤੋਂ ਬਾਅਦ ਵਧੇਰੇ ਮੀਟਿੰਗਾਂ ਰੈੱਡ ਕਰਾਸ ਭਵਨ ਵਿਚ ਹੀ ਬੁਲਾਈਆਂ ਗਈਆਂ, ਜੋ ਕਾਫੀ ਸੁਵਿਧਾਜਨਕ ਰਹੀਆਂ। ਨਗਰ ਨਿਗਮ ਦੇ ਸਬੰਧਤ ਅਧਿਕਾਰੀ ਰੈੱਡ ਕਰਾਸ ਭਵਨ ਜਾ ਕੇ ਮੌਕਾ ਦੇਖ ਆਏ ਹਨ ਅਤੇ ਉਥੇ ਸਾਫ-ਸਫਾਈ ਦਾ ਕੰਮ ਵੀ ਆਰੰਭ ਕਰਵਾ ਦਿੱਤਾ ਗਿਆ ਹੈ। ਬਹੁਮਤ ਪ੍ਰਾਪਤ ਕਰਨ ਤੋਂ ਬਾਅਦ ਸੱਤਾ ਧਿਰ ਵੱਲੋਂ ਮੇਅਰ ਆਦਿ ਦੀ ਚੋਣ ਵੇਖਣ ਵਿਚ ਤਾਂ ਇਕ ਆਸਾਨ ਜਿਹੀ ਪ੍ਰਕਿਰਿਆ ਲੱਗਦੀ ਹੈ ਪਰ ਅਸਲ ਵਿਚ ਇਹ ਸਬੰਧਤ ਸਿਆਸੀ ਪਾਰਟੀ ਲਈ ਕਾਫੀ ਚੁਣੌਤੀਪੂਰਨ ਹੋਣ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਜਿਸ ਸ਼ਖਸ ਨੂੰ ਵੀ ਸ਼ਹਿਰ ਦਾ ਮੇਅਰ ਬਣਾਇਆ ਜਾਵੇਗਾ, ਉਸ ਦੇ ਸਾਹਮਣੇ ਇਕ ਨਹੀਂ, ਸਗੋਂ ਅਨੇਕ ਚੈਲੇਂਜ ਹੋਣਗੇ। ਨਵੇਂ ਮੇਅਰ ਅਤੇ ਨਵੇਂ ਕੌਂਸਲਰ ਹਾਊਸ ਨੂੰ 2027 ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਸਾਹਮਣੇ ਰੱਖ ਕੇ ਕੰਮ ਕਰਨਾ ਹੋਵੇਗਾ। ਮੰਨਿਆ ਜਾ ਰਿਹਾ ਹੈ ਕਿ 2027 ਵਿਚ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ ਉਸ ਦੀ ਨਗਰ ਨਿਗਮ ਦੀ 2 ਸਾਲ ਦੀ ਕਾਰਗੁਜਾਰੀ 'ਤੇ ਨਿਰਭਰ ਕਰੇਗੀ। ਅਜਿਹੀ ਹਾਲਤ ਵਿਚ ਨਵੇਂ ਚੁਣ ਕੇ ਆਉਣ ਵਾਲੇ ਮੇਅਰ ਨੂੰ ਫੂਕ-ਫੂਕ ਕੇ ਕਦਮ ਰੱਖਣਾ ਹੋਵੇਗਾ। ਜਲੰਧਰ ਨਗਰ ਨਿਗਮ ਵਿਚ ਯੂਨੀਅਨਾਂ ਨਾਲ ਸਬੰਧਤ ਆਗੂ ਪਿਛਲੇ ਲੰਮੇ ਸਮੇਂ ਤੋਂ ਸਫਾਈ ਕਰਮਚਾਰੀਆਂ ਦੀ ਪੱਕੀ ਭਰਤੀ ਦੀ ਮੰਗ ਕਰ ਰਹੇ ਹਨ ਪਰ ਸਰਕਾਰ ਉਸ 'ਤੇ ਫੈਸਲਾ ਨਹੀਂ ਲੈ ਪਾ ਰਹੀ। ਆਉਣ ਵਾਲੇ ਸਮੇਂ ਵਿਚ ਇਸ ਮੰਗ ਨੂੰ ਲੈ ਕੇ ਵੀ ਰੋਸ ਪੈਦਾ ਹੋ ਸਕਦਾ ਹੈ ਅਤੇ ਜੇਕਰ ਇਨ੍ਹਾਂ ਨੂੰ ਪੂਰਾ ਨਾ ਕੀਤਾ ਗਿਆ ਤਾਂ ਨਿਗਮ ਨੂੰ ਚਲਾਉਣ ਵਿਚ ਕਈ ਮੁਸ਼ਕਿਲਾਂ ਆਉਣਗੀਆਂ। ਪਿਛਲੇ ਲੰਮੇ ਸਮੇਂ ਤੋਂ ਸ਼ਹਿਰ ਦੀ ਸਫਾਈ ਵਿਵਸਥਾ ਵੀ ਲਗਾਤਾਰ ਵਿਗੜਦੀ ਚਲੀ ਜਾ ਰਹੀ ਹੈ, ਜਿਸ ਕਾਰਨ ਕਈ ਡੰਪ ਸਥਾਨਾਂ ਨੂੰ ਲੈ ਕੇ ਜਨ-ਅੰਦੋਲਨ ਤਕ ਹੋ ਰਹੇ ਹਨ। ਜਲੰਧਰ ਵਿਚ ਸਮਾਰਟ ਸਿਟੀ ਦੇ ਵਧੇਰੇ ਪ੍ਰਾਜੈਕਟਾਂ ਵਿਚ ਪਿਛਲੇ ਸਮੇਂ ਦੌਰਾਨ ਭਾਰੀ ਗੜਬੜੀ ਹੋਈ ਅਤੇ ਅਜੇ ਵੀ ਕਈ ਪ੍ਰਾਜੈਕਟ ਘਿਸੜ-ਘਿਸੜ ਕੇ ਚੱਲ ਰਹੇ ਹਨ। ਅਜਿਹੀ ਹਾਲਤ ਵਿਚ ਸਮਾਰਟ ਸਿਟੀ ਦੇ ਕੰਮ ਚਲਾਉਣ ਵਿਚ ਨਵੇਂ ਮੇਅਰ ਅਤੇ ਨਵੇਂ ਹਾਊਸ ਨੂੰ ਕਾਫੀ ਮਿਹਨਤ ਕਰਨੀ ਹੋਵੇਗੀ। ਬਾਇਓ-ਮਾਈਨਿੰਗ ਪ੍ਰਾਜੈਕਟ ਅਤੇ ਬਰਲਟਨ ਪਾਰਕ ਸਪੋਰਟਸ ਹੱਬ ਵਰਗੇ ਪ੍ਰਾਜੈਕਟ ਕਈ ਵਾਰ ਬੰਦ ਹੋਏ ਅਤੇ ਕਈ ਵਾਰ ਚਾਲੂ। ਅਜਿਹੀ ਹਾਲਤ ਵਿਚ ਉਨ੍ਹਾਂ ਵੱਲ ਪੂਰਾ ਧਿਆਨ ਕੇਂਦਰਿਤ ਕਰਨਾ ਹੋਵੇਗਾ। ਸਮਾਰਟ ਸਿਟੀ ਦੇ ਵਧੇਰੇ ਕੰਮ ਜਿਸ ਤਰ੍ਹਾਂ ਸਰਕਾਰ ਅਤੇ ਲੋਕਾਂ ਦੀਆਂ ਅੱਖਾਂ ਵਿਚ ਰੜਕ ਰਹੇ ਹਨ, ਅਜਿਹੀ ਹਾਲਤ ਵਿਚ ਸਮਾਰਟ ਸਿਟੀ ਕੰਪਨੀ ਦੇ ਅਕਸ ਨੂੰ ਸੁਧਾਰਨਾ ਵੀ ਇਕ ਚੈਲੇਂਜ ਹੋਵੇਗਾ। ਪਿਛਲੇ ਲੰਮੇ ਸਮੇਂ ਤੋਂ ਸ਼ਹਿਰ ਬੰਦ ਸੀਵਰੇਜ ਅਤੇ ਗੰਦੇ ਪਾਣੀ ਦੀ ਸਪਲਾਈ ਹੋਣ ਦੀ ਸਮੱਸਿਆ ਝੱਲ ਰਿਹਾ ਹੈ ਪਰ ਨਗਰ ਨਿਗਮ ਦੇ ਸਬੰਧਤ ਅਧਿਕਾਰੀ ਇਸ ਪਾਸੇ ਬਿਲਕੁਲ ਹੀ ਧਿਆਨ ਨਹੀਂ ਦੇ ਰਹੇ। ਇਸ ਕਾਰਨ ਨਗਰ ਨਿਗਮ ਵਿਚ ਅਕਸਰ ਧਰਨਾ-ਪ੍ਰਦਰਸ਼ਨ ਹੁੰਦੇ ਰਹਿੰਦੇ ਹਨ ਅਤੇ ਸਰਕਾਰ ਦਾ ਅਕਸ ਖਰਾਬ ਹੁੰਦਾ ਹੈ ਪਰ ਇਸਦੇ ਬਾਵਜੂਦ ਇਹ ਸਮੱਸਿਆ ਆਊਟ ਆਫ ਕੰਟਰੋਲ ਹੁੰਦੀ ਜਾ ਰਹੀ ਹੈ। ਨਗਰ ਨਿਗਮ ਦੇ ਨਵੇਂ ਮੇਅਰ ਅਤੇ ਨਵੇਂ ਹਾਊਸ ਨੂੰ ਇਸ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਸੁਧਾਰਨਾ ਹੋਵੇਗਾ, ਨਹੀਂ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਸੱਤਾ ਧਿਰ ਦੇ ਉਮੀਦਵਾਰਾਂ ਨੂੰ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ।

